ਜੂਨ 2026

# ਗੁਰਮਤਿ ਵਿਰਸਾ

# GURMAT VIRSA गुरमति विरसा

Year-7, Issue-11, June 2026, Ludhiana gurmatvirsa@gmail.com Multilingual Price 25/-



ਗੁਰਦੁਆਰਾ ਡੇਰਾ ਸਾਹਿਬ ਲਾਹੌਰ

## ਕਲਜੁਗਿ ਜਹਾਜੁ ਅਰਜਨ ਗੁਰੂ



## ਸਿੱਖ ਇਤਿਹਾਸ ਦਾ ਖੂਨੀ ਘੱਲੂਘਾਰਾ ਜੂਨ 1984



## ਬੁੰਗਾ ਰਾਮਗੜ੍ਹੀਆ

## ਸੁਰੱਖਿਆ ਅਤੇ ਸਵੈਮਾਨ ਦਾ ਪ੍ਰਤੀਕ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ




ਕੇਂਦਰ ਨਵਾਂਸ਼ਹਿਰ ਵੱਲੋਂ ਚਰਨ ਕਮਲ ਕਾਨਵੈਂਟ ਸਕੂਲ ਬੰਗਾ ਵਿਖੇ ਚਾਰ ਦਿਨਾਂ ਦਾ ਗੁਰਮਤਿ ਕੈਂਪ ਲਗਾਇਆ ਗਿਆ, ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ



ਕੇਂਦਰ ਨਵਾਂਸ਼ਹਿਰ ਵੱਲੋਂ ਸ੍ਰੀ ਗੁਰੂ ਹਰਿਰਾਏ ਪਬਲਿਕ ਸੀ.ਸੈ. ਸਕੂਲ ਮੁਕੰਦਪੁਰ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਨਵਾਂਸ਼ਹਿਰ ਵੱਲੋਂ ਸੰਤ ਬਾਬਾ ਖੇਮ ਸਿੰਘ ਪਬਲਿਕ ਸਕੂਲ ਅਲਾਚੌਰ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ




ਕੇਂਦਰ ਨਵਾਂਸ਼ਹਿਰ ਵੱਲੋਂ ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਹਾਈ ਸਕੂਲ ਬੰਗਾ ਵਿਖੇ ਚਾਰ ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਨਵਾਂਸ਼ਹਿਰ ਵੱਲੋਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਚਾਰ ਦਿਨਾਂ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਨਵਾਂਸ਼ਹਿਰ ਵੱਲੋਂ ਕੇਂਦਰ ਕਾਲੇਵਾਲ ਲੱਲੀਆਂ ਦੇ ਸਹਿਯੋਗ ਸਦਕਾ ਪਿੰਡ ਸਿੰਬਲ ਮਜਾਰਾ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਨਵਾਂਸ਼ਹਿਰ ਵੱਲੋਂ ਸਰਕਾਰੀ ਹਾਈ ਸਕੂਲ ਜਾਡਲਾ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਨਵਾਂਸ਼ਹਿਰ ਵੱਲੋਂ ਬਾਬਾ ਵਜ਼ੀਰ ਸਿੰਘ ਸੀ.ਸੈ. ਸਕੂਲ ਨਵਾਂਸ਼ਹਿਰ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਨਵਾਂਸ਼ਹਿਰ ਵੱਲੋਂ ਆਦਰਸ਼ ਬਾਲ ਵਿਦਿਆਲਿਆ ਸਕੂਲ, ਰਾਹੋਂ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ।

# ਗੁਰਮਤਿ ਵਿਰਸਾ

ਜੂਨ 2026 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਜੇਠ-ਹਾੜ੍ਹ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ 1984 — 21 ਜੇਠ (4 ਜੂਨ)
- ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — 28 ਜੇਠ (11 ਜੂਨ)
- ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਸਾਹਿਬ ਜੀ — 2 ਹਾੜ੍ਹ (16 ਜੂਨ)
- ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ — 10 ਹਾੜ੍ਹ (24 ਜੂਨ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਗੁਰੁ ਅਰਜੁਨੁ ਪਰਤਖੵ ਹਰਿ | 9 |
| ਸਿੱਖ ਇਤਿਹਾਸ ਦਾ ਖੂਨੀ ਘੱਲੂਘਾਰਾ ਜੂਨ 1984 | 12 |
| ਬੁੰਗਾ ਰਾਮਗੜ੍ਹੀਆ ਸੁਰੱਖਿਆ ਅਤੇ ਸਵੈਮਾਣ ਦਾ ਪ੍ਰਤੀਕ | 14 |
| ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ | 16 |
| ਜੰਮਣ-ਮਰਨ | 18 |
| ਕੇਸਗੜ੍ਹ ਦੀ ਦੇਣ | 19 |
| ਨੰਨੇ ਵਾਰਸ | 22 |
| ਅਜੂਨੀ- ਅਕਾਲ ਪੁਰਖ ਦਾ ਗੁਣ | 24 |
| ਭਗਤ ਰਾਮਾਨੰਦ ਜੀ ਜੀਵਨ ਅਤੇ ਬਾਣੀ ਉਪਦੇਸ਼ | 26 |
| ਮਾਲਾ | 29 |
| ਮਨ ਵਾਂਛਿਤ ਫਲ ਪਾਵੋ | 31 |
| ਕਾਵਿ ਕਿਆਰੀ | 35 |
| ਅਜੈ ਪਾਲ ਸਿੰਘ ਬੰਗਾ: ਦਸਤਾਰ ਵਾਲਾ ਉਹ ਸਿੱਖ ਜੋ... | 36 |
| Bhagat Kabir Ji | 37 |
| ਮਾਤਾ ਕ੍ਰਿਸ਼ਣ ਕੌਰ ਜੀ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ | 41 |



## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਕਲਜੁਗਿ ਜਹਾਜੁ ਅਰਜਨ ਗੁਰੂ

ਕਲਿਜੁਗ, ਪਾਪ, ਕਲ਼ਹ ਤੇ ਝਗੜਾ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਮਹਾਨ ਕੋਸ਼ ਵਿਚ ਜਹਾਜ਼ ਦੇ ਅਰਥ ਕੁਝ ਇਸ ਤਰ੍ਹਾਂ ਆਏ ਹਨ—ਜਹਾਜ਼, ਇਸ ਦੀ ਸੰਗਿਆ ਤਿਆਰੀ ਹੈ। 2. ਊਂਠ ਦਾ ਪਲਾਣ। 3. ਬੋਹਿਥਾ, ਬੇੜਾ, 4. ਸਿੱਖ ਧਰਮ।

ਮਹਾਨ ਕੋਸ਼ ਵਿਚ ਜਹਾਜ਼ ਚੜ੍ਹਨਾ ਸ਼ਬਦ ਵੀ ਆਇਆ ਹੈ ਜਿਹਾ ਕਿ ਸੰਸਾਰ ਸਾਗਰ ਨੂੰ ਤਰਣ ਲਈ ਗੁਰੂ ਨਾਨਕ ਸਾਹਿਬ ਜੀ ਦੇ ਵਿਚਾਰਾਂ ਦਾ ਧਾਰਨੀ ਹੋਣਾ ਦੂਜਾ ਖੰਡੇ ਦੀ ਪਾਹੁਲ ਲੈਣੀ (ਅੰਮ੍ਰਿਤ ਛੱਕਣਾ) ਨੂੰ ਵੀ ਜਹਾਜ਼ੇ ਚੜ੍ਹਨਾ ਕਿਹਾ ਗਿਆ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਸੇਵਾ ਤੇ ਪਰਉਪਕਾਰ ਦੇ ਮੁਜਸਮੇ ਸਨ। ਮਤਿ ਗੰਭੀਰ, ਦੂਰ ਦ੍ਰਿਸ਼ਟੀ ਵਾਲੇ, ਭਰਮ, ਵਹਿਮ ਤੇ ਭਟਕਣਾ ਨੂੰ ਦੂਰ ਕਰਨ ਵਾਲੇ ਕ੍ਰਾਂਤੀਕਾਰੀ ਰਹਿਬਰ ਸਨ।




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਜਿਸ ਤਰ੍ਹਾਂ ਦਰਿਆ ਨੂੰ ਪਾਰ ਕਰਨ ਲਈ ਬੇੜੀਆਂ ਤੇ ਸਮੁੰਦਰ ਨੂੰ ਪਾਰ ਕਰਨ ਲਈ ਵੱਡੇ ਬੇੜੇ ਦੀ ਜ਼ਰੂਰਤ ਹੁੰਦੀ ਹੈ। ਕੁਝ ਏਸੇ ਤਰ੍ਹਾਂ ਸੰਸਾਰ ਵੀ ਇਕ ਸਮੁੰਦਰ ਦੀ ਨਿਆਈਂ ਹੈ, ਜਿਸ ਵਿਚੋਂ ਤਰਨ ਲਈ ਜੀਵਨ ਜੁਗਤ ਸਮੁੰਦਰੀ ਜਹਾਜ਼ ਦੀ ਲੋੜ ਹੈ। ਸੰਸਾਰ ਰੂਪੀ ਸਮੁੰਦਰ ਵਿਕਾਰਾਂ, ਆਪਾ ਧਾਪੀ ਤੇ ਫ਼ਰਜ਼ਾਂ ਵਲੋਂ ਕਤਾਹੀ ਕਰਨ ਦੀਆਂ ਲਹਿਰਾਂ ਨਾਲ ਭਰਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਨੂੰ ਨਿਰਦਾਇਤਾ, ਕ੍ਰੋਧ, ਲਾਲਚ ਅਤੇ ਮੋਹ ਦੀ ਅਗਨੀ ਰੂਪੀ ਪਾਣੀ ਨਾਲ ਭਰੀ ਹੋਈ ਨਦੀ ਵੀ ਆਖਿਆ ਹੈ –

**ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥**
**ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥ (147)**

ਗੁਰੂ ਅਰਜਨ ਪਾਤਸ਼ਾਹ ਜੀ ਉਹ ਜਹਾਜ਼ ਹਨ ਜਿਨ੍ਹਾਂ ਨੇ ਸੰਸਾਰ ਰੂਪੀ ਸਮੁੰਦਰ ਵਿਚੋਂ ਤਰਨ ਲਈ ਭਾਵ ਜੀਵਨ ਜੁਗਤ ਨੂੰ ਸਮਝਣ ਵਾਲਾ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਗ੍ਰੰਥ ਦਿੱਤਾ। ਦੂਸਰਾ ਸੰਸਾਰ ਵਿਚ ਅਣਖੀ ਤੇ ਸਚਾਈਆਂ ਵਰਗੀਆਂ ਹਕੀਕਤਾਂ ਨੂੰ ਸਦਾ ਕਾਇਮ ਰੱਖਣ ਲਈ ਆਪਣੀ ਕੁਰਬਾਨੀ ਦੇ ਕੇ ਤਰਨ ਦੀ ਜਾਚ ਸਿਖਾਈ ਹੈ। ਸਮੁੰਦਰੀ ਜਹਾਜ਼ ਨੂੰ ਤਿਆਰ ਕਰਨ ਲਈ ਬਹੁਤ ਵਕਤ ਤੇ ਪੈਸਾ ਖਰਚ ਹੁੰਦਾ ਹੈ ਤੇ ਨਾਲ ਹੀ ਵੱਡ ਅਕਾਰੀ ਕਾਰਖਾਨਾ ਅਤੇ ਸਿਆਣੇ ਕਾਰੀਗਰਾਂ ਦੀ ਲੋੜ ਹੁੰਦੀ ਹੈ। ਸਮੁੰਦਰੀ ਜਹਾਜ਼ ਵਿਚ ਬੇਅੰਤ ਭੰਡਾਰ ਅਤੇ ਸੈਂਕੜੇ ਯਾਤਰੂ ਇਕ ਥਾਂ ਤੋਂ ਦੂਜੀ ਥਾਂ 'ਤੇ ਸੁਰੱਖਿਅਤ ਪਹੁੰਚਾਏ ਜਾਂਦੇ ਹਨ। ਸਮੁੰਦਰ ਦੀਆਂ ਅਥਾਹ ਲਹਿਰਾਂ ਤੇ ਤੂਫਾਨਾਂ ਨੂੰ ਚੀਰਦਾ ਹੋਇਆ ਸਿਆਣੇ ਕਪਤਾਨ ਦੀ ਰਾਹਨੁਮਾਈ ਹੇਠ ਆਪਣੀ ਨਿਰਧਾਰਤ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ।

ਗੁਰੂ ਅਰਜਨ ਪਾਤਸ਼ਾਹ ਜੀ ਦੇ ਸਮੇਂ ਸੰਸਾਰ ਰੂਪੀ ਸਮੁੰਦਰ ਵਿਚ ਰਾਜਸੀ ਹਾਕਮਾਂ ਦੇ ਜ਼ੁਲਮੀ ਤੂਫਾਨ, ਧਾਰਮਿਕ ਆਗੂਆਂ ਦੀ ਕੱਟੜਤਾ, ਈਰਖਾ, ਜਾਤ-ਅਭਿਮਾਨ ਦਾ ਹੰਕਾਰ, ਸਮਾਜ ਵਿਚ ਆਪਾ-ਧਾਪੀ ਦਾ ਲਾਲਚ ਗੱਲ ਕੀ ਪਰਜਾ ਦਾ ਗਿਆਨਹੀਣ ਹੋ ਕੇ ਆਪਣੇ ਹੱਕਾਂ ਨੂੰ ਭੁੱਲ ਚੁੱਕੀ ਸੀ।

ਗੁਰੂ ਅਰਜਨ ਪਾਤਸ਼ਾਹ ਜੀ ਨੇ ਸੰਸਾਰ ਰੂਪੀ ਸਮੁੰਦਰ ਵਿਚੋਂ ਤਰਨ ਲਈ ਸੱਚੇ ਮਾਰਗ 'ਤੇ ਤੁਰਨ ਲਈ ਮਨੁੱਖਾਂ 'ਤੇ ਟੇਕ ਰੱਖਣ ਦੀ ਜ਼ਰੂਰਤ ਨੂੰ ਨਿਕਾਰਦਿਆਂ ਖ਼ੁਦ ਨੂੰ ਆਪਣੀ ਤਿਆਰੀ ਆਪ ਕਰਨੀ ਚਾਹੀਦੀ ਦਾ ਵਲ਼ ਸਮਝਾਇਆ ਹੈ—

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥**
**ਦੇਵਨ ਕਉ ਏਕੈ ਭਗਵਾਨੁ ॥ (281)**

ਸੰਸਾਰ ਰੂਪੀ ਸਮੁੰਦਰ ਦੇ ਬੇੜੇ ਨੂੰ ਤਿਆਰ ਕਰਨ ਲਈ ਸੱਚ ਦੇ ਮਾਰਗ ਨੂੰ ਪਹਿਲ ਦਿੱਤੀ ਹੈ—

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ (136)**

ਪਿਤਾ ਗੁਰੂ ਰਾਮਦਾਸ ਜੀ ਤੇ ਨਾਨਾ ਗੁਰੂ ਅਮਰਦਾਸ ਜੀ ਦੇ ਤਜਰਬੇ ਵਾਲੀਆਂ ਸਾਰੀਆਂ ਖ਼ੂਬੀਆਂ ਬਾਲਕ ਅਰਜਨ ਨੂੰ ਬਚਪਨ ਵਿਚ ਹੀ ਹਾਸਲ ਹੋ ਗਈਆਂ ਸਨ। ਸਭ ਤੋਂ ਪਹਿਲੀ ਗੱਲ ਕੇ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਘਰ ਵਿਚੋਂ ਵਿਦਿਆ ਦਾ ਪੂਰਾ ਮਾਹੌਲ ਮਿਲਿਆ ਜਿਸ ਸਦਕਾ ਉਨ੍ਹਾਂ ਨੇ ਤਮਾਮ ਭਗਤਾਂ ਦੀ ਬਾਣੀ ਤੇ ਹੋਰ ਧਰਮਾਂ ਦੇ ਧਾਰਮਕ ਗ੍ਰੰਥਾਂ ਅਧਿਐਨ, ਰਾਜਨੀਤੀ ਦੀਆਂ ਗੁੰਝਲ਼ਾਂ ਤੇ ਇੰਤਜ਼ਾਮ ਵਰਗੀਆਂ ਹਕੀਕਤਾਂ ਨੂੰ ਪੂਰੀ ਤਰ੍ਹਾਂ ਸਮਝਿਆ। ਭਾਰਤ ਵਿਚ ਇਸਲਾਮੀ ਰਾਜ ਹੋਣ ਕਰਕੇ ਇਸਲਾਮ ਦੇ ਧਾਰਮਿਕ ਆਗੂਆਂ ਦੀ ਸਰਕਾਰੇ ਦਰਬਾਰੇ ਪੂਰੀ ਪੁੱਛ ਪ੍ਰਤੀਤ ਹੁੰਦੀ ਸੀ। ਇਸਲਾਮ ਧਰਮ ਦੇ ਧਾਰਮਿਕ ਆਗੂਆਂ ਦੇ ਨਾਲ ਨਾਲ ਭਾਰਤੀ ਪੂਜਾਰੀ ਨੇ ਵੀ ਆਪਣੀ ਥਾਂ 'ਤੇ ਪੂਰੀ ਤਰ੍ਹਾਂ ਲੋਕਾਂ ਨੂੰ ਕਰਮ ਕਾਂਡ ਵਿਚ ਉਲਝਾਅ ਕੇ ਰੱਖਿਆ ਹੋਇਆ ਸੀ। ਏਦਾਂ ਵੀ ਸਮਝਿਆ ਜਾ ਸਕਦਾ ਹੈ ਕਿ ਧਰਮ ਦੀਆਂ ਤਿੰਨ ਇਕਾਈਆਂ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁਕੀਆਂ ਸਨ---

**ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (662)**

ਰਾਜਸੀ ਜ਼ੁਲਮ ਦੀ ਇੰਤਾਹ, ਧਾਰਮਿਕ ਕੱਟੜਤਾ, ਵਹਿਮ ਭਰਮ, ਸਮਾਜਿਕ ਜੀਵਨ ਵਿਚ ਊਚ-ਨੀਚ, ਜਾਤ ਬ੍ਰਾਦਰੀ ਦੇ ਡੂੰਘੇ ਸਮੁੰਦਰ ਵਿਚ ਡੁੱਬਿਆ ਹੋਇਆ ਸੀ। ਭੱਟ ਮਥਰਾ ਜੀ ਗੁਰੂ ਅਰਜਨ ਪਾਤਸ਼ਾਹ ਸਬੰਧੀ ਫਰਮਾਉਂਦੇ ਹਨ ਕਿ ਇਹਨਾਂ ਨੇ ਹਰ ਖੇਤਰ ਦੇ ਅੰਧਕਾਰ ਵਿਚ ਡੁੱਬ ਰਹੇ ਸੰਸਾਰ ਨੂੰ ਸਤਿ, ਸੰਤੋਖ, ਸਹਿਜ ਤੇ ਵਿਚਾਰ ਦਾ ਬੇੜਾ ਤਿਆਰ ਕਰਕੇ ਤਰਨ ਦੀ ਜਾਚ ਸਿਖਾਈ ਹੈ--

**ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ॥**
**ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ॥**
**ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ॥**
**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ॥**
**ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ॥**
**ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥**
**(1408)**

**ਅਰਥ:** (ਗੁਰੂ ਅਰਜਨ ਸਾਹਿਬ ਜੀ ਨੇ) ਸਤ ਸੰਤੋਖ ਹਿਰਦੇ ਵਿਚ ਧਾਰਨ ਕੀਤਾ ਹੈ ਤੇ ਉਸ ਹਰੀ ਨੂੰ ਆਪਣੇ ਅੰਦਰ ਟਿਕਾਇਆ ਹੈ ਜਿਸ ਦਾ ਰੂਪ ਸਤਿ ਹੈ ਤੇ ਨਾਮ ਸਦਾ-ਥਿਰ ਹੈ। ਪਰਤੱਖ ਤੌਰ ਤੇ ਅਕਾਲ ਪੁਰਖ ਨੇ

ਧੁਰੋਂ ਹੀ ਆਪ ਦੇ ਮੱਥੇ ਤੇ ਲੇਖ ਲਿਖਿਆ ਹੈ।

(ਆਪ ਦੇ ਅੰਦਰ) ਪ੍ਰਗਟ ਤੌਰ ਤੇ (ਹਰੀ ਦੀ) ਜੋਤਿ ਜਗਮਗ ਜਗਮਗ ਕਰ ਰਹੀ ਹੈ, (ਆਪ ਦਾ) ਤੇਜ ਧਰਤੀ ਉਤੇ ਛਾਇਆ ਹੋਇਆ ਹੈ। ਪਾਰਸ (ਗੁਰੂ) ਨੂੰ ਤੇ ਪਰਸਣ-ਜੋਗ (ਗੁਰੂ) ਨੂੰ ਛੂਹ ਕੇ (ਆਪ) ਗੁਰੂ ਤੋਂ ਗੁਰੂ ਅਖਵਾਏ।

**ਹੇ ਮਥੁਰਾ ! ਆਖ–** (ਗੁਰੂ ਅਰਜੁਨ ਸਾਹਿਬ ਜੀ ਦੇ) ਸਰੂਪ ਵਿਚ ਮਨ ਭਲੀ ਪ੍ਰਕਾਰ ਜੋੜ ਕੇ ਸਨਮੁਖ ਰਹੋ। ਗੁਰੂ ਅਰਜੁਨ ਕਲਜੁਗ ਵਿਚ ਜਹਾਜ਼ ਹੈ। ਹੇ ਦੁਨੀਆਂ ਦੇ ਲੋਕੋ! ਉਸ ਦੀ ਚਰਨੀਂ ਲੱਗ ਕੇ (ਸੰਸਾਰ-ਸਾਗਰ) ਤੋਂ ਸਹੀ ਸਲਾਮਤ ਪਾਰ ਲੰਘੋ।

**ਰਾਜਨੀਤਿਕ ਸਮੁੰਦਰ ਦੀਆਂ ਛੱਲਾਂ—**

ਸਮੁੱਚੇ ਤੌਰ 'ਤੇ ਦੇਖਣਾ ਹੋਵੇ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਇਕ ਆਦਰਸ਼ ਸਮਾਜ ਦੀ ਨੀਂਹ ਰੱਖੀ ਹੈ, ਜਿਸ ਵਿਚ ਹਰ ਇਨਸਾਨ ਨੂੰ ਸਚਿਆਰ ਬਣ ਕੇ ਜੀਵਨ ਜਿਉਣ ਦੀ ਜਾਚ ਸਿਖਾਈ ਹੈ। ਇਸ ਦੇ ਉਲਟ ਜਦੋਂ ਲੋਕਾਂ ਨੂੰ ਤਾਕਤ ਮਿਲ ਜਾਂਦੀ ਹੈ ਤਾਂ ਤਾਕਤ ਵਿਚ ਅੰਨ੍ਹੇ ਹੋ ਕੇ ਵਿਚਰਦੇ ਹਨ। ਰਾਜਸੀ ਤਾਕਤ ਹਾਸਲ ਕਰਨ ਵਾਲਾ ਹਮੇਸ਼ਾਂ ਏਸ ਸੋਚ ਵਿਚ ਲੱਗਿਆ ਰਹਿੰਦਾ ਹੈ ਕਿ ਮੈਨੂੰ ਕੋਈ ਚੁਨੌਤੀ ਦੇਣ ਵਾਲਾ ਨਾ ਹੋਵੇ। ਦੂਸਰਾ ਬਹੁਤ ਥੋੜੇ ਰਾਜੇ ਹੁੰਦੇ ਹਨ, ਜਿਹੜੇ ਆਪਣੇ ਦਿਮਾਗ ਤੋਂ ਕੰਮ ਲੈਂਦੇ ਹਨ, ਵਰਨਾ ਜ਼ਿਆਦਾਤਰ ਆਪਣੇ ਕੰਨਾਂ ਤੋਂ ਹੀ ਕੰਮ ਲੈਂਦੇ ਹਨ। ਭਾਵ ਚੁਗਲੀ ਦੇ ਅਧਾਰਤ ਹੀ ਫੈਸਲੇ ਕਰਦੇ ਨਜ਼ਰ ਆਉਂਦੇ ਹਨ। ਗੁਰੂ ਅਰਜਨ ਪਾਤਸ਼ਾਹ ਦੇ ਸਮੇਂ ਵੀ ਜਹਾਂਗੀਰ ਬਾਦਸ਼ਾਹ ਕੱਟੜ ਧਾਰਮਿਕ ਆਗੂਆਂ ਦੇ ਪ੍ਰਭਾਵ ਨੂੰ ਕਬੂਲ ਕੇ ਚੱਲਦਾ ਸੀ। ਜਹਾਂਗੀਰ ਨੇ ਸ਼ੇਖ ਅਹਿਮਦ ਸਰਹੰਦੀ ਵਰਗੇ ਕੱਟੜ ਤੇ ਸ਼ਰਈ ਲੋਕਾਂ ਦੇ ਪ੍ਰਭਾਵ ਨੂੰ ਕਬੂਲਿਆ ਹੋਇਆ ਸੀ। ਇਸ ਲਈ ਉਸ ਦੀ ਮਨ ਕਲਪਨਾ ਸੀ ਕਿ ਗੁਰੂ ਨਾਨਕ ਸਾਹਿਬ ਵਲੋਂ ਚਲਾਏ ਧਰਮ ਨੂੰ ਖਤਮ ਕਰਨਾ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਬਹੁਤ ਸਰਲ ਤੇ ਸਿੱਧੀ ਸਾਧੀ ਹੋਣ ਕਰਕੇ ਆਮ ਲੋਕ ਸਿੱਖੀ ਵਿਚ ਸ਼ਾਮਿਲ ਹੋ ਰਹੇ ਸਨ। ਸ਼ਰਈ ਆਗੂ ਤੇ ਸਮੇਂ ਦੇ ਹਾਕਮ ਜਹਾਂਗੀਰ ਨੂੰ ਅਜਿਹਾ ਕੁਝ ਪ੍ਰਵਾਨ ਨਹੀਂ ਸੀ। ਸਮੇਂ ਦੇ ਹਾਕਮਾਂ ਨੇ ਲੋਕ ਭਲਾਈ ਦੇ ਕੰਮ ਛੱਡ ਕੇ ਆਪਣੇ ਰਾਜ ਨੂੰ ਪੱਕਿਆਂ ਕਰਨ ਲਈ ਹੋਛੀ ਰਾਜਨੀਤੀ 'ਤੇ ਉੱਤਰ ਆਏ ਸਨ। ਅਜਿਹੀ ਹਫੜਾ ਦਫੜੀ ਵਿਚ ਰਾਜਨੀਤੀ ਡੂੰਘਾ ਸਮੁੰਦਰ ਬਣੀ ਹੋਈ ਸੀ। ਅਜਿਹੀ ਰਾਜਸੀ ਅਸਿੱਥਰਤਾ ਵਿਚ ਗੁਰੂ ਅਰਜਨ ਪਾਤਸ਼ਾਹ ਜੀ ਨੇ ਸ਼ਹਾਦਤ ਦੇ ਕੇ ਤਰਨ ਦੀ ਜਾਚ ਸਿਖਾਈ ਹੈ। ਰਾਜਨੀਤਿਕ ਸਮੁੰਦਰ ਦੀ ਦਲ਼ਦਲ਼ ਵਿਚ ਗੈਰ ਕੁਦਰਤੀ ਫੈਸਲੇ ਹੁੰਦੇ ਹਨ। ਇਹ ਉਹ ਸਮਾਂ ਸੀ ਜਦੋਂ ਸ਼ਰਈ ਧਾਰਮਿਕ ਆਗੂ ਹਾਕਮਾਂ ਨੂੰ ਕਹਿ ਕੇ ਆਮ ਲੋਕਾਂ ਨੂੰ ਮੁਸਲਮਾਨ ਬਣਾਉਣ ਦਾ ਪੂਰਾ ਜ਼ੋਰ ਲਗਾ ਰਹੇ ਸਨ। ਗੈਰ-ਮੁਸਲਮਾਨਾਂ ਤੇ ਵਾਧੂ ਟੈਕਸ ਲੱਗਿਆ ਹੋਇਆ ਸੀ। ਨੌਕਰੀਆਂ ਵੀ ਸਮਝੌਤੇ ਤਹਿਤ ਹੀ ਦਿੱਤੀਆਂ ਜਾਂਦੀਆਂ ਸਨ। ਸਭ ਤੋਂ ਅਹਿਮ ਗੱਲ ਕਿ ਜੇ ਹਾਕਮਾਂ ਨਾਲ ਮਿਲ ਕੇ ਚੱਲਿਆ ਜਾਏ ਤਾਂ ਦੁਨੀਆਂ ਦੇ ਸੁੱਖ ਅਰਾਮ ਵੀ ਸਾਰੇ ਹਾਜ਼ਰ ਹੁੰਦੇ ਸਨ। ਇਸ ਰਾਜਨੀਤੀ ਦੀ ਸ਼ਤਰੰਜ ਵਿਚ ਸਮਝੌਤਾ ਕਰਕੇ ਹੀ ਬਾਜ਼ੀ ਜਿੱਤੀ ਜਾ ਸਕਦੀ ਸੀ। ਗੁਰੂ ਅਰਜਨ ਪਾਤਸ਼ਾਹ ਜੀ ਨੇ ਨਿਵੇਕਲੀ ਪੈੜ ਕਾਇਮ ਕਰਦਿਆਂ ਰਾਜਸੀ ਹਾਕਮਾਂ ਦੇ ਸਾਹਮਣੇ ਉਹਨਾਂ ਦਾ ਅਸਲੀ ਚਿਹਰਾ ਦਿਖਾਇਆ ਹੈ-

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥** (145)

**ਧਾਰਮਿਕ ਕੱਟੜਤਾ ਦਾ ਸਮੁੰਦਰ**

ਜਿੱਥੇ ਇਸਲਾਮੀ ਰਾਜ ਵਿਚ ਧਾਰਮਿਕ ਆਗੂਆਂ ਦੀ ਪੂਰੀ ਸ਼ਮੂਲੀਅਤ ਨਜ਼ਰ ਆਉਂਦੀ ਹੈ, ਓੱਥੇ ਹਿੰਦੂ ਧਰਮ ਦੇ ਆਗੂ ਵੀ ਆਪਣੇ ਵਲੋਂ ਕੋਈ ਵੇਲਾ ਖੁੰਝਣ ਨਹੀਂ ਦਿੰਦੇ ਸਨ। ਜਦੋਂ ਵੀ ਮੌਕਾ ਮਿਲਦਾ ਸੀ ਤਾਂ ਓਸੇ ਵੇਲੇ ਰਾਜ ਦਰਬਾਰ ਵਿਚ ਆਪਣੀ ਸ਼ਿਕਾਇਤ ਦਰਜ਼ ਕਰਾਉਣ ਤੋਂ ਭੋਰਾ ਵੀ ਝਿਜਕ ਮਹਿਸੂਸ ਨਹੀਂ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੇ ਧਾਰਮਿਕ ਕੱਟੜਤਾ ਤੇ ਉਸ ਵਿਚਲੇ ਕਰਮ ਕਾਂਡਾ ਨੂੰ ਮੁੱਢੋਂ ਨਿਕਾਰਿਆ ਸੀ। ਬ੍ਰਾਹਮਣੀ ਵਿਚਾਰਧਾਰਾ ਇਸ ਨੂੰ ਆਪਣੇ ਲਈ ਖਤਰਾ ਸਮਝਦੀ ਸੀ। ਦੂਸਰਾ ਹਿੰਦੂ ਆਗੂ ਦੋਹਰੀ ਨੀਤੀ ਨਾਲ ਚਲ ਰਹੇ ਸਨ। ਸਰਕਾਰ ਕੋਲੋਂ ਲਾਭ ਲੈਣ ਲਈ ਰਾਜ ਦਰਬਾਰ ਵਿਚ ਹਾਕਮਾਂ ਨਾਲ ਰਲ ਕੇ ਚਲਦੇ ਸਨ ਪਰ ਆਮ ਲੋਕਾਂ ਨੂੰ ਕਹਿੰਦੇ ਸਨ ਕਿ ਤੁਹਾਡੇ ਪਰਛਾਵੇਂ ਨਾਲ ਸਾਡਾ ਚੌਂਕਾ ਭਿੱਟਿਆ ਗਿਆ ਹੈ। ਐਸੀ ਦੁਬਿਧਾ ਵਾਲੀ ਮਾਨਸਿਕਤਾ ਦੇ ਸਬੰਧ ਵਿਚ ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ-

**ਮਾਣਸ ਖਾਣੇ ਕਰਹਿ ਨਿਵਾਜ॥**
**ਛੁਰੀ ਵਗਾਇਨਿ ਤਿਨ ਗਲਿ ਤਾਗ॥**
**ਤਿਨ ਘਰਿ ਬ੍ਰਹਮਣ ਪੂਰਹਿ ਨਾਦ॥**
**ਉਨ੍ਹਾ ਭਿ ਆਵਹਿ ਓਈ ਸਾਦ॥**
**ਕੂੜੀ ਰਾਸਿ ਕੂੜਾ ਵਾਪਾਰੁ॥**
**ਕੂੜੁ ਬੋਲਿ ਕਰਹਿ ਆਹਾਰੁ॥**
**ਸਰਮ ਧਰਮ ਕਾ ਡੇਰਾ ਦੂਰਿ॥**
**ਨਾਨਕ ਕੂੜੁ ਰਹਿਆ ਭਰਪੂਰਿ॥**
**ਮਥੈ ਟਿਕਾ ਤੇੜਿ ਧੋਤੀ ਕਖਾਈ॥**
**ਹਥਿ ਛੁਰੀ ਜਗਤ ਕਾਸਾਈ॥**
**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥**
**ਮਲੇਛ ਧਾਨੁ ਲੇ ਪੂਜਹਿ ਪੁਰਾਣੁ॥**
**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨ ਜਾਣਾ॥**
**ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ॥**
**ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥**
**ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥**
**ਕਹੁ ਨਾਨਕ ਸਚੁ ਧਿਆਈਐ॥**
**ਸੁਚਿ ਹੋਵੈ ਤਾ ਸਚੁ ਪਾਈਐ॥੨॥** (471–472)

ਧਾਰਮਿਕ ਕੱਟੜਤਾ ਦਾ ਡੂੰਘਾ ਸਮੁੰਦਰ ਬਣ ਚੁਕਿਆ ਸੀ।

**ਜਾਤ ਅਭਿਮਾਨੀਆਂ ਦਾ ਸਮੁੰਦਰ**

ਭਾਰਤ ਵਿਚ ਜਾਤ ਪ੍ਰਥਾ ਤਾਂ ਮੁੱਢ ਤੋਂ ਹੀ ਚਲੀ ਆ ਰਹੀ ਸੀ। ਬ੍ਰਾਹਮਣ ਭਾਊ ਨੇ ਮਨੁੱਖਤਾ ਦੀਆਂ ਚਾਰ ਲੀਰਾਂ ਕੀਤੀਆਂ ਹੋਈਆਂ ਸਨ। ਆਪ ਤਾਂ ਸਰਬ-ਸ਼੍ਰੇਸ਼ਟ ਬਣ ਬੈਠਾ ਤੇ ਬਾਕੀਆਂ ਨੂੰ ਆਪਣੀ ਸੇਵਾ ਵਿਚ ਲਗਾ ਲਿਆ। ਜਾਤ ਦੇ ਸਮੁੰਦਰ ਵਿਚ ਗਰੀਬੀ ਨਾਲ ਝੰਭੇ ਹੋਏ ਲੋਕ ਗੋਤੇ ਖਾ ਰਹੇ ਸਨ। ਨਕਸ਼ਬੰਦੀਆਂ, ਬੀਰਬਲ ਵਲੋਂ ਤਿਆਰ ਕੀਤਾ ਤਾਣਾ ਬਾਣਾ, ਘਰੇਲੂ ਕਲੇਸ਼ ਜੋ ਪ੍ਰਿਥੀ ਚੰਦ ਵਲੋਂ ਰਚਿਆ ਹੋਇਆ ਸੀ ਅਤੇ ਆਰਥਿਕਤਾ ਵਰਗੇ ਡੂੰਘੇ ਮੁੱਦੇ ਸਮੁੰਦਰ ਬਣੇ ਹੋਏ ਸਨ, ਜਿਸ ਵਿਚ ਲੋਕਾਂ ਨੂੰ ਤਰਨ ਦੀ ਜਾਚ ਗੁਰੂ ਅਰਜਨ ਪਾਤਸਾਹ ਜੀ ਨੇ ਸਿਖਾਈ-

ਰਾਜਨੀਤਿਕ, ਸਮਾਜਿਕ, ਧਾਰਮਿਕ, ਜਾਤ-ਅਭਿਮਾਨ ਤੇ ਆਰਥਿਕ

ਪੱਖ ਵਿਚੋਂ ਉਭਾਰਨ ਲਈ ਗੁਰੂ ਅਰਜਨ ਪਾਤਸ਼ਾਹ ਜੀ ਨੇ ਜਿਹੜਾ ਜਹਾਜ਼ ਬਣਾਇਆ, ਉਸ ਬੇੜੇ ਵਿਚ ਬੈਠ ਕੇ ਸੰਸਾਰ ਦੀਆਂ ਬਰੀਕੀਆਂ ਨੂੰ ਸਮਝ ਕੇ ਤਰਿਆ ਜਾ ਸਕਦਾ ਹੈ। ਸੰਸਾਰ ਨੂੰ ਤਰਨ ਦੀ ਜਾਚ ਸਿੱਖਾਉਣ ਲਈ ਗੁਰੂ ਅਰਜਨ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਜਿਹਾ ਬੇੜਾ ਤਿਆਰ ਕੀਤਾ, ਜਿਸ ਨੂੰ ਪੜ੍ਹ, ਸੁਣ-ਵਿਚਾਰ ਕੇ ਅਮਲ ਕੀਤਿਆਂ ਸੰਸਾਰ ਰੂਪੀ ਸਮੁੰਦਰ ਵਿਚ ਤਰਿਆ ਜਾ ਸਕਦਾ ਹੈ।

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥**
**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ (1429)**

ਸੰਸਾਰ ਰੂਪੀ ਸਮੁੰਦਰ ਵਿਚੋਂ ਤਰਨ ਲਈ ਗੁਰਦੇਵ ਪਿਤਾ ਨੇ ਰਸਤਾ ਨਿਰਧਾਰਤ ਕਰਦੇ ਹਨ-

**ਉਸਤਤਿ ਮਨ ਮਹਿ ਕਰਿ ਨਿਰੰਕਾਰ॥**
**ਕਰਿ ਮਨ ਮੇਰੇ ਸਤਿ ਬਿਉਹਾਰ॥ (281)**

ਸੱਤ ਦਾ ਵਿਹਾਰ ਛੱਡ ਕੇ ਗੈਰ ਕੁਦਰਤੀ ਸਮਝੌਤਾ ਕਰਨ ਵਾਲੇ ਚੰਗੇ ਸਮਾਜ ਦੀ ਸਿਰਜਨਾ ਨਹੀਂ ਕਰ ਸਕਦੇ। ਅਜਿਹੇ ਮਨੁੱਖ ਆਪਣੀ ਇੱਜ਼ਤ ਗਵਾ ਕੇ ਚਲੇ ਜਾਂਦੇ ਹਨ ਜਿਹਾ ਕਿ-

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰੁ ਨ ਜੀਵੈ ਕੋਇ॥**
**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**
**ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥**
**ਨਾਨਕ ਠਗਿਆ ਮੁਠਾ ਜਾਇ॥**
**ਵਿਣੁ ਨਾਵੈ ਪਤਿ ਗਇਆ ਗਵਾਇ ॥ (142)**

ਗੁਰੂ ਅਰਜਨ ਪਾਤਸ਼ਾਹ ਜੀ ਤੱਤ ਦੀ ਗੱਲ ਸਮਝਾਉਂਦੇ ਹਨ ਕਿ ਸੱਚ ਰੂਪੀ ਧੁਰੇ ਨਾਲ ਜੁੜਿਆਂ ਹੋਇਆ ਮਨੁੱਖ ਹੀ ਸੰਸਾਰ ਰੂਪੀ ਸਮੁੰਦਰ ਵਿਚੋਂ ਤਰ ਸਕਦਾ ਹੈ ਤੇ ਸੱਚ ਨਾਲੋਂ ਟੁਟਿਆ ਹੋਇਆ ਅੱਕ ਦੀ ਖੱਖੜੀ ਵਾਂਗ ਤੁੰਬਾ ਤੁੰਬਾ ਹੋ ਕੇ ਹਵਾ ਵਿਚ ਉੱਡਦਾ ਰਹਿੰਦਾ ਹੈ-

**ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥**
**ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥ (319)**

ਜ਼ਿੰਦਗੀ ਦੀ ਸਫਲਤਾ ਦਾ ਰਾਜ਼ ਸਮਝਾਉਂਦਿਆਂ ਗੁਰਦੇਵ ਪਿਤਾ ਜੀ ਫੁਰਮਾਉਂਦੇ ਹਨ-

**ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ॥**
**ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ॥ (320)**

ਗੁਰੂ ਅਰਜਨ ਪਾਤਸ਼ਾਹ ਜੀ ਨੇ ਮਨੁੱਖਤਾ ਦੇ ਭਲੇ ਲਈ ਸ਼ਹਿਰਾਂ ਦਾ ਨਿਰਮਾਣ ਕਰਾਇਆ, ਲੋਕਾਂ ਦੀ ਆਰਥਿਕਤਾ ਵਿਚ ਵਾਧਾ ਕਰਨ ਤੇ ਕਿਰਸਾਨੀ ਨੂੰ ਸੰਭਾਲਣ ਲਈ ਖੂਹ ਲਵਾ ਕੇ ਦਿੱਤੇ। ਲਾਹੌਰ ਦੇ ਇਲਾਕੇ ਵਿਚ ਬਿਮਾਰੀ ਅਤੇ ਭੁੱਖਮਰੀ ਵਿਚ ਮਨੁੱਖਤਾ ਦੀ ਦਵਾ ਦਾਰੂ ਨਾਲ ਸੰਭਾਲ ਕਰਦਿਆਂ ਸਮਾਜ ਸੇਵਾ ਦੀ ਨਿਵੇਕਲੀ ਮਿਸਾਲ ਕਾਇਮ ਕੀਤੀ ਤੇ ਏਸੇ ਨੂੰ ਰੱਬ ਦੀ ਪ੍ਰਾਪਤੀ ਦੱਸੀ ਹੈ-

**ਸੇਵਾ ਕਰਤ ਹੋਇ ਨਿਹਕਾਮੀ॥**
**ਤਿਸ ਕਉ ਹੋਤ ਪਰਾਪਤਿ ਸੁਆਮੀ॥ (286)**

ਗੁਰੂ ਅਰਜਨ ਪਾਤਸ਼ਾਹ ਜੀ ਉਹ ਜਹਾਜ਼ ਹਨ, ਜਿਨ੍ਹਾਂ ਨੇ ਆਪਣੀ ਕੁਰਬਾਨੀ ਦੇ ਕੇ ਸੰਸਾਰ ਵਿਚੋਂ ਤਰਨ ਦੀ ਜਾਚ ਸਿਖਾਈ ਹੈ।

1. ਗੁਰੂ ਅਰਜਨ ਪਾਤਸ਼ਾਹ ਜੀ ਦਾ ਜਨਮ ਗੋਇੰਦਵਾਲ ਵਿਖੇ, ਮਾਤਾ ਭਾਨੀ ਜੀ ਦੀ ਕੁੱਖੋਂ ਗੁਰੂ ਰਾਮਦਾਸ ਜੀ ਦੇ ਘਰ 15 ਅਪ੍ਰੈਲ 1563 ਈਸਵੀ ਨੂੰ ਹੋਇਆ। ਪ੍ਰੋਫੈਸਰ ਸਾਹਿਬ ਸਿੰਘ ਜੀ ਇਕ ਲਿਖਦੇ ਹਨ ਕਿ "ਇਕ ਹੋਰ ਸੁਅਦਲੀ ਇਤਿਹਾਸਕ ਗੱਲ ਭੀ ਰੱਖਣੀ ਕਿ ਗੁਰੂ ਨਾਨਕ ਸਾਹਿਬ ਜੀ ਤੇ ਗੁਰੂ ਅੰਗਦ ਸਾਹਿਬ ਜਨਮ ਭੀ ਵੈਸਾਖ ਦੇ ਮਹੀਨੇ ਹੋਇਆ ਸੀ। ਇੱਥੇ ਗੁਰੂ ਅਰਜਨ ਪਾਤਸ਼ਾਹ ਜੀ ਗਿਆਰਾਂ ਸਾਲ ਰਹੇ ਸਨ।

2. 1574 ਈਸਵੀ ਨੂੰ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਸਨ ਤਾਂ ਛੇਤੀ ਹੀ ਗੁਰੂ ਰਾਮਦਾਸ ਜੀ ਅੰਮ੍ਰਿਸਰ ਆ ਗਏ ਸਨ। ਇੱਥੇ ਗੁਰੂ ਅਰਜਨ ਪਾਤਸ਼ਾਹ ਜੀ ਨੇ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਵਿਚ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ।

3. 1581 ਈਸਵੀ ਨੂੰ 18 ਸਾਲ ਦੀ ਉਮਰ ਵਿਚ ਗੁਰਿਆਈ ਮਿਲੀ। ਗੁਰੂ ਰਾਮਦਾਸ ਜੀ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਨੂੰ ਗੁਰਿਆਈ ਨਾ ਮਿਲਣ ਕਰਕੇ ਅੰਦਰੋਂ ਬਹੁਤ ਦੁੱਖੀ ਹੋਇਆ। ਗੁਰੂ ਅਰਜਨ ਪਾਤਸ਼ਾਹ ਜੀ ਦੇ ਵਿਰੋਧ ਵਿਚ ਬਹੁਤ ਸਾਰੀਆਂ ਸਾਜ਼ਸ਼ਾਂ ਰਚੀਆਂ ਪਰ ਉਹ ਸਫਲ ਨਾ ਹੋ ਸਕਿਆ।

4. ਅਕਤੂਬਰ 1588 ਈਸਵੀ ਨੂੰ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੀ।

5. ਵਿਆਹ 1579 ਈਸਵੀ ਵਿਚ ਪਿੰਡ ਮਾਊ ਤਹਿਸੀਲ ਫਿਲੌਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ (ਮਾਤਾ) ਗੰਗਾ ਦੇਵੀ ਜੀ ਨਾਲ ਹੋਇਆ।

6. ਨਗਰ ਵਸਾਏ ਤਰਨ ਤਾਰਨ, ਕਰਤਾਰਪੁਰ ਨਵੇਂ ਸ਼ਹਿਰ ਵਸਾਏ।

7. ਖਡੂਰ, ਗੋਇੰਦਵਾਲ, ਸਰਹਾਲੀ, ਖਾਨਪੁਰ ਆਦਿ ਇਲਾਕਿਆਂ ਵਿਚ ਪ੍ਰਚਾਰ ਕੀਤਾ। ਦੁਆਬੇ ਵਿਚ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਸਖੀ ਸਰਵਰੀਏ ਸਿੱਖ ਬਣੇ। ਮਦਰ, ਜੰਬਰ, ਚੂਨੀਆਂ, ਬਹੜਵਾਲ, ਸਹਿੰਸਰਾ, ਡੇਰਾ ਬਾਬਾ ਨਾਨਕ, ਕਰਤਾਰਪੁਰ ਭਾਵ ਕਿ ਮਾਝੇ ਵਿਚ ਗੁਰੂ ਸਾਹਿਬ ਜੀ ਨਾਨਕਈ ਫਲਸਫੇ ਦੀ ਇਕ ਵੱਡੀ ਮੁਹਿੰਮ ਚਲਾਈ।

8. ਗੁਰੂ ਸਾਹਿਬ ਜੀ ਨੇ ਸਮਾਜਿਕ ਭਲਾਈ ਦੇ ਕੰਮਾਂ ਨੂੰ ਬੜ੍ਹਾਵਾ ਦੇਂਦਿਆਂ ਤੇ ਕੌਮ ਦਾ ਜੱਥੇਬੰਦਕ ਢਾਂਚਾ ਤਿਆਰ ਕਰਨ ਲਈ ਦਸਵੰਧ ਦੀ ਰਿਵਾਇਤ ਨੂੰ ਪੱਕਿਆਂ ਕੀਤਾ।

9. ਇਸਲਾਮੀ ਮੱਤ ਦੀ ਦਾਨਸ਼ਮੰਦ ਹਸਤੀ ਸਾਂਈਂ ਮੀਆਂ ਜੀ ਦਾ ਗੁਰੂ ਸਾਹਿਬ ਜੀ ਨਾਲ ਬਹੁਤ ਸਨੇਹ ਸੀ।

10. ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਜੀ ਵਲੋਂ ਇਕੱਤਰ ਕੀਤੀ ਹੋਈ ਰੱਬੀ ਰਚਨਾ ਤੇ ਪਹਿਲੇ ਹੋ ਚੁੱਕੇ ਗੁਰੂ ਸਾਹਿਬ ਜੀ ਦੇ ਰੱਬੀ ਕਲਾਮ ਨੂੰ ਇੱਕ ਥਾਂ ਇਕੱਠਾ ਕਰਕੇ ਵੱਡ ਅਕਾਰੀ ਗ੍ਰੰਥ ਤਿਆਰ ਕਰਾਇਆ।

11 ਸਰਕਾਰੀ ਦਮਨ ਨੂੰ ਠੱਲ ਪਉਣ ਲਈ ਗੁਰਦੇਵ ਪਿਤਾ ਜੀਨੇ ਸ਼ਹਾਦਤ ਦਿੱਤੀ।

ਕਹਿੰਦੈ, ਅੱਖਾਂ ਨੇ ਕਈ ਪਤੰਗਿਆਂ ਨੂੰ,
ਉਂਝ ਤੇ ਲਾਟ 'ਤੇ ਸੜਦਿਆਂ ਵੇਖਿਆ ਏ।
ਮੈਂ ਕਈ ਵੇਰ ਚੁੱਪ ਕੀਤਿਆਂ ਗੁੰਚਿਆਂ ਨੂੰ,
ਦੇਗਾਂ ਵਿੱਚ ਵੀ ਕੜ੍ਹਦਿਆਂ ਵੇਖਿਆ ਏ।
ਸੜਦੀ ਰੇਤ 'ਤੇ ਕਈ ਨਮਾਜੀਆਂ ਨੂੰ,
ਕਲਮਾ ਯਾਰ ਦਾ ਪੜ੍ਹਦਿਆਂ ਵੇਖਿਆ ਏ।
ਪਰ ਮੈਂ ਕੀ ਦੱਸਾਂ ਗੁਰੂ ਅਰਜਨ ਤਾਂਈ,
ਕਿਦਾਂ ਚਿਖਾ 'ਤੇ ਚੜ੍ਹਦਿਆਂ ਵੇਖਿਆ ਏ। (ਕਰਤਾਰ ਸਿੰਘ 'ਬਲੱਗਣ')

-0-

# ਸਵਾਲ-ਜਵਾਬ

**ਪ੍ਰਸ਼ਨ 1. ਗੁਰੂ ਤੇਗ ਬਹਾਦਰ ਸਾਹਿਬ ਸਿੱਖਾਂ ਦੇ ਕਿੰਨਵੇਂ ਗੁਰੂ ਹਨ?**

ਉਤਰ :- ਨੌਵੇਂ ਗੁਰੂ ਜੀ।

**ਪ੍ਰਸ਼ਨ 2. ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਕਦੋਂ ਹੋਇਆ?**

ਉਤਰ :- 18 ਅਪ੍ਰੈਲ 1621 ਈ: ।

**ਪ੍ਰਸ਼ਨ 3. ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਕਿੱਥੇ ਹੋਇਆ?**

ਉਤਰ :-ਗੁਰੂ ਕੇ ਮਹਿਲ (ਅੰਮ੍ਰਿਤਸਰ ਸਾਹਿਬ)।

**ਪ੍ਰਸ਼ਨ 4. ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਂ ਕੀ ਸੀ?**

ਉੱਤਰ :- ਸਾਹਿਬਜ਼ਾਦਾ ਤਿਆਗ ਮੱਲ ਜੀ।

**ਪ੍ਰਸ਼ਨ 5.ਬਾਬਾ ਤੇਗ ਬਹਾਦਰ ਜੀ ਦੇ ਮਾਤਾ ਪਿਤਾ ਦਾ ਕੀ ਨਾਂ ਸੀ?**

ਉੱਤਰ :-ਪਿਤਾ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ।

**ਪ੍ਰਸ਼ਨ 6. ਬਾਬਾ ਤਿਆਗ ਮੱਲ ਜੀ ਦੇ ਦਾਦਾ ਦਾਦੀ ਦਾ ਕੀ ਨਾਂ ਸੀ?**

ਉੱਤਰ:- ਗੁਰੂ ਅਰਜੁਨ ਸਾਹਿਬ ਜੀ ਅਤੇ ਮਾਤਾ ਗੰਗਾ ਜੀ।

**ਪ੍ਰਸ਼ਨ 7.ਬਾਬਾ ਤਿਆਗ ਮੱਲ ਜੀ ਦੀ ਭੈਣ ਦਾ ਕੀ ਨਾਂ ਹੈ?**

ਉੱਤਰ :-ਬੀਬੀ ਵੀਰੋ ਜੀ।

**ਪ੍ਰਸ਼ਨ 8. ਬਾਬਾ ਤਿਆਗ ਮੱਲ ਜੀ ਦੇ ਭਰਾਵਾਂ ਦਾ ਨਾਂ ਦੱਸੋ?**

ਉੱਤਰ:- ਬਾਬਾ ਗੁਰਦਿਤਾ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ।

**ਪ੍ਰਸ਼ਨ 9. ਬਾਬਾ ਤਿਆਗ ਮੱਲ ਜੀ ਨੇ ਦੁਨਿਆਵੀ ਵਿਦਿਆ ਅਤੇ ਗੁਰਮਤਿ ਵਿਦਿਆ ਕਿਨ੍ਹਾਂ ਪਾਸੋਂ ਪ੍ਰਾਪਤ ਕੀਤੀ?**

ਉੱਤਰ :-ਭਾਈ ਗੁਰਦਾਸ ਜੀ।

**ਪ੍ਰਸ਼ਨ 10.ਬਾਬਾ ਤਿਆਗ ਮੱਲ ਜੀ ਨੇ ਸ਼ਸ਼ਤਰ ਵਿਦਿਆ ਕਿਨ੍ਹਾਂ ਪਾਸੋਂ ਪ੍ਰਾਪਤ ਕੀਤੀ?**

ਉਤਰ :- ਬਾਬਾ ਬਿਧੀ ਚੰਦ ਜੀ ਅਤੇ ਬਾਬਾ ਬੁੱਢਾ ਜੀ ਪਾਸੋਂ।

**ਪ੍ਰਸ਼ਨ 11. ਛੇਵੇਂ ਗੁਰੂ ਜੀ ਨਾਲ ਬਾਬਾ ਤਿਆਗ ਮੱਲ ਜੀ ਨੇ ਕਿਹੜੀ ਜੰਗ ਵਿੱਚ ਹਿੱਸਾ ਲਿਆ?**

ਉੱਤਰ :- ਕਰਤਾਰਪੁਰ ( ਜਿਲ੍ਹਾ ਜਲੰਧਰ) ਦੀ ਜੰਗ ਵਿੱਚ।

**ਪ੍ਰਸ਼ਨ 12. ਬਾਬਾ ਤਿਆਗ ਮੱਲ ਜੀ ਦਾ ਨਾਂ, ਤੇਗ ਬਹਾਦਰ ਕਿਵੇਂ ਪ੍ਰਚਲਤ ਹੋਇਆ?**

ਉੱਤਰ : ਕਰਤਾਰਪੁਰ (ਜਲੰਧਰ) ਦੀ ਜੰਗ ਵਿੱਚ ਜੂਝਦਿਆਂ ਵੇਖ ਛੇਵੇਂ ਗੁਰੂ ਜੀ ਨੇ ਤੇਗ ਬਹਾਦੁਰ ਦਾ ਖਿਤਾਬ ਬਖਸ਼ਿਆ ਸੀ।

**ਪ੍ਰਸ਼ਨ 13. ਬਾਬਾ ਤੇਗ ਬਹਾਦਰ ਸਾਹਿਬ ਜੀ ਦੇ ਮਹਿਲ (ਪਤਨੀ) ਦਾ ਕੀ ਨਾਂ ਸੀ?**

ਉੱਤਰ :- ਮਾਤਾ ਗੁਜਰੀ ਜੀ।

**ਪ੍ਰਸ਼ਨ 14. ਮਾਤਾ ਗੁਜਰੀ ਜੀ ਦੇ ਮਾਤਾ ਪਿਤਾ ਦਾ ਕੀ ਨਾਂ ਸੀ?**

ਉੱਤਰ :-ਪਿਤਾ ਲਾਲ ਚੰਦ ਸੁਭਿਖੀ ਜੀ ਅਤੇ ਮਾਤਾ ਬਿਸ਼ਨ ਕੌਰ ਜੀ।

**ਪ੍ਰਸ਼ਨ 15.ਬਾਬਾ ਤੇਗ ਬਹਾਦਰ ਜੀ ਦਾ ਅਨੰਦ ਕਾਰਜ ਕਿੱਥੇ ਹੋਇਆ?**

ਉੱਤਰ :- ਕਰਤਾਰਪੁਰ ( ਜਿਲ੍ਹਾ ਜਲੰਧਰ)।

**ਪ੍ਰਸ਼ਨ 16. ਬਾਬਾ ਤੇਗ ਬਹਾਦਰ ਜੀ ਦਾ ਅਨੰਦ ਕਾਰਜ ਕਦੋਂ ਹੋਇਆ?**

ਉੱਤਰ :- 1634 ਈ: ਵਿੱਚ।

**ਪ੍ਰਸ਼ਨ 17.ਮਾਤਾ ਗੁਜਰੀ ਜੀ ਦਾ ਪੇਕਾ ਪਿੰਡ ਕਿਹੜਾ ਸੀ?**

ਉੱਤਰ :-ਪਿੰਡ ਲਖਨੌਰ (ਜ਼ਿਲ੍ਹਾ ਅੰਬਾਲਾ)।

**ਪ੍ਰਸ਼ਨ 18. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੰਤਾਨ ਦਾ ਨਾਂ ਦੱਸੋ?**

ਉੱਤਰ :- ਸਾਹਿਬਜਾਦਾ ਗੋਬਿੰਦ ਰਾਏ ਜੀ।

**ਪ੍ਰਸ਼ਨ 19.ਮਾਤਾ ਗੁਜਰੀ ਜੀ ਦੇ ਭਰਾ ਦਾ ਕੀ ਨਾਂ ਸੀ?**

ਉਤਰ :- ਭਾਈ (ਮਾਮਾ) ਕ੍ਰਿਪਾਲ ਚੰਦ।

**ਪ੍ਰਸ਼ਨ 20.ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਕਿੱਥੇ ਸਮਾਏ?**

ਉੱਤਰ :- ਕੀਰਤਪੁਰ ਸਾਹਿਬ (ਜਿਲ੍ਹਾ ਰੋਪੜ)।

**ਪ੍ਰਸ਼ਨ 21. ਗੁਰੂ ਤੇਗ ਬਹਾਦਰ ਸਾਹਿਬ ਦੇ ਮਾਤਾ ਨਾਨਕੀ ਜੀ ਕਿਥੇ ਚੜ੍ਹਾਈ ਕੀਤੇ?**

ਉੱਤਰ :- ਬਾਬਾ ਬਕਾਲਾ ਸਾਹਿਬ ਵਿਖੇ (ਜ਼ਿਲ੍ਹਾ ਅੰਮ੍ਰਿਤਸਰ)।

**ਪ੍ਰਸ਼ਨ 22. ਬਾਬਾ ਤੇਗ ਬਹਾਦਰ ਜੀ ਨੇ ਆਪਣੀ ਪਹਿਲੀ ਪ੍ਰਚਾਰ ਫੇਰੀ ਕਦੋਂ ਆਰੰਭ ਕੀਤੀ?**

ਉੱਤਰ :- 9 ਜੂਨ 1656 ਈ: ।

**ਪ੍ਰਸ਼ਨ 23.ਬਾਬਾ ਤੇਗ ਬਹਾਦਰ ਸਾਹਿਬ ਜੀ ਨੇ ਪਹਿਲਾ ਪ੍ਰਚਾਰ ਦੌਰਾ ਕਿਸ ਦੇ ਕਹਿਣ ਤੇ ਸ਼ੁਰੂ ਕੀਤਾ?**

ਉੱਤਰ :- ਗੁਰੂ ਹਰਿਰਾਇ ਸਾਹਿਬ ਜੀ ਦੇ।

**ਪ੍ਰਸ਼ਨ 24.ਬਾਬਾ ਤੇਗ ਬਹਾਦਰ ਜੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਕਦੋਂ ਮਿਲੇ?**

ਉੱਤਰ :-7 ਅਪ੍ਰੈਲ 1664 ਈ: ਵਿੱਚ।

**ਪ੍ਰਸ਼ਨ 25. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਕਦੋਂ ਸਮਾਏ?**

ਉੱਤਰ :-16 ਅਪ੍ਰੈਲ 1664 ਈ: ਵਿੱਚ।

**ਪ੍ਰਸ਼ਨ 26.ਬਾਬਾ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਕਿਸ ਗੁਰੂ ਸਾਹਿਬਾਨ ਨੇ ਦਿੱਤੀ?**

ਉੱਤਰ :- ਗੁਰੂ ਹਰਿਕ੍ਰਿਸ਼ਨ ਜੀ ਨੇ।

**ਪ੍ਰਸ਼ਨ 27. ਗੁਰੂ ਹਰਿਕ੍ਰਿਸ਼ਨ ਸਹਿਬ ਜੀ ਨੇ ਗੁਰਤਾਗੱਦੀ ਬਖਸ਼ਣ ਵੇਲੇ ਮੁੱਖੀ ਸਿਖਾਂ ਅਤੇ ਹਾਜਰ ਸੰਗਤਾਂ ਨੂੰ ਕੀ ਬੋਲ ਕਹੇ?**

ਉੱਤਰ :- ਬਾਬਾ ਬਸੈ ਗ੍ਰਾਮ ਬਕਾਲੇ।

**ਪ੍ਰਸ਼ਨ 28. ਗੁਰੂ ਤੇਗ ਬਹਾਦਰ ਜੀ ਨੂੰ ਗੁਰਤਾ ਗੱਦੀ ਕਦੋਂ ਪ੍ਰਾਪਤ ਹੋਈ?**

ਉੱਤਰ :- 16 ਅਪ੍ਰੈਲ 1664 ਈ: ਨੂੰ।

**ਪ੍ਰਸ਼ਨ 29.ਧੀਰਮੱਲ ਵਰਗਿਆਂ ਨੇ 22 ਮੰਜੀਆਂ ਕਿੱਥੇ ਲਾਈਆਂ ਸਨ?**

ਉੱਤਰ :- ਬਾਬੇ ਬਕਾਲੇ ਵਿਖੇ।

**ਪ੍ਰਸ਼ਨ 30.ਬਾਬਾ ਧੀਰ ਮੱਲ ਜੀ ਗੁਰੂ ਤੇਗ ਬਹਾਦਰ ਜੀ ਦੇ ਕੀ ਲੱਗਦੇ ਸਨ?**

ਉੱਤਰ:- ਭਤੀਜੇ, ਬਾਬਾ ਗੁਰਦਿਤਾ ਜੀ ਦੇ ਵੱਡੇ ਬੇਟੇ ਅਤੇ ਸਤਵੇਂ ਗੁਰੂ ਜੀ ਦੇ ਵੱਡੇ ਭਰਾ।




# ਸਭ ਸੁਖ ਦਾਤਾ ਰਾਮੁ ਹੈ...

## ਸਲੋਕ ੯
## ਸਾਰੇ ਸੁੱਖਾਂ ਦਾ ਘਰ ਪਰਮਾਤਮਾ ਹੈ

**ਭੂਮਿਕਾ—** ਆਮ ਸਮਝਿਆ ਜਾਂਦਾ ਹੈ ਕਿ ਜਿੱਥੇ ਦੁੱਖ ਹੈ, ਓੱਥੇ ਸੁੱਖ ਨਹੀਂ ਹੈ, ਤੇ ਜਿੱਥੇ ਸੁੱਖ ਹੈ, ਓੱਥੇ ਦੁੱਖ ਨਹੀਂ ਹੈ। ਭਾਵ ਦੁੱਖ ਸੁੱਖ ਇਕੱਠੇ ਨਹੀਂ ਹੋ ਸਕਦੇ। ਅਸਲ ਵਿੱਚ ਦੁੱਖ ਤੇ ਸੁੱਖ ਇਕ ਸਿੱਕੇ ਦੋ ਪਹਿਲੂ ਹਨ।

ਸਾਇੰਸ ਦੀਆਂ ਖੋਜਾਂ ਰਾਹੀਂ ਸਾਨੂੰ ਅਨੇਕਾਂ ਤਰ੍ਹਾਂ ਦੀਆਂ ਬਾਹਰੀ ਸੁੱਖ-ਸਹੂਲਤਾਂ ਮਿਲਦੀਆਂ ਹਨ, ਜਿਨ੍ਹਾਂ ਤੋਂ ਅਸੀਂ ਜੀਵਨ ਦੇ ਹਰ ਖੇਤਰ ਵਿੱਚ ਲਾਭ ਵੀ ਉਠਾਉਂਦੇ ਹਾਂ। ਪਰ ਇਹ ਸੁੱਖ ਵਕਤੀ ਹਨ। ਇਨ੍ਹਾਂ ਨਾਲ ਸਾਡੇ ਸਰੀਰ ਨੂੰ ਤੇ ਕੁੱਝ ਚਿਰ ਲਈ ਅਰਾਮ ਮਿਲ ਸਕਦਾ ਹੈ, ਪਰ ਸਾਡੇ ਮਨ ਨੂੰ ਸ਼ਾਂਤੀ, ਤ੍ਰਿਪਤੀ, ਅਨੰਦ ਨਹੀਂ ਮਿਲ ਸਕਦਾ। ਜਿਸ ਤਰ੍ਹਾਂ ਬਾਹਰੋਂ ਗਰਮੀ ਲਗਦੀ ਹੋਵੇ ਤਾਂ ਰੁੱਖਾਂ ਦੀ ਛਾਂ, ਪੱਖੇ, ਕੂਲਰ, ਏਅਰ ਕੰਡੀਸ਼ਨ ਸਾਨੂੰ ਸਰੀਰਕ ਤੌਰ ਤੇ ਵਕਤੀ ਸੁੱਖ ਤਾਂ ਦੇ ਸਕਦੇ ਹਨ, ਪਰ ਮਨ ਵਿੱਚਲੀ ਈਰਖਾ, ਦਵੈਸ਼, ਨਫਰਤ ਦੀ ਅੱਗ ਨੂੰ ਇਨ੍ਹਾਂ ਜੰਤਰਾਂ ਨਾਲ ਨਹੀਂ ਬੁਝਾਇਆ ਜਾ ਸਕਦਾ। ਇਸੇ ਤਰ੍ਹਾਂ ਬਾਹਰਲੀ ਠੰਡ ਤੋਂ ਸਰੀਰ ਨੂੰ ਬਚਾਉਣ ਲਈ, ਅੱਗ ਦਾ ਨਿੱਘ, ਹੀਟਰ, ਫਾਇਰ ਪਲੇਸ ਗ਼ਰਮ ਕਪੜੇ ਤਾਂ ਕੰਮ ਆ ਸਕਦੇ ਹਨ, ਪਰ ਸਾਡੇ ਅੰਦਰ ਪਿਆਰ ਦਾ ਨਿੱਘ ਜਾਂ ਹੋਰ ਸਦ-ਗੁਣ ਪੈਦਾ ਨਹੀਂ ਕਰ ਸਕਦੇ। ਸਾਨੂੰ ਅਜਿਹਾ ਯਤਨ ਕਰਨ ਦੀ ਲੋੜ ਹੈ ਕਿ ਅਸੀਂ ਬਾਹਰੀ ਸੁੱਖ-ਸਹੂਲਤਾਂ ਮਾਣਦੇ ਹੋਏ ਵੀ ਅੰਦਰਲੇ ਸੁੱਖ, ਪਰਮ ਸ਼ਾਂਤੀ ਤੇ ਅਨੰਦ ਦੀ ਪ੍ਰਾਪਤੀ ਲਈ ਵੀ ਯਤਨ ਕਰੀਏ। ਉਸ ਬਾਰੇ ਜਾਨਣ ਦੀ ਕੋਸ਼ਿਸ਼ ਵੀ ਕਰੀਏ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਰੱਬ ਜੀ ਜ਼ਰੇ ਜ਼ਰੇ ਅੰਦਰ ਬੱਝਵੀਂ ਨਿਯਮਾਵਲ਼ੀ ਦੇ ਰੂਪ ਵਿੱਚ ਵਿਆਪਕ ਹੈ। ਇਸ ਦਾ ਅਰਥ ਹੈ ਕਿ ਫਿਰ ਪ੍ਰਮਾਤਮਾ ਸਾਡੇ ਹਿਰਦੇ ਭਾਵ ਦਿਮਾਗ ਵਿੱਚ ਵੀ ਬੈਠਾ ਹੈ। ਮਨੁੱਖੀ ਦਿਮਾਗ ਵਿੱਚ ਬਹੁਤ ਗੂੜ ਗਿਆਨ ਪਿਆ ਹੋਇਆ ਹੈ। ਗੁਰੂ ਸਾਹਿਬ ਜੀ ਇਕ ਨੁਕਤਾ ਦਿੰਦੇ ਹਨ ਕਿ ਜੋ ਸਾਰੇ ਸੰਸਾਰ ਵਿੱਚ ਲਾਗੂ ਹੁੰਦਾ ਹੈ, "ਪੜਿਐ ਨਾਹੀ ਭੇਦੁ ਬੁਝੀਐ ਪਾਵਣਾ"। ਸਚਾਈ ਨੂੰ ਸਮਝਿਆਂ ਹੀ ਸੁਖ ਦੀ ਪਰਾਪਤੀ ਹੁੰਦੀ ਹੈ। ਹੋਇਆ ਇਹ ਹੈ ਕਿ ਜਦੋਂ ਸਾਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਅਸੀਂ ਸਮੱਸਿਆ ਨੂੰ ਸਮਝਣ ਦੀ ਥਾਂ 'ਤੇ ਪਾਖੰਡੀ ਸਾਧ ਲਾਣੇ ਵਲ ਨੂੰ ਤੁਰ ਪੈਂਦੇ ਹਾਂ। ਮਨੁੱਖੀ ਸੁਭਾਅ ਦੀ ਕੰਮਜ਼ੋਰੀ ਹੈ। ਜੇ ਸਦੀਵ ਕਾਲ ਸੁੱਖ ਚਾਹੀਦਾ ਹੈ ਤਾਂ ਇਕ ਨਿਯਮ ਵਿੱਚ ਚੱਲਣਾ ਪਏਗਾ ਤੇ ਸਦੀਵ ਕਾਲ ਨਿਯਮਾਵਲੀ ਹੀ ਰੱਬ ਦਾ ਘਰ ਹੈ--

**ਸਲੋਕ—**

*ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥*

*ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥੯॥*

**ਪਦ ਅਰਥ—** ਦਾਤਾ-ਦੇਣ ਵਾਲਾ। ਨਾਹਿਨ-ਨਹੀਂ। ਤਿਹ-ਉਸ ਰਾਮ ਨੂੰ। ਸਿਮਰਤ-ਸਿਮਰਦਿਆਂ। ਉੱਚੀ ਆਤਮਕ ਅਵਸਥਾ।੯।

**ਅੱਖਰੀ ਅਰਥ**--- ਪਰਮਾਤਮਾ ਸਾਰੇ ਸੁੱਖ ਦੇਣ ਵਾਲਾ ਹੈ,ਉਸ ਦੇ ਬਰਾਬਰ ਦਾ ਹੋਰ ਕੋਈ ਦੂਜਾ ਨਹੀਂ ਹੈ। ਨਾਨਕ ਆਖਦਾ ਹੈ—ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ ਹੇ ਮਨ! ਸੁਣ ਉਸ ਦਾ ਨਾਮ ਸਿਮਰਦਿਆਂ ਉੱਚੀ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਮਨੁੱਖ ਜਨਮ ਤੋਂ ਲੈ ਕੇ ਮਰਨ ਤੀਕ ਏਸੇ ਸਬੰਧ ਵਿੱਚ ਹੀ ਜੁੜਿਆ ਰਹਿੰਦਾ ਹੈ ਕਿ ਮੈਨੂੰ ਦੁਖ ਕਦੇ ਨਾ ਆਵੇ ਹਮੇਸ਼ਾਂ ਸੁੱਖ ਹੀ ਬਣਿਆ ਰਹੇ। ਕਈ ਵਾਰੀ ਸੁੱਖ ਲੱਭਦੇ ਹਾਂ ਪਰ ਅੱਗੇ ਦੁੱਖ ਖੜਾ ਹੁੰਦਾ ਹਨ। ਗੁਰੂ ਸਾਹਿਬ ਜੀ ਇਕ ਸਿਧਾਂਤ ਦੇਂਦੇ ਹਨ- ਕਿ ਸਾਰੇ ਸੁੱਖ ਦਾਤੇ ਕੋਲ ਹਨ, *"ਸਭ ਸੁਖ ਦਾਤਾ ਰਾਮੁ ਹੈ"* ਦਾਤਾ ਕੌਣ ਹੈ? ਕੀ ਕੋਈ ਸਰੀਰਕ ਤਲ 'ਤੇ ਦਾਤਾ ਹੈ ਜਿਸ ਨੇ ਸੁੱਖ ਦੇਣੇ ਹਨ? ਰੱਬ ਦਾ ਕੋਈ ਸਰੂਪ ਨਹੀਂ ਹੈ ਉਸ ਦੇ ਕੁਦਰਤੀ ਗੁਣ ਅਤੇ ਨਿਯਮ ਹਨ।

ਇਸ ਦਾ ਭਾਵ ਅਰਥ ਹੈ ਨਿਯਮ ਵਿੱਚ ਤੁਰਿਆਂ ਹੀ ਸੁਖ ਦੀ ਪ੍ਰਾਪਤੀ ਹੈ। ਸਰੀਰਕ ਸੁੱਖ ਲਈ ਅਸੀਂ ਮਹਿੰਗੇ ਤੋਂ ਮਹਿੰਗਾ ਸਮਾਨ ਖ਼ਰੀਦ ਸਕਦੇ ਹਾਂ। ਸਰੀਰ ਥੱਕ ਜਾਏ ਘਰਾਂ ਵਿਚ ਨੱਪਣ ਘੁੱਟਣ ਲਈ ਧੀਆਂ ਪੁੱਤ ਅਤੇ ਅਤੇ ਮਸ਼ੀਨਾਂ ਰੱਖੀਆਂ ਹੁੰਦੀਆਂ ਹਨ, ਪਰ ਮਨ ਫਿਰ ਵੀ ਕਲਪਿਆ ਹੁੰਦਾ ਹੈ। ਜਿਹੜਾ ਸਭ ਸੁੱਖ ਦਾਤਾ ਹੈ ਇਸ ਦਾ ਅਰਥ ਹੈ ਕਿ ਸਭ ਤੋਂ ਪਹਿਲਾਂ ਮੈਨੂੰ ਸੰਤੋਖੀ ਹੋਣਾ ਪਏਗਾ। ਗੁਰੂ ਨਾਨਕ ਸਾਹਿਬ ਜੀ ਨੇ ਵੱਖ ਵੱਖ ਵਰਗਾਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਸਾਰਿਆਂ ਨੂੰ ਸੰਤੋਖ ਦੀ ਗੱਲ ਸਮਝਾਈ ਹੈ। ਜੋਗੀ ਨੂੰ ਕੰਨਾਂ ਵਿੱਚ ਕੱਚ ਦੀਆਂ ਮੁੰਦਰਾਂ ਪਉਣ ਦੀ ਥਾਂ 'ਤੇ ਸੰਤੋਖ ਰੱਖਣ ਲਈ ਕਿਹਾ ਜਦ ਕਿ ਪੰਡਤ ਭਾਊ ਨੂੰ ਸੰਤੋਖ ਦੇ ਸੂਤਰ ਦੀ ਰਮਜ਼ ਦੱਸੀ ਹੈ। ਕਿਰਸਾਨ ਨੂੰ ਸੰਤੋਖ ਦਾ ਸੁਹਾਗਾ ਫੇਰਨ ਲਈ ਕਿਹਾ ਹੈ।

ਜਿਸ ਸੁੱਖ ਦੀ ਗੁਰਦੇਵ ਪਿਤਾ ਜੀ ਵਿਚਾਰ ਕਰ ਰਹੇ ਹਨ ਉਹ ਸਰੀਰਕ ਤਲ ਦਾ ਸੁੱਖ ਨਹੀਂ ਸਗੋਂ ਆਤਮਿਕ ਸੁੱਖ ਹੈ। *"ਦੂਸਰ ਨਾਹਿਨ ਕੋਇ"* ਸੁੱਖ ਲਈ ਸੰਤੋਖ ਤੋਂ ਬਿਨਾ ਹੋਰ ਕੋਈ ਸਾਧਨ ਨਹੀਂ ਹੈ। ਲਾਲਚ ਵਿੱਚ ਤਕਲੀਫ਼ਾਂ ਹੀ ਆਉਂਦੀਆਂ ਹਨ। ਸੰਤੋਖ, ਉਦਮ ਤੇ ਮਿਹਨਤ ਕਰਨ ਦੀ ਵਿਚਾਰ ਦਿੱਤੀ ਹੈ- "ਤਿਹ ਸਿਮਰਤ ਗਤਿ ਹੋਇ"।

ਕਈ ਸਾਧੂ ਸਿਆਲਾਂ ਵਿੱਚ ਠੰਡੇ ਪਾਣੀ ਵਿੱਚ ਬੈਠ ਕੇ ਸਰੀਰ ਨੂੰ ਦੁੱਖ ਦਿੰਦੇ ਹਨ ਕਿ ਸਾਨੂੰ ਸੁੱਖ ਮਿਲ ਜਾਏ। ਕਈ ਗਰਮੀਆਂ ਵਿੱਚ ਧੂਣੀਆਂ ਤਾਅ ਕੇ ਵਿਚਕਾਰ ਬੈਠਦੇ ਹਨ ਕਿ ਸਾਡੀ ਰੱਬ ਨਾਲ ਸੁਰਤੀ ਜੁੜ ਜਾਏਗੀ। ਕੀ ਏਦਾਂ ਸੁੱਖ ਮਿਲੇਗਾ? ਨਹੀਂ, ਏਦਾਂ ਸੁੱਖ ਕਦੀ ਵੀ ਨਹੀਂ ਮਿਲੇਗਾ। ਇਹ ਸਾਰੇ ਮਨ ਹੱਠ ਕਰਮ ਹਨ। ਅਜਿਹੀ ਪ੍ਰਕਿਰਿਆ ਨਾਲ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬਾਹਰਲੇ ਤਲ 'ਤੇ ਸਰੀਰਕ ਕਰਮ ਕਾਂਡ ਤਾਂ ਕੀਤੇ ਜਾ ਰਹੇ ਹਨ, ਪਰ ਮਨ ਵਿੱਚ ਤਾਂ ਵਿਕਾਰ ਓਸੇ ਤਰ੍ਹਾਂ ਹੀ ਕਾਇਮ ਹਨ—

ਅਕਸਰ ਦੇਖਣ ਨੂੰ ਮਿਲਦਾ ਹੈ ਕਿ ਸ਼ਰਧਾਲੂ ਲੋਕ, ਸੁੱਖਾਂ ਦੀ ਪ੍ਰਾਪਤੀ

ਬਾਕੀ ਸਫ਼ਾ 11 'ਤੇ

# ਗੁਰੁ ਅਰਜੁਨੁ ਪਰਤਖੵ ਹਰਿ

**-ਇੰਜੀ. ਜੋਗਿੰਦਰ ਸਿੰਘ # 94630-55206**

ਸਿਰਲੇਖ ਸਿਰਜਿਆ ਤੁਕਾਂਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1409 ਉੱਪਰ ਦਰਜ 'ਸਵਈਏ ਮਹਲੇ ਪੰਜਵੇਂ ਕੇ' ਦੇ ਬਾਣੀਕਾਰ ਭੱਟ ਮਥੁਰਾ ਜੀ ਦੇ ਸਤਵੇਂ ਸਵੱਈਏ, ਵਿਚੋਂ ਲਿਆ ਗਿਆ ਹੈ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦਿਹਾੜੇ ਨੂੰ ਮਨਾਉਂਦਿਆਂ, ਸਾਨੂੰ ਉਨ੍ਹਾਂ ਦੇ ਵਿਅਕਤੀਤਵ ਦੇ ਵਿਸ਼ੇਸ਼ ਤੇ ਵਿਲੱਖਣ ਰੂਪਾਂ-ਸਰੂਪਾਂ ਨੂੰ ਜਾਨਣ-ਪਹਿਚਾਨਣ ਦਾ ਅਵਸਰ ਪ੍ਰਾਪਤ ਹੋਇਆ ਹੈ।ਇਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਦੋਂ ਸਿੱਖ ਧਰਮ ਫ਼ਲਸਫ਼ਾ ਰੱਬ ਨੂੰ ਅਜਨਮਾ-ਅਜੂਨੀ ਮੰਨਦਾ ਹੈ ਤਾਂ ਗੁਰੂ ਅਰਜਨ ਸਾਹਿਬ ਨੂੰ 'ਪਰਤਖੁ ਹਰਿ' ਕਿਵੇਂ ਆਖਿਆ ਗਿਆ ਹੈ? ਹੱਥਲਾ ਲੇਖ ਉਨ੍ਹਾਂ ਦੇ ਪਾਵਨ ਪਵਿੱਤਰ 'ਪਰਤਖੵ ਹਰਿ' ਦੇ ਸਰੂਪ ਦੀ ਇਕ ਭੋਰੀ ਮਾਤ੍ਰ ਛੋਹ ਮਾਨਣ ਦਾ ਯਤਨ ਹੈ।

**'ਹਰਿ':** ਮਨੁੱਖੀ ਮਾਨਸਿਕਤਾ ਤੇ ਬੌਧਿਕਤਾ ਦੀ ਵਿਕਾਸ-ਪਰੰਪਰਾ ਵਿਚ ਵੱਖ-ਵੱਖ ਮਤ ਮਤਾਂਤਰਾਂ ਤੇ ਧਰਮਾਂ ਦਾ ਉਦੈ ਹੋਇਆ।ਭਾਰਤੀ ਦਾਰਸ਼ਨਿਕਤਾ, ਸੰਸਕ੍ਰਿਤੀ ਤੇ ਸਾਹਿਤ ਆਦਿ ਸਭ ਦਾ ਮੂਲਸ੍ਰੋਤ ਵੇਦਾਂ ਨੂੰ ਮੰਨਿਆਂ ਗਿਆ ਹੈ, ਅੱਗੋ ਛੇ-ਸ਼ਾਸਤਰ,ਉਪਨਿਸ਼ਦ, ਪੁਰਾਣ ਤੇ ਸਿਮ੍ਰਿਤੀਆ ਆਦਿ ਹੋਂਦ ਵਿਚ ਆਈਆਂ। ਜਿਨ੍ਹਾਂ ਚਿੰਤਕਾਂ-ਸਾਧਕਾਂ ਨੇ ਵੇਦਾਂ ਨੂੰ ਆਪਣਾ ਮੂਲਸ੍ਰੋਤ ਨਾ ਮੰਨਿਆ ਉਨ੍ਹਾਂ ਨੂੰ ਨਾਸਤਿਕ ਆਖਿਆ ਗਿਆ-"ਨਾਸਤਿਕੋ ਵੇਦਨਿੰਦਕ" ਜਿਵੇ ਕਿ ਜੈਨੀ, ਚਾਰਵਾਕੀਏ ਅਤੇ ਬੁੱਧ ਧਰਮ ਵਾਲੇ ਆਦਿਕ। ਇਨ੍ਹਾਂ ਅਣਗਿਣਤ ਮਜ਼ਹਬਾਂ-ਫ਼ਿਰਕਿਆ ਤੇ ਜੀਵਨ ਆਚਾਰ-ਵਿਹਾਰ ਪ੍ਰਣਾਲੀਆਂ ਵਿਚ ਬਹੁ ਭਾਂਤਿਕ ਵਖਰੇਵਿਆਂ ਦੇ ਬਾਵਜੂਦ, ਸ੍ਰਿਸ਼ਟੀ ਰਚਨਾ ਤੇ ਉਸ ਦੀ ਰਚਣਹਾਰੀ ਕਿਸੇ ਅਸੀਮ-ਅਦ੍ਰਿਸ਼ਟ 'ਹੋਂਦ' ਜਾਂ ਸ਼ਕਤੀ ਦੇ ਅਹਿਸਾਸ ਪ੍ਰਤੀ ਵਿਸ਼ਵਾਸ ਦੀ ਇਕ ਸਾਂਝੀ ਕੜੀ ਦੀ ਮੌਜੂਦਗੀ ਵੀ ਵੇਖੀ ਜਾ ਸਕਦੀ ਹੈ। ਇਸ 'ਹੋਂਦ' ਨੂੰ ਪ੍ਰਗਟਾਉਦੇ ਅਨੇਕਾਂ ਨਾਵਾਂ ਵਿਚੋਂ 'ਹਰਿ' ਇਕ ਪੂਰਵ ਕਾਲੀਨ ਪ੍ਰਚੱਲਤ ਨਾਂ ਹੈ।

**ਹਰਿ ਦਾ ਕਾਰਜ ਖੇਤਰ:** ਸਾਰਿਆ ਨੇ ਬ੍ਰਹਿਮੰਡੀ ਸਿਰਜਣਾ ਤੇ ਸੰਚਾਲਨ ਵਿਚ ਇਕ ਵਿਸ਼ੇਸ਼ ਨੇਮਬੱਧਤਾ, ਲਗਾਤਾਰਤਾ ਤੇ ਪ੍ਰਤੀਬੱਧਤਾ ਦੇ ਅਸਲੇ, ਅਸੂਲਾਂ, ਸੇਧਾਂ ਤੇ ਸਿਧਾਂਤਾਂ ਨੂੰ ਖੋਜਿਆ ਭਾਲਿਆ ਹੈ, ਭਾਵੇਂ ਅਗਮ-ਅਗੋਚਰ ਦੀ ਥਾਹ ਨਹੀਂ ਪਾਈ ਜਾ ਸਕਦੀ।...ਤੇ ਇਨ੍ਹਾਂ ਸਾਰਿਆਂ ਪ੍ਰਕਿਰਤਕ ਕਾਇਦਿਆਂ-ਕਾਨੂੰਨਾਂ ਤੇ ਅਟੱਲ ਨੇਮਾਂ ਨੂੰ ਸਾਡੇ ਪੁਰਖਿਆਂ ਨੇ ਧਰਮ ਦੀ ਸੰਗਿਆ ਦਿੱਤੀ ਹੈ...ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦੇ ਆਧਾਰ ਵਿਸ਼ਵ ਹੈ,ਉਹ ਪਵਿੱਤਰ ਨਿਯਮ। ਇਹ ਪਵਿਤਰ ਨਿਯਮਾਵਲੀ 'ਅਪਰੰਪਰੁ ਪਾਰਬ੍ਰਹਮੁ ਪਰਮੇਸਰੁ' ਪ੍ਰਮਾਤਮਾ, ਖੁਦਾ ਅੱਲਾ ਜਾਂ ਵਾਹਿਗੁਰੂ ਦਾ ਵਿਧੀ ਵਿਧਾਨ ਹੈ,ਕਾਰਣ-ਕਾਰਜ ਹੈ, ਕਰਤੱਵ ਹੈ,ਜ਼ਿੰਮੇਵਾਰੀ ਹੈ, ਰਹੱਸਵਾਦੀ ਖੇਡ ਦਾ ਅਖਾੜਾ ਹੈ,ਸਕ੍ਰੀਯਤਾ ਹੈ, ਸਹਜ ਸੁਭਾਅ ਹੈ, ਮੂਲਕ ਬਿਰਦ ਹੈ... ਤੇ ਇਸ ਸਮੁੱਚੇ ਕਾਰਜ ਖੇਤਰ ਨੂੰ ਅਸੀਂ ਨਿਰਗੁਣਸਰਗੁਣ ਪ੍ਰਭੂਪਿਤਾ ਪਰਮਾਤਮਾ, ਨਾਰਾਇਣ, ਕਰਤਾਪੁਰਖੁ, ਰਾਮ-ਰਹੀਮ, 'ਹਰਿ' ਦਾ ਧਰਮ-ਕਰਮ ਆਖਦੇ ਹਾਂ।

**'ਹੁਕਮ' ਦੀ ਖੇਡ:** 'ਹਰਿ' ਆਪਣੀ ਚੇਤਨ-ਕਾਰਜਸ਼ੀਲਤਾ ਤਹਿਤ ਸੰਪੂਰਨ ਸ੍ਰਿਸ਼ਟੀ ਤੇ ਉਸ ਵਿਚ ਵੱਸਦੀ-ਰੱਸਦੀ ਜੈਵਿਕਤਾ ਨੂੰ ਨਿਰੰਤਰਤਾ ਅਤੇ ਇਕਾਗਰਤਾ ਨਾਲ ਹਰਿਆ-ਭਰਿਆ ਕਰ ਰਿਹਾ ਹੈ, ਸਦਾ-ਵਿਗਾਸ ਦਾ ਵਾਤਾਵਰਨ ਸਿਰਜਿਆ ਜਾ ਰਿਹਾ ਹੈ।ਸਾਰਿਆ ਦਾ ਖ਼ਿਆਲ ,ਸੱਭਸ ਦੀ ਸੰਭਾਲ, ਸੁਖ-ਸੁਵਿਧਾਵਾਂ,ਸਹਿਹੋਂਦ, ਸਾਂਝ, ਸੰਤੋਖ,ਸਰਲਤਾ ਤੇ ਸੰਤੁਲਤਾ ਦੇ ਨਿਯਮਾਂ ਦਾ ਸਹਜ-ਸੁਭਾਏ ਸੰਚਾਲਨ ਹੋ ਰਿਹਾ ਹੈ।....ਇਹ ਹਰੀ ਪ੍ਰਭੂ ਦਾ ਧਰਮ ਖੇਤਰ ਹੈ ਜਿਥੇ ਕੋਈ ਅਕੇਵਾਂ-ਥਕੇਵਾਂ ਨਹੀ, ਕੋਈ ਰੋਕ-ਰੁਕਾਵਟ ਨਹੀ,ਪਾਉਣ,ਅਗਨੀ,ਪਾਣੀ ਆਪਣੇ ਵਹਾਵ ਲਈ ਸੌਖਿਆ ਹੀ ਰਾਹ ਬਣਾ ਲੈਂਦੇ ਹਨ,ਵਿਕਾਸ-ਪ੍ਰਕਿਰਿਆ ਵਿਚ ਕੋਈ ਅੜਚਨ ਸਥਾਈ ਨਹੀਂ,ਹਰ ਸਮੱਸਿਆ ਦਾ ਸਮਾਧਾਨ ਆਪੂੰ ਸਾਹਮਣੇ ਆ ਖਲੋਂਦਾ ਹੈ ਜਿਵੇਂ ਪੂਰੀ ਕਾਇਨਾਤ ਦੀ ਕਾਇਆ ਵਿਚ ਸਭ ਕੁਝ ਹੀ ਨਿਹਿਤ ਪਿਆ ਹੋਵੇ; **ਜੋ ਕਿਛੁ ਪਾਇਆ ਸੁ ਏਕਾ ਵਾਰ ॥(7)...**ਤੇ ਕਾਰਨ ਕਾਰਜ ਆਪਣਾ-ਆਪਣਾ ਸਮਾਂ ਸਥਾਨ ਤੇ ਵਾਰ ਉਡੀਕ ਰਹੇ ਹੋਵਣ, ਇਹੋ ਜਿਹਾ ਹੈ 'ਹਰਿ ਦਾ ਧਰਮ!...ਜੋ ਉਸ ਦੀ ਪੂਰੀ ਮਾਨਵਤਾ ਪ੍ਰੀਤੀ ਅਸੀਮ ਦਇਆਲਤਾ ਵਿਚੋਂ ਸੁਤੇ-ਸਿਧ ਉਗਮ ਰਿਹਾ ਹੈ। ਗੁਰਬਾਣੀ ਵਿਚ ਧਰਮ ਨੂੰ ਦਇਆ ਦਾ ਪੁੱਤਰ ਆਖਿਆ ਹੈ ਗਿਆ-ਦਇਆਲਤਾ, ਸਰਵਪੱਖੀ ਸੁੰਦਰਤਾ, ਹਰਿਆਵਲਤਾ- ਸੱਤਤਾ, ਅਟੱਲਤਾ, ਅਡੋਲਤਾ, ਅਗਮਤਾ, ਉਦਾਰਤਾ, ਉਧਾਰਤਾ, ਨਿਰਤੰਰਤਾ ਤੇ ਸੁਤੰਤਰਤਾ, ਨਿਰਵੈਰਤਾ ਤੇ ਨਿਰਭੈਤਾ ਆਦਿਕ ਹਰਿ ਪ੍ਰਭੂ ਪ੍ਰੇਮ ਦੇ ਕਾਰਜ ਖੇਤਰ ਦੇ ਗੁਣ ਤੇ ਲੱਛਣ ਹਨ। ਸੰਪੂਰਨ ਸ੍ਰਿਸ਼ਟੀ ਵਿਚਲੀਆਂ ਵਿਪਰੀਤ ਵਸਤੂਆਂ ਦਾ ਤਨਾਸਬ ਕਾਇਮ ਰੱਖਿਆਂ ਜਾ ਰਿਹਾ ਹੈ, ਵਿਰੋਧੀ ਤਾਕਤਾ ਦਾ ਤਵਾਜ਼ਨ ਬਰਕਰਾਰ ਬਣਿਆ ਰਹਿੰਦਾ ਹੈ,ਜੀਵ ਜੰਤੂਆਂ,ਜਾਨਵਰਾਂ,ਇਨਸਾਨਾਂ,ਹੈਵਾਨਾਂ ਤੇ ਸ਼ੈਤਾਨਾਂ ਦੀ ਸਹਿਹੋਂਦ ਲਈ ਲੋੜੀਂਦੇ ਸਮਤੋਲ ਤੇ ਸੰਤੁਲਨ ਨੂੰ ਸਾਵਾਂ ਟਿਕਾਏ ਰੱਖਣ ਲਈ ਕਰਤਾ ਪੁਰਖ 'ਹਰਿ' ਜੀ ਦੇ ਕੋਲ ਹਰ ਤਰ੍ਹਾ ਦੇ ਸੰਦ ਕਲ ਪੁਰਜ਼ੇ,ਸਾਧਨ ਤੇ ਸਮੱਗਰੀ, ਹੱਥ ਤੇ ਹਥਿਆਰ ਰੂਪੀ ਸਮਰੱਥ-ਸ਼ਕਤੀਆਂ ਹਮੇਸ਼ਾ-ਹਮੇਸ਼ਾ ਤਿਆਰ ਬਰ-ਤਿਆਰ ਸਾਵਧਾਨ ਤੇ ਇਕਾਗਰਚੀਤ, ਹੁਕਮ ਦੀ ਉਡੀਕ ਵਿਚ ਖੜ੍ਹੀਆਂ ਖਲੋਤੀਆਂ ਹਨ।

**ਨੈਤਿਕ ਅਤੇ ਸਦਾਚਾਰਕ ਅਧੋਗਤੀ**: ਪ੍ਰਕਿਰਤਕ ਵਿਕਾਸ-ਸੰਚਾਰ **'ਜੀਆ ਕਾ ਆਹਾਰੁ ਜੀਅ'** ਅਤੇ ਜਾਂਗਲੀ ਵਿਵਸਥਾ ਦੇ ਅੰਤਰਗਤ, ਸ਼ੇਰ ਦੀ ਦੂਜੇ ਸਾਰਿਆਂ ਛੋਟੇ ਜਾਨਵਰਾਂ ਉੱਪਰ ਜ਼ਿੰਦਗੀ-ਮੌਤ ਦੀ ਅਧਿਕਾਰ-ਸਮਰੱਥਾ ਨੂੰ ਵੇਖਦਿਆ-ਪਰਖਦਿਆਂ ਮਨੁੱਖ ਵੀ ਆਪਣੇ ਹੀ ਆਲੇ-ਦੁਆਲੇ ਦੇ ਭਾਈਚਾਰੇ ਦੇ ਮਾੜੇ-ਕਮਜ਼ੋਰਾਂ ਨੂੰ ਬਲਪੂਰਵਕ ਦੁਬੇਲ ਬਣਾ ਕੇ ਆਪ ਕਬੀਲੇ ਦਾ ਮੁਖੀ ਬਣ ਬੈਠਾ। ਕਬੀਲੇ ਦਾ ਸਰਦਾਰ 'ਮਾਲਕ' ਤੇ ਬਾਕੀ ਬੰਦੇ ਛੋਟੇ-ਛੋਟੇ ਸੇਵਾਦਾਰ। ਮਨੁੱਖੀ ਭਾਈਚਾਰਾ ਕਬੀਲਿਆਂ, ਘਰਾਣਿਆਂ ਤੇ ਰਜਵਾੜਾ-ਸ਼ਾਹੀਆਂ'ਚ ਵੰਡਿਆਂ ਗਿਆ।ਤਾਕਤਵਰਾਂ-ਜਰਵਾਣਿਆਂ ਨੇ ਬਹੁਗਿਣਤੀ ਕਮਜ਼ੋਰਾਂ ਨੂੰ ਆਪਣਾ ਦਾਸ ਬਣਾ ਲਿਆ। ਗ਼ੁਲਾਮਾਂ ਕੋਲੋ ਜਾਨਵਰਾਂ ਵਾਲਾ ਕੰਮ ਲਿਆ ਜਾਂਦਾ ਸੀ ਤੇ ਅਜਿਹੇ ਬੇ-ਵਸ ਤੇ ਲਾਚਾਰ ਬੰਦਿਆਂ ਦੀ ਜ਼ਿੰਦਗੀ ਇਕ ਅੱਲਾ ਦੇ ਨੂਰ ਤੋਂ ਉਪਜੇ ਮਾਨਵ-ਜਗਤ ਵਾਸਤੇ ਲਾਹਨਤ ਤੇ ਸ਼ਰਮਿੰਦਗੀ ਤੋਂ ਵੱਧ ਕੁਝ ਵੀ ਨਹੀਂ ਸੀ।

ਅਖੌਤੀ ਧਾਰਮਿਕ ਵਰਤਾਰੇ ਵਿਚ ਵੀ ਇਸੇ ਤਰ੍ਹਾਂ, ਸਿਆਣਿਆਂ, ਸੂਝਵਾਨਾ ਤੇ ਸਮਰਥ ਬ੍ਰਹਮਣਾਂ-ਮੌਲਾਣਿਆਂ ਨੇ ਆਪਣੇ ਆਪ ਨੂੰ ਸਰਵਸ੍ਰੇਸ਼ਠ, ਸਭ ਤੋਂ ਉੱਤਮ ਤੇ ਉੱਚਤਮ ਘੋਸ਼ਿਤ ਕਰਦਿਆਂ, ਬਾਕੀ ਸਾਰਿਆਂ ਨੂੰ ਨੀਵੇ, ਹੋਰ ਨੀਵੇਂ ਤੇ ਸਭ ਤੋਂ ਨੀਵੇਂ ਵਰਗਾ ਵਿਚ ਪੱਕੇ ਤੌਰ ਤੇ ਵੰਡ ਦਿੱਤਾ। ਇਸ ਤੰਤ੍ਰ ਨੂੰ ਉਨ੍ਹਾਂ ਜਾਤੀ ਧਰਮ ਦਾ ਨਾਂ ਦਿੱਤਾ ਤੇ ਸਾਰੀਆ ਜਾਤੀਆਂ ਲਈ ਅੱਡੋ-ਅੱਡ ਧਰਮ, ਕਰਤੱਵ,ਕਿਰਤ-ਵਿਰਤ ਅਤੇ ਰਹਿਣ-ਸਹਿਣ ਦੇ ਨਿਰਧਾਰਤ ਨਿਯਮਾਂ ਦਾ ਵਿਧੀ-ਵਿਧਾਨ ਘੜ ਲਿਆ।'ਜੋਤਿ ਰੂਪ

ਹਰਿ' ਜੀ ਦੀ ਸਮਦ੍ਰਿਸ਼ਟੀ ਵਾਲੀ ਸਰਵ ਕਲਿਆਂਣਕਾਰੀ ਪ੍ਰਕਿਰਤਕ-ਪ੍ਰਣਾਲੀ ਨੂੰ ਖੰਡ-ਖੰਡ ਕਰਦੇ, ਮਨੁੱਖੀ ਸਮਾਜ ਵਿਚ ਅਸਾਵੇਂ, ਗੈਰ-ਕੁਦਰਤੀ ਵੰਦ-ਵਿਤਕਰਿਆਂ ਨੂੰ ਉਸਾਰਦੇ ਟਕਰਾਵ ਅਤੇ ਅੰਤਰ ਜਾਤੀ ਵੈਰ ਵਿਰੋਧ ਨੂੰ ਬੜ੍ਹਾਵਾ ਦਿੰਦੇ ਨਿਰਾਰਥਕ ਤੇ ਭ੍ਰਿਸ਼ਟ ਰੀਤੀ-ਰਿਵਾਜਾਂ ਵਾਲੇ ਕਰਮ-ਕਾਂਡਾਂ ਨੂੰ ਧਰਮ ਦਾ ਆਧਾਰ ਮੰਨ ਲਿਆ ਗਿਆ। ਕਰਤਾ ਪੁਰਖ ਜ਼ਾਂ ਰਮਤ-ਰਾਮ ਦੀ ਸੱਚੀ-ਸੁੱਚੀ ਸ਼ਰਧਾ ਵਿੱਚ ਓਤ-ਪੋਤ ਦਾ ਸਾਦਾ ਸੁਭਾਅ ਤੇ ਸਰਲ ਸਨਤੋਖੀ ਆਚਾਰ ਵਿਹਾਰ ਵਾਲੀ ਲੋਕਾਈ ਨੂੰ ਪੰਡਿਤਾਂ-ਮੌਲਵੀਆਂ ਨੇ ਆਪਣੇ ਡੰਭੀ ਭਰਮ ਜਾਲ ਵਿਚ ਜਕੜ ਲਿਆ।

**ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ ॥**

ਅਤੇ

**ਕੂੜੁ ਅਮਾਵਸ ਸਚੁ ਚੰਦ੍ਰਮਾ**

**ਦੀਸੈ ਨਾਹੀ ਕਹ ਚੜਿਆ॥** **(145)** ਦੇ ਹਾਲਾਤ ਬਣ ਗਏ।

ਪ੍ਰਾਚੀਨਤਮ ਭਾਰਤੀ ਸੰਸਕ੍ਰਿਤੀ, ਧਰਮ ਤੇ ਵੈਦਿਕ ਸਾਹਿਤ ਨੇ ਬ੍ਰਹਮਾ ਦੇ ਮੁੱਖ ਤੋਂ ਬ੍ਰਾਹਮਣ, ਬਾਹਵਾਂ ਤੋਂ ਖੱਤ੍ਰੀ, ਪੇਟ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੁੰਦਿਆਂ ਦਾ ਗਿਆਨ ਪੜ੍ਹਾਇਆ। ਮਨੂੰ ਸਿਮ੍ਰਿਤੀ ਨੇ ਉਪਜੀਵਕਾ ਲਈ ਕੰਮਾਂ-ਕਾਰਾਂ,ਸਿਖਿੱਆ-ਦੀਖਿਆ,ਸੰਸਕਾਰ,ਕਰਤੱਵ,ਤੇ ਅਧਿਕਾਰਾਂ ਸੰਬੰਧੀ ਕੱਟੜ ਕਾਨੂੰਨ ਪ੍ਰਚਲਿਤ ਕੀਤੇ ।ਬ੍ਰਹਮਣ ਨੇ ਕੇਵਲ ਧਰਮ-ਕਰਮ ਦੇ ਕਾਰਜ ਅਤੇ ਖੱਤਰੀਆਂ ਨੇ ਰਾਜ ਭਾਗ ਸੰਭਾਲਦਿਆਂ ਬਾਹਰਲੇ ਹਮਲਾਵਰਾਂ ਤੋਂ ਦੇਸ਼ ਦੀ ਰਾਖੀ ਕਰਨੀ ਸੀ।ਵੈਸ਼ਾਂ ਨੇ ਵਪਾਰ ਦੁਆਰਾ ਆਪਣੀ ਵਿੱਤੀ ਸਮਰੱਥਾ ਨੂੰ ਵਧਾਉਣ ਦੇ ਨਾਲ-ਨਾਲ ਰਾਜ ਅਧਿਕਾਰੀਆਂ ਨੂੰ ਲੋੜੀਂਦਾ ਖਰਚਾ ਮੁਹੱਈਆ ਕਰਨਾ ਅਤੇ ਪੁਜਾਰੀ ਵਰਗ ਦੀਆਂ ਸੁੱਖ ਸੁਵਿਧਾਵਾ ਵੀ ਦਾਨ ਦਕਸ਼ਣਾ ਦੇ ਨੇਮਾਂ ਅਨੁਸਾਰ ਉਪਲਬਧ ਕਰਵਾਉਣੀਆਂ ਸੁਨਿਸ਼ਚਿਤ ਕਰਨਾ ਸੀ।ਸਮਾਜ ਦੀ ਵੱਡੀ ਬਹੁਗਿਣਤੀ ਸ਼ੂਦਰਾਂ ਨੇ ਤਾਂ ਉਪਰੋਕਤ ਉਚ ਜਾਤੀ ਘੱਟ-ਗਿਣਤੀ ਦੀਆਂ ਨਿੱਕੀਆਂ ਵੱਡੀਆਂ ਸਾਰੀਆਂ ਸੇਵਾਵਾਂ ਵਿਚ ਹੀ ਪੂਰੀ ਜ਼ਿੰਦਗੀ ਗੁਜ਼ਾਰਨੀ ਸੀ ।ਇਸ ਤਰ੍ਹਾਂ ਉਨ੍ਹਾਂ ਦੀ ਪ੍ਰਾਲਭਦ ਵਿਚ ਕੋਈ ਸਰੀਰਕ,ਸਮਾਜਕ,ਮਾਨਸਿਕ ਜਾਂ ਬੌਧਿਕ ਉੱਨਤੀ ਦੀ ਸੰਭਾਵਨਾ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਗਿਆ। ਨਿਮਾਣਿਆਂ,ਨਿਤਾਣਿਆਂ ਤੇ ਨਿਆਸਰਿਆਂ ਨੇ ਦਲਿਤ ਵਰਗ ਦੀ ਹੋਣੀ ਨੂੰ ਆਪਣੀ ਕਿਸਮਤ ਸਮਝ ਕੇ ਸਵੀਕਾਰ ਕਰ ਲਿਆ... ਤੱਤਕਾਲੀਨ ਦੇਵ-ਕੁਲ ਰਿਸ਼ੀਆਂ,ਵਿਦਵਾਨਾਂ ਰਾਜਿਆਂ ਰਾਣਿਆਂ ਤੇ ਧਰਮ ਦੇ ਠੇਕੇਦਾਰਾਂ ਦੀ ਮਿਲੀ-ਭਗਤ,ਮਰਜ਼ੀ ਤੇ ਆਦੇਸ਼ਾਂ ਦੇ ਅਨੁਕੂਲ।

**ਗੁਰੂ ਨਾਨਕ ਆਗਮਨ-**ਤੇਤੀ ਕਰੋੜ ਦੇਵਤਿਆਂ ਦੀ ਜਨਮ ਭੂਮੀ ਹਿੰਦੁਸਤਾਨ ਦੀ ਜਨ-ਸਾਧਾਰਨ ਮਿਹਨਤਕਸ਼ ਪਰਜਾ, ਆਪਣੇ ਦੁਰਭਾਗ ਦੀ ਸਿਖਰ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ ਜਦੋਂ ਵਿਦੇਸ਼ੀ ਧਾੜਵੀਆਂ,ਬਾਬਰਕਿਆਂ ਜਰਵਾਣਿਆਂ ਨੇ ਮਖਲੂਕਾਤ ਦੀ ਅੰਨ੍ਹੀ ਲੁੱਟਮਾਰ ਤੇ ਬੇ-ਬਹਾ ਅੱਤਿਆਚਾਰਾਂ ਦਾ ਕਹਿਰ ਨਾਜ਼ਲ ਕੀਤਾ।ਸਮੇਂ ਦੇ ਮੁੱਠੀ ਭਰ ਧਾਰਮਿਕ ਤੇ ਰਾਜਨੀਤਕ ਆਗੂ,ਅਤਿ ਨਿਰਬਲ,ਨਿਰਾਸ਼ਾ 'ਚ ਡੁਬੇ ਤੇ ਸਾਹ ਸਤ ਹੀਣ ਹੋਏ ਦੇਸ਼ ਵਾਸੀਆਂ ਨੂੰ ਲੋੜੀਂਦੀ ਅਗਵਾਈ ਤੇ ਸੁਰੱਖਿਆ-ਸੰਭਾਲ ਦੇਣ ਵਿਚ ਬਿਲਕੁਲ ਨਾ-ਕਾਮਯਾਬ ਰਹੇ। ..ਤੇ ਹੁਣ

**ਸਤਿ ਸੁਹਾਣੁ ਸਦਾ ਮਨਿ ਚਾਉ ॥ (4)** ਸਰੂਪ 'ਹਰਿ' ਜੀ ਦੀ '**ਘਟ ਘਟ ਮੈ ਹਰਿ ਜੂ ਬਸੈ॥ (1427)** ਅਦ੍ਰਿਸ਼ਟ ਕਰਤਾਰੀ ਸਫੁਰਤਾ ਨੇ ਆਮ-ਲੋਕਾਈ ਦੀ ਮਾਨਸਿਕਤਾ ਨੂੰ ਹਲੂਣਿਆ, ਝੰਜੋੜਿਆਂ ਅਤੇ ਰੱਬੀਹੁਕਮ ਦੀ ਸੋਝੀ ਦਿੱਤੀ:

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ (417)**

ਹਰਿ ਪ੍ਰਭੂ ਜੀ ਦੇ ਅਗੰਮੀ ਨਾਦ ਨੇ ਗੁਰੂ ਨਾਨਕ ਵਿਚਾਰਧਾਰਾ, ਗੁਰਬਾਣੀ ਉਪਦੇਸ਼ ਦੁਆਰਾ ਮਾਨਵਤਾ ਦੀਆ ਸੁੱਤੀਆਂ ਕਲਾ ਨੂੰ ਜਗਾ ਕੇ , ਧਰਮ ਦੇ ਕਰਤਵਾਂ ਤੇ ਕਾਰਜਯੋਜਨਾ ਨੂੰ ਆਪਣੇ 'ਹੁਕਮ' ਦੇ ਅਨੁਰੂਪ ਕ੍ਰਾਂਤੀਕਾਰੀ ਮੋੜ ਦਿੱਤਾ। ਗੁਰੂ ਨਾਨਕ ਨੇ ਮਨੁੱਖਤਾ ਨੂੰ ਸ੍ਵੈਮਾਨਤਾ,ਸਮਾਨਤਾ, ਸਾਂਝੀਵਾਲਤਾ ਤੇ ਹੱਕ-ਨਿਆਂ ਨੂੰ ਸਮਰਪਿਤ ਸਹਿਹੋਂਦ ਦੀ ਦਿਸ਼ਾ ਵੱਲ ਸਮਾਜਿਕ-ਰਾਜਨੀਤਕ ਵਿਕਾਸ ਅਤੇ ਆਤਮਕ ਵਿਗਾਸ ਦੀਆਂ ਸ੍ਰੇਸ਼ਟ ਹੋਣੀਆਂ ਦਾ ਰੂਹਾਨੀ ਰਾਹ ਵਿਖਾਇਆ। ਪੂਰਬਲੇ ਧਰਮਾਂ ਨੇ 'ਪਾਪ ਕੀ ਜੰਞਜਾਂ ਧਰਮ ਦੀ ਹਾਨੀ ਦਿਆਂ ਹਾਲਾਤਾਂ ਨੂੰ ਠੱਲ੍ਹ ਪਾਉਣ ਹਿਤ ਭਗਵਾਨ ਜੀ ਦੇ ਅਵਤਾਰ ਧਾਰਨ ਦੀ ਉਡੀਕ ਕਰਨ ਦਾ ਸਿਧਾਂਤ ਦੱਸਿਆਂ ਸੀ ਕਈਆਂ ਨੇ ਰੱਬ ਦੇ ਪੁੱਤਰ ਆਮਦ ਜਾਂ ਪਵਿੱਤਰ-ਪੈਗ਼ੰਬਰਾਂ ਦੀਆਂ ਸਿਫਾਰਸ਼ਾਂ ਉਪਰ ਅਕੀਦਾ ਰੱਖਣ ਦੀ ਤਾਕੀਦ ਕੀਤੀ ਇਤਿਆਦਿ। ਗੁਰੂ ਨਾਨਕ ਵਿਚਾਰਧਾਰਾ ਭਾਵ ਗੁਰਬਾਣੀ ਨੇ ਜਨ-ਸਾਧਰਣ ਮਨੁੱਖਾਂ ਦੇ ਅੰਤਰੀਵ ਨਿਹਿਤ ਨੂਰੀ ਜੋਤਿ ਨੂੰ ਪ੍ਰਕਾਸ਼ਮਾਨ ਕਰਦਿਆਂ ਦੈਵੀ ਸ਼ਕਤੀਆਂ ਨੂੰ ਉਭਾਰ ਕੇ ਹਰੀ-ਪ੍ਰਭੂ ਦੀ ਅਬਚਲੀ ਸਮਦ੍ਰਿਸ਼ਟ ਵਿਉਂਤਬੰਦੀ ਨੂੰ ਅੱਗੇ ਤੋਰਨ ਦੇ ਵਸੀਲਿਆਂ ਦੀ ਘਾੜਤ ਘੜੀ

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥**

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥**

**(462)**

ਧਰਮ ਦੇ ਅਰਥਾਂ ਅਤੇ ਪਰਿਭਾਸ਼ਾ ਵਿਚ ਨਵੇਂ ਦਿਸਹੱਦੇ ਉਲੀਕੇ ਗਏ। 'ਹਰਿ'ਤਾਂ **ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ (1)** ਹੈ ਤੇ ਭਵਿੱਖ ਵਿਚ ਵੀ ਸਦੀਵੀ ਹੋਂਦ ਰਵ੍ਹੇਗਾ।...ਪਰ ਵਾਹ! 'ਹਰਿ' ਕਰਤਾ ਪੁਰਖ ਹੈ, ਆਪਣੈ ਕ੍ਰਿਤ ਵਿਚ ਬਿਰਾਜਮਾਨ ਹੈ,ਸਾਰੇ ਸਰੀਰ ਉਸ ਦੇ ਹਨ, ਜਿੱਥੇ,ਜਿਥੋਂ ਜਾਂ ਜਿਵੇਂ ਉਹ ਚਾਹਵੇ ਉਥੇ,ਉਥੋਂ ਤੇ ਉਵੇਂ ਹੀ ਉਹ ਆਪਣੇ ਭਾਣੇ ਅਨੁਸਾਰ ਕਾਰਜਸ਼ੀਲ ਹੋ ਉੱਠਦਾ ਹੈ।'ਹਰਿ'-ਪ੍ਰਭੂ ਦੀ ਕਾਰਜਯੋਜਨਾ ਵਿਚ ਗੁਰੂ ਨਾਨਕ ਨੇ ਪਰਮੇਸਰੁ-ਮੁਖੀ ਹੋ ਕੇ ਮਾਨਵਵਾਦੀ ਉਦਾਰ,ਉੱਧਾਰ ਤੇ ਉੱਥਾਨ ਦਾ ਮਾਰਗ ਦਰਸ਼ਨ ਦਿੱਤਾ, ਗੁਰੂ ਨਾਨਕ ਹੀ ਅਗਲੇਰੀਆਂ ਪਲਟਵੀਂ ਕਾਇਆ-ਸਰੂਪਾਂ ਰਾਹੀ 'ਹਰਿ' ਜੀ ਦੇ ਕਾਰਜਾਂ ਦਾ ਸਮਰੱਥ ਮਾਧਿਅਮ ਹੋ ਨਿਬੜਿਆ ਅਤੇ ਉਸ ਨੇ ਸੰਸਾਰ ਵਿਚ ਕਰਤਾ-ਪੁਰਖ ਦੇ ਕਰਤੱਵਾਂ ਨੂੰ ਸਰੰਜਾਮ ਦਿੱਤਾ, 'ਹਰਿ' ਦੇ ਹੁਕਮਾਂ ਨੂੰ ਲੋਕਾਂ ਤਕ ਸੁਣਾਇਆ,ਪਵਿੱਤਰ ਨਿਯਮਾ ਦੀ ਸੋਝੀ ਦਿੱਤੀ ਅਤੇ ਗੁਰ-ਗੱਦੀ ਦੀਆਂ ਜ਼ਿੰਮੇਵਾਰੀਆਂ ਨੂੰ ਚਿਰ-ਸਥਾਂਈ ਬਣਾਨ ਲਈ ਸੱਚੇ ਧਰਮ ਨੂੰ ਸੰਸਥਾਗਤ ਰੂਪ ਪ੍ਰਦਾਨ ਕੀਤਾ....

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥**

**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

**(1408)**

**ਚਸ਼ਮਦੀਦ ਗਵਾਹੀ:** ਭਾਰਤੀ ਸਮਾਜ ਵਿਚਲੇ,

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥**

**ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥**

**ਸੋਈ ਬ੍ਰਹਮਣੁ ਪੂਜਣ ਜੁਗਤੁ ॥**

**(1411)**

ਵਰਗ ਵਿਚੋਂ ਕੌਸ਼ਸ਼ ਰਿਸ਼ੀ ਦੀ ਸੰਤਾਨ ਤੇ ਸਰਸ੍ਵਤੀ ਨਦੀ ਦੇ ਕੰਢਿਆਂ ਦੇ ਜੰਮਪਲ,ਸੱਚ ਦੀ ਖੋਜ ਵਿਚ ਨਿਕਲੇ ਭੱਟ ਬ੍ਰਾਹਮਣ,ਵਰ੍ਹਿਆਂ ਦੀ ਭਟਕਣਾ ਮਗਰੋਂ ਜਦੋਂ ਬਿਆਸਾ ਦਰਿਆ ਦੇ ਕੰਢੇ ਗੋਇੰਦਵਾਲ ਵਿਖੇ ਪੰਜਵੇ ਨਾਨਕ ਜੀ ਦੇ ਦਰਬਾਰ ਪਹੁੰਚੇ ਤਾਂ...

**ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ॥**

**ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੁਨ ਤੀਰਿ ਬਿਪਾਸ ਬਨਾਯਉ॥**

**ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥ (1400)**

ਵਿਦਵਾਨ ਬ੍ਰਾਹਮਣ ਭੱਟਾਂ ਨੇ ਪਰਮ-ਤਤ੍ਵ ਦੀ ਏਕਤਾ, ਪੂਰੀ ਜੈਵਿਕਤਾ

ਦੀ ਇਕੋ ਸੰਗਲੀ ਅਤੇ ਵਿਸ਼ੇਸ ਰੂਪ ਵਿੱਚ ਪ੍ਰਾਣੀ ਮਾਤ੍ਰ ਦੀ ਸਨਮਾਨਤਾ ਤੇ ਬਰਾਬਰਤਾ ਦੇ ਨਾਲ ਨਾਲ ਸਰਬੱਤ ਦੇ ਭਲੇ ਲਈ ਪੂਜਾ-ਅਰਚਨਾ-ਅਰਦਾਸਾਂ ਸਬੰਧੀ ਉਲੇਖ-ਆਦੇਸ਼ ਤਾਂ ਵੇਦਾਂ, ਅਰਨਯਾਕਾਂ, ਉਪਨਿਸ਼ਦਾਂ, ਵੇਦਾਂਤਾਂ ਆਦਿ ਵਿਚੋਂ ਪੜ੍ਹੇ-ਸੁਣੇ ਹੋਏ ਸਨ ਪਰ **'ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥ ' (1396)** ਅਨੁਸਾਰ ਅਜਿਹੇ ਈਸ਼ਵਰੀ-ਗੁਣਵੱਤੀ ਭਰਪੂਰ ਸਮਾਜਿਕ ਵਰਤਾਰੇ ਦੀ ਹੋਂਦ ਕਿਧਰੇ ਨਜ਼ਰ ਨਹੀ ਸੀ ਆਈ।

ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਖੇ ਉਨ੍ਹਾਂ ਉਕਤ ਸਿਧਾਂਤਾਂ ਦੇ ਉਪਦੇਸ਼ ਅਤੇ ਅਮਲ ਦਾ ਵਾਸਤਵਿਕ ਵਰਤਾਰਾ ਅੱਖੀਂ ਡਿੱਠਾ,ਜਿਵੇਂ ਹਰਿ ਪ੍ਰਭੂ ਆਪ ਆਪਣੀ ਸਿਰਜਨਾ ਨੂੰ ਸੰਵਾਰ-ਸੰਭਾਲ ਰਿਹਾ ਹੋਵੇ, 'ਹਰਿ' ਜੀ ਆਪਣੇ ਹੁਕਮ-ਰਜਾਈ ਕਾਰਜ ਕੌਸ਼ਲ ਨੂੰ ਸਮੁੱਚੀ ਸ੍ਰਿਸ਼ਟੀ ਤੱਕ ਪਹੁੰਚਾਣਾ ਲੋਚਦੇ ਹੋਣ।ਗੁਰੂ ਦਰਬਾਰ ਵਿਖੇ **ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥(74)** ਦੀ ਵਿਕਾਸ ਪ੍ਰਕਿਰਿਆ**, 'ਸਦਾ ਵਿਗਾਸ'** ਨੂੰ ਆਗਾਹਾਂ ਕੂ ਤਾਂਘਦੀ ਅਦ੍ਰਿਸ਼ਟ 'ਹਰਿ' ਪ੍ਰਭੂ ਦੀ ਸਫੁਰਤਾ,ਸੰਗਤ ਪੰਗਤ ਸਾਂਝੀਵਾਲਤਾ, ਸਹਿਣਸ਼ੀਲਤਾ, ਸਹਿਰਦਤਾ, ਸਰਬੱਤ ਦੇ ਭਲੇ ਨੂੰ ਲਾਗੂ ਕਰਦੇ ਗੁਰਬਾਣੀ-ਉਪਦੇਸ਼ ਦੇ ਰੂਪ ਵਿਚ ਦ੍ਰਿਸ਼ਟਮਾਨ ਹੋਰ ਹੀ ਹੈ। ਨਵ ਉਸਾਰੀਆਂ ਦੇ ਕਾਰਜ, ਕਿੱਤਾ-ਕੁਸ਼ਲਤਾ ਤੇ ਛੋਟੇ ਉਦਯੋਗਾਂ ਨੂੰ ਪ੍ਰੋਤਸਾਹਨ, ਵਪਾਰਕ ਸਹੂਲਤਾਂ ਲਈ ਵੱਖ-ਵੱਖ ਬਾਜ਼ਾਰ ਦੇ ਕੱਟੜੇ,ਸਿਹਤ ਸੇਵਾਵਾਂ ਤੇ ਨਿਰੋਗ ਜਵਾਨੀ ਲਈ ਮੱਲ-ਅਖਾੜੇ, ਵਿਦੇਸ਼ੀ ਲੁਟੇਰਿਆਂ, ਧਾੜਵੀਆਂ ਦੇ ਮੁਕਾਬਲੇ ਵੇਲੇ ਸਵੈਮਾਣ-ਸੁਰੱਖਿਆ ਤੇ ਸਮਾਜਿਕ-ਰਤਜਨੀਤਕ ਸਮਰੱਤਾ ਲਈ ਸ਼ਸਤਰਾ ਤੇ ਘੋੜਿਆਂ ਦੀ ਖਰੀਦਦਾਰੀ ਲਈ ਸਿੱਖਾਂ ਨੇ ਦੇਸ਼ਾ-ਵਿਦੇਸ਼ਾਂ ਨੂੰ ਜਾਣਾ, ਸਰਬ ਪੱਖੀ ਸਰੀਰਕ, ਸਮਾਜਿਕ, ਵਿੱਤੀ, ਮਾਨਸਿਕ ਤੇ ਬੌਧਿਕ ਵਿਕਾਸ ਦੀਆਂ ਗਤੀਵਿਧੀਆਂ 'ਹਰਿ' ਪ੍ਰਭੂ ਦੀ ਹੀ ਕਾਰਜਯੋਜਨਾ ਦਾ ਪ੍ਰਦਰਸ਼ਨ ਪ੍ਰਗਟ ਹੋ ਰਿਹਾ ਹੈ।... ਜਿਵੇਂ **ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥(97)** ਨੇ, ਬਿਨਾਂ ਕਿਸੇ ਜਾਤ ਪਾਤ ਵਰਣ ਆਸ਼ਰਮ,ਕੁਲ ਵੰਸ਼ ਵਰਗ ਰੰਗ ਨਸਲੀ ਭੇਦ ਭਾਵ ਦੇ,ਆਪਣੇ ਸਾਰੇ ਬੱਚਿਆਂ ਦੀ ਸੁਅਰਥ-ਵਿਵਸਥਾ ਦੀ ਸੁਨਿਸ਼ਚਿਤਤਾ ਲਈ ਮਨੁੱਖੀ-ਕਿਰਦਾਰ ਦੇ ਨਵ-ਨਿਰਮਾਣ ਵਾਸਤੇ ਕਰਤਾਰੀ-ਕਿਰਪਾਲੂ ਕਰਤੱਵਾਂ-ਕਰਣੀਆਂ ਦੀ ਕਾਰਜਸ਼ਾਲਾ ਲਗਾ ਰੱਖੀ ਹੋਵੇ!

**ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥(1193)**ਦੇ ਕ੍ਰਿਸ਼ਮਈ ਪਰਮੇਸ਼ਵਰੀ ਕਰਤੱਵਾਂ ਦੀ ਸੁਫਲਤਾ,ਪ੍ਰਫੁਲਤਾ ਤੇ ਸਫ਼ਲਤਾ ਦੇ ਸਨੂੰਖ,ਸਚੁ ਦੇ ਸਚਿਆਰ-ਢੂੰਡਾਊਆਂ ਨੇ,ਗੁਰੂ ਅਰਜਨ ਸਾਹਿਬ ਜੀ ਦੇ ਵਿਅਕਤੀਤਵ,ਕਾਰਜਾਂ,ਕਰਤਵਾਂ,ਕ੍ਰਿਤਾ ਤੇ ਕ੍ਰਿਸ਼ਮਿਆਂ ਵਿਚ 'ਹਰਿ' ਦੇ ਸਾਖਿਆਤ ਦਰਸ਼ਨਾਂ ਨੂੰ ਅਨੁਭਵ ਕੀਤਾ। ਭੱਟ ਮਥੁਰਾ ਜੀ ਨੇ **ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥(1408)**ਦੇ ਦੀਦਾਰ ਕਰਦਿਆਂ,ਦਵੈਤ ਦੇ ਸਾਰਿਆਂ ਭੇਦਾ ਨੂੰ ਨਾਸ਼ ਹੁੰਦਾ ਡਿੱਠਾ,ਅਦ੍ਵੈਤ ਪੂਰਨ ਬ੍ਰਹਮ 'ਹਰੀ' ਨੂੰ ਗੁਰੂ ਅਰਜਨ ਦੇ ਹਿਰਦੈ ਥਾਣੀ ਪ੍ਰਕਾਸ਼ਮਾਨ ਹੁੰਦਾ ਵੇਖਿਆ-

**ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥**

**ਪਰਤਛਿ ਰਿਦੈ ਗੁਰ ਅਰਜੁਨ ਕੈ**
**ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥**

**(1409)**

ਅਤੇ

ਇਸ ਪਵਿੱਤਰ ਪ੍ਰਮਾਤਮ ਨਿਯਮ ਨੂੰ ਚੰਗੀ ਤਰ੍ਹਾਂ ਸਮਝ-ਬੁਝ ਲਿਆ ਕਿ ਜਿਸ ਨੇ ਵੀ ਮਨ, ਬਚਨਾਂ ਅਤੇ ਕਰਮਾਂ ਕਰਕੇ ਹਰੀ-ਪ੍ਰਭੂ ਨੂੰ ਪਛਾਣ ਲਿਆ ਹੈ, 'ਹਰਿ' ਦੇ ਕਾਰਕ ਕਰਤੱਵਾਂ ਵਿੱਚ ਜੁਟ ਗਿਆ ਹੈ, ਉਹ ਹਰੀ ਵਰਗਾ ਹੀ ਹੋ ਗਿਆ ਹੈ, ਹਰੀ ਦਾ ਰੂਪ ਹੀ ਹੋ ਗਿਆ ਹੈ, ਮਾਨੋ ਹਰੀ ਹੀ ਹੋ ਗਿਆ ਹੈ। ਅਜਿਹੇ ਪ੍ਰੀਤ-ਸੰਜੋਗੀ ਖੁਸ਼ੀਆਂ-ਖੇੜਿਆਂ ਵਾਲੇ ਵਾਤਾਵਰਣ ਵਿਚਕਾਰ, ਰੁਣਝੁਣੌ ਸ਼ਬਦ ਅਨਾਹਦ ਦੇ ਸਰੂਰ ਵਿਚ ਅਲਮਸਤ, ਅਗੰਮੀ ਨੂਰੀ ਕਿਰਨਾਂ ਦੀ ਛਾਂਵੇਂ, ਅਥਾਹ-ਅਛੋਹ ਦੀਆਂ ਛੋਹਾਂ ਨਾਲ ਸਰਸ਼ਾਰ, ਮਖਮੂਰ ਤੇ ਵਿਸਮਾਦੀ ਅਨੰਦ ਦੀ ਅਕਹਿ-ਅਕਥ ਅਭਿਵਿਅਕਤੀ ਨੂੰ ਭੱਟ ਮਥੁਰਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਇੰਝ ਬਿਆਨਿਆਂ:

**ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥**
**ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥**
**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**
**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥**
**(1409)**

ਧਰਤੀ, ਆਕਾਸ਼ ਤੇ ਨੌਂ ਖੰਡਾਂ ਵਿੱਚ ਵਿਸਤ੍ਰਿਤ ਵਿਆਪਕ ਅਦ੍ਰਿਸ਼ਟ ਅਦਿੱਖ ਅਗੰਮ ਅਗੋਚਰੀ ਸੂਖਮ ਅਮਿਤੋਜ ਪਰਮ ਸੱਤਾ ਦਾ ਹੀ ਸਥੂਲ ਦਰਸ਼ਨ,ਗੁਰੂ ਅਰਜਨ ਜੀ ਰਾਹੀਂ ਪ੍ਰਗਟ ਹੋ ਰਿਹਾ ਹੈ...ਗੁਰੁ ਅਰਜਨੁ ਪਰਤਖੵ ਹਰਿ ...ਪਰੋਕਸ਼ 'ਹਰਿ' ਦਾ ਪਰਤੱਖ ਰੂਪ ਗੁਰੂ ਅਰਜਨ ਹੈ ਅਤੇ ਗੁਰੁ ਅਰਜਨ ਦਾ ਸੂਖਸ਼ਮ ਜਾਂ ਪਰੋਕਸ਼ ਸਰੂਪ 'ਹਰਿ' ਹੈ! ਅਜਿਹੇ ਦਾਰਸ਼ਨਿਕ ਵਿਚਾਰਾਂ ਦਾ ਉਲੇਖ ਗੁਰਬਾਣੀ ਵਿਚ ਅਨੇਕਾ ਸੰਦਰਭਾਂ ਵਿਚ ਉਪਲਬਧ ਹੈ।

**ਯਥਾ:**
**ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥ (599)**
**ਤਥਾ:**
**ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥**

-0-

**ਸ਼ਬਦ ਵਿਚਾਰ** **ਸਫਾ 8 ਦਾ ਬਾਕੀ**

ਲਈ ਪੁਜਾਰੀਆਂ ਤੋਂ ਅਰਦਾਸਾਂ ਕਰਾਉਂਦੇ ਹਨ, ਸੁੱਖਣਾ ਸੁੱਖਦੇ ਹਨ, ਪੂਜਾ-ਪਾਠ ਕਰਦੇ ਜਾਂ ਕਰਾਉਂਦੇ ਹਨ? ਅਜਿਹਾ ਯਤਨਾਂ ਨਾਲ ਸਾਨੂੰ ਸੁੱਖਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ, ਕੇਵਲ ਖੱਜਲ-ਖੁਆਰੀ ਹੀ ਹੈ। ਅਸਲੀ ਰੱਬੀ ਨਾਮ ਉਹ ਹੈ ਜੋ ਸਾਨੂੰ ਦੁੱਖ-ਸੁੱਖ ਤੋਂ, ਪਰਮ-ਸ਼ਾਂਤੀ ਤੇ ਪਰਮ ਅਨੰਦ ਦੀ ਅਵਸਥਾ ਵਿੱਚ ਲਿਜਾਂਦਾ ਹੈ--੯-

1. ਸੁੱਖ ਨੂੰ ਪੱਕਾ ਬਣਾਉਣ ਲਈ ਰਾਮ ਦੀ ਸਰਨ ਲੈਣੀ ਪੈਣੀ ਹੈ ਤੇ ਰਾਮ ਸਰਣ ਦਾ ਭਾਵ ਸੱਚ ਦੀ ਸਰਣ ਹੈ।
2. ਸੱਚ ਦੀ ਸਰਣ ਵਿੱਚ ਚੱਲਣ ਵਾਲਿਆਂ ਦਾ ਆਰੇ ਦੇ ਦੰਦਿਆਂ ਤੇ ਉਬਲਦੀ ਦੇਗ ਵਿਚ ਸੁੱਖ ਖਿੜਦਾ ਹੈ-ਜੋ ਮਰਝਾਉਂਦਾ ਨਹੀਂ ਹੈ।
3. ਦ੍ਰਿੜ੍ਹ ਇਰਾਦੇ ਦਾ ਨਾਂ ਸਿਮਰਣ ਹੈ।
4. ਸਰੀਰਕ ਸੁੱਖ ਖਰੀਦੇ ਜਾ ਸਕਦੇ ਹਨ, ਪਰ ਮਨ ਦੇ ਸੁੱਖ ਲਈ ਸੱਚ ਸੰਤੋਖ ਨੂੰ ਸਮਰਪਤ ਹੋਣਾ ਪਏਗਾ।
5. ਸਰੀਰਕ ਸੁੱਖਾਂ ਨੂੰ ਤਿਆਗਦਿਆਂ ਸ਼ਹੀਦੀਆਂ ਵਾਲਾ ਰਾਹ ਚੁਣ ਕੇ, ਸਾਬਤ ਕਰ ਦਿੱਤਾ, ਕਿ ਅਸਲ ਸੁੱਖ ਇਹ ਹੈ।

*ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ॥*
*ਨਿਰਮਲ ਨਾਮੁ ਜਪਹੁ ਸਦ ਗੁਰਮੁਖਿ*
*ਅੰਤਰ ਕੀ ਗਤਿ ਤਾਹੀ ਜੀਉ॥ (੫੯੮)*

# ਸਿੱਖ ਇਤਿਹਾਸ ਦਾ ਖ਼ੂਨੀ ਘੱਲੂਘਾਰਾ ਜੂਨ 1984

-ਗਿਆਨੀ ਸਾਹਿਬ ਸਿੰਘ

**ਸਾਕਾ ਨੀਲਾ ਤਾਰਾ :** 3-5 ਜੂਨ 1984 ਨੂੰ ਭਾਰਤੀ ਫ਼ੌਜ ਦੁਆਰਾ ਕੀਤੀ ਗਈ ਸਿੱਖਾਂ ਦੇ ਧਾਰਮਕ ਅਸਥਾਨ ਦਰਬਾਰ ਸਾਹਿਬ (ਅੰਮ੍ਰਿਤਸਰ) 'ਤੇ ਫ਼ੌਜੀ ਕਾਰਵਾਈ ਹੈ। ਉਸ ਸਮੇਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੀ। ਸੰਤ ਜਰਨੈਲ ਸਿੰਘ (ਭਿੰਡਰਾਂਵਾਲਾ), ਭਾਈ ਅਮਰੀਕ ਸਿੰਘ (ਮੁਕਤਸਰ) ਤੇ ਜਰਨਲ ਸੁਬੇਗ ਸਿੰਘ; ਉਸ ਸਮੇਂ ਦਰਬਾਰ ਸਾਹਿਬ ਵਿੱਚ ਸ਼ਾਮਲ ਸਨ। ਇਨ੍ਹਾਂ ਦੇ ਨਾਲ ਹੋਰ ਵੀ ਬਹੁਤ ਸਾਰੇ ਸਿੰਘ ਗੁਰਦੁਆਰਾ ਸਾਹਿਬ ਅੰਦਰ ਸਨ, ਜਿਨ੍ਹਾਂ ਨੂੰ ਆਤੰਕਵਾਦੀ ਕਹਿ ਕੇ ਫ਼ੌਜ; ਗੁਰਦੁਆਰੇ 'ਚੋਂ ਕੱਢਣਾ ਚਾਹੁੰਦੀ ਸੀ। ਇਸ ਫ਼ੌਜੀ ਕਾਰਵਾਈ ਵਿੱਚ ਬਹੁਤ ਸਾਰੇ ਲੋਕਾਂ ਦੀ ਜਾਨ ਚਲੀ ਗਈ।

**ਘੱਲੂਘਾਰਾ :** ਸੰਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਦਰ ਭਾਰਤੀ ਫ਼ੌਜ ਵੱਲੋਂ, ਜਿਸ ਨੂੰ ਫ਼ੌਜੀ ਰਵਾਇਤ ਅਨੁਸਾਰ ਸਾਕਾ ਨੀਲਾ ਤਾਰਾ ਆਖਿਆ ਗਿਆ ਹੈ, ਆਜ਼ਾਦ ਭਾਰਤ ਵਿੱਚ ਕਿਸੇ ਧਰਮ ਅਸਥਾਨ ਅੰਦਰੋਂ ਤਥਾ ਕਥਿਤ ਅਪਰਾਧੀਆਂ ਨੂੰ ਕੱਢਣ ਲਈ ਕੀਤੀ ਗਈ ਸਭ ਤੋਂ ਵੱਡੀ ਕਾਰਵਾਈ ਹੈ। ਮਹਾਨ ਕੋਸ਼ ਮੁਤਾਬਕ ਘੱਲੂਘਾਰਾ ਦਾ ਅਰਥ ਤਬਾਹੀ, ਗ਼ਾਰਤੀ ਜਾਂ ਸਰਵਨਾਸ਼ ਹੁੰਦਾ ਹੈ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ; ਦੋਵੇਂ ਗੁਰੂ ਸਾਹਿਬਾਨ ਵੱਲੋਂ ਉਸਾਰੇ ਗਏ ਪਵਿੱਤਰ ਅਸਥਾਨ ਹਨ।



**ਦਰਬਾਰ ਸਾਹਿਬ ਸਮੂਹ ਵਿੱਚ ਜਨਰਲ ਸੁਬੇਗ ਸਿੰਘ ਨੇ ਮਜ਼ਬੂਤ ਮੋਰਚਾਬੰਦੀ ਕਰ ਰੱਖੀ ਸੀ। 6 ਜੂਨ 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ 'ਤੇ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਨਾਲ ਫ਼ੌਜੀ ਕਾਰਵਾਈ ਬੰਦ ਕਰ ਦਿੱਤੀ। ਸਰਕਾਰੀ ਅੰਕੜਿਆਂ ਅਨੁਸਾਰ 136 ਫ਼ੌਜੀ ਮਰੇ ਅਤੇ 220 ਜ਼ਖ਼ਮੀ ਹੋਏ ਅਤੇ 492 ਨਾਗਰਕ ਤੇ ਖਾੜਕੂ ਮਾਰੇ ਗਏ। ਮੇਜਰ ਜਰਨਲ ਕੁਲਦੀਪ ਸਿੰਘ ਬਰਾੜ (ਜੋ ਉਸ ਸਮੇਂ ਦਰਬਾਰ ਸਾਹਿਬ ਅੰਦਰ ਫ਼ੌਜ ਦੀ ਅਗਵਾਈ ਕਰ ਰਿਹਾ ਸੀ) ਦੀ ਨਵੀਂ ਕਿਤਾਬ ਮੁਤਾਬਕ ਕੁੱਲ 15307 ਲੋਕ ਮਰੇ ਅਤੇ 17000 ਤੋਂ ਵੱਧ ਜ਼ਖ਼ਮੀ ਹੋਏ।**

**ਇਤਿਹਾਸਕ ਕਾਰਨ :** ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਪਰੈਲ 1978 ਦੇ ਨਿਰੰਕਾਰੀ ਅਤੇ ਸਿੱਖ ਝਗੜੇ ਦੇ ਮੁਕੱਦਮੇ ਦੀ ਤਫ਼ਤੀਸ਼ ਤੋਂ ਲੈ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ 20 ਸਤੰਬਰ 1981 ਨੂੰ ਮਹਿਤਾ ਚੌਂਕ ਵਿੱਚ ਗ੍ਰਿਫ਼ਤਾਰੀ, ਧਰਮ ਯੁੱਧ ਮੋਰਚਾ 18 ਜੁਲਾਈ 1982 ਦੀ ਆਰੰਭਤਾ, ਸਾਕਾ ਨੀਲਾ ਤਾਰਾ, ਬਲੈਕ-ਥੰਡਰ ਤੋਂ ਬਾਅਦ ਸੰਨ 1997 ਤੱਕ ਪੰਜਾਬ ਦੀ ਜਨਤਾ ਨੇ ਬਹੁਤ ਕੁਝ ਦੇਖਿਆ ਅਤੇ ਸਰੀਰ 'ਤੇ ਹੰਢਾਇਆ। ਰਾਜਸੀ, ਪੁਲੀਸ ਤੇ ਪ੍ਰਬੰਧਕੀ ਅਫ਼ਸਰਾਂ ਵੱਲੋਂ ਸਮੇਂ ਸਿਰ ਉਚਿਤ ਕਾਰਵਾਈ ਕਰਨ ਵਿੱਚ ਵਰਤੀ ਗਈ ਢਿੱਲ-ਮੱਠ ਤੇ ਰਾਜਸੀ ਲਾਹੇ ਦੇ ਲਾਲਚ ਕਾਰਨ ਹਾਲਾਤ ਬਹੁਤ ਵਿਗੜ ਗਏ ਸਨ। ਅਪਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਵੱਲੋਂ ਸ਼ਹਿਰ ਵਿੱਚ ਕੱਢਿਆ ਜਾ ਰਿਹਾ ਰੋਸ ਮਾਰਚ ਰੋਕਣ ਲਈ ਅਖੰਡ ਕੀਰਤਨੀ ਜਥੇ ਦੇ ਕਈ ਮੈਂਬਰ ਸਮਾਗਮ ਵਿੱਚ ਅਜੀਤ ਨਗਰ ਸੁਲਤਾਨਵਿੰਡ ਗਏ ਤੇ ਭਾਈ ਫ਼ੌਜਾ ਸਿੰਘ ਆਦਿ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਤੋਂ ਇਕੱਠੇ ਹੋ ਕੇ ਰਵਾਇਤੀ ਸ਼ਸਤਰਾਂ ਨਾਲ ਲੈਸ ਹੋ ਕੇ ਨਿਰੰਕਾਰੀ ਸਮਾਗਮ ਵੱਲ ਤੁਰ ਪਏ। ਟਕਰਾਓ ਵਿੱਚ 13 ਸਿੱਖ ਤੇ 4 ਹੋਰਾਂ ਦੀ ਮੌਤ ਹੋ ਗਈ। ਉਸ ਦਿਨ ਮੁਕੱਦਮਾ ਤਾਂ ਦਰਜ ਹੋਇਆ ਪਰ ਗ੍ਰਿਫ਼ਤਾਰੀ ਕੋਈ ਨਹੀਂ ਹੋਈ। ਮੁਕੱਦਮੇ ਦੀ ਸੁਣਵਾਈ ਪੰਜਾਬ ਤੋਂ ਬਾਹਰ ਕਰਨਾਲ ਤਬਦੀਲ ਹੋ ਗਈ। ਸਾਰੇ ਦੋਸ਼ੀ ਬਰੀ ਕਰ ਦਿੱਤੇ ਗਏ। ਉਸ ਮੁਕੱਦਮੇ ਵਿੱਚ ਵੇਲ਼ੇ ਦੀ ਅਕਾਲੀ ਦਲ ਬਾਦਲ ਸਰਕਾਰ (20 ਜੂਨ 1977 ਤੋਂ 17 ਫ਼ਰਵਰੀ 1980 ਤੱਕ) ਨੇ ਹਾਈ ਕੋਰਟ ਵਿੱਚ ਅਪੀਲ ਤੱਕ ਨਹੀਂ ਕੀਤੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਸੰਨ 1978 ਵਿੱਚ ਆਤਮ ਰੱਖਿਆ ਲਈ ਹਥਿਆਰ ਖ਼ਰੀਦਣ ਵਾਸਤੇ ਲਾਇਸੈਂਸ ਵੀ ਪ੍ਰਾਪਤ ਕੀਤੇ। ਇਸੇ ਸਾਲ ਕਾਨ੍ਹਪੁਰ ਅਤੇ ਹੋਰ ਥਾਵਾਂ ਉੱਤੇ ਵੀ ਸਿੱਖ ਅਤੇ ਨਿਰੰਕਾਰੀਆਂ ਦੇ ਝਗੜੇ ਹੋਏ। ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨ ਕਰਨ ਦੀ ਮੰਗ ਨੂੰ ਲੈ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਭਾਈ ਅਮਰੀਕ ਸਿੰਘ ਜੀ ਅਤੇ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ 31 ਮਈ 1981 ਨੂੰ ਸ਼ਹਿਰ ਵਿੱਚ ਮਾਰਚ ਕਰਨ ਦਾ ਐਲਾਨ ਕੀਤਾ। ਇਸ ਦੇ ਪ੍ਰਤੀਕਰਮ ਵਜੋਂ ਸਿਗਰਟ ਬੀੜੀ ਦੇ ਹੱਕ ਵਿੱਚ 29 ਮਈ 1981 ਨੂੰ ਆਰ. ਐੱਸ. ਐੱਸ. ਦੇ ਮੈਂਬਰ ਹਰਬੰਸ ਲਾਲ ਖੰਨਾ (ਭਾਜਪਾ ਲੀਡਰ) ਦੀ ਅਗਵਾਈ ਹੇਠ ਇੱਕ ਜਲੂਸ ਕੱਢਿਆ ਗਿਆ। ਇਸ ਨਾਲ ਪਵਿੱਤਰ ਸ਼ਹਿਰ ਦਾ ਮਸਲਾ ਦੋ ਧਰਮਾਂ 'ਚ ਵੰਡ ਗਿਆ। ਸ਼ਹਿਰ ਵਿੱਚ ਸਿਗਰਟ ਬੀੜੀ ਦੇ ਖੋਖੇ ਵੀ ਸਾੜੇ ਗਏ। ਮੰਦਰਾਂ ਵਿੱਚ ਗਊਆਂ ਦੇ ਸਿਰ ਅਤੇ ਗੁਰਦੁਆਰਿਆਂ ਵਿੱਚ ਸਿਗਰਟ ਬੀੜੀਆਂ ਸੁੱਟੀਆਂ ਜਾਣ ਲੱਗ ਪਈਆਂ। ਤਣਾਅ ਨੂੰ ਵੇਖ ਕੇ ਪੰਜਾਬ ਵਿੱਚ ਦਰਬਾਰਾ ਸਿੰਘ ਸਰਕਾਰ ਨੇ 2 ਜੂਨ 1981 ਨੂੰ ਸਾਰੇ ਲਾਇਸੈਂਸੀ ਹਥਿਆਰ ਜਮ੍ਹਾ ਕਰਵਾਉਣ ਦੇ ਹੁਕਮ ਦੇ ਦਿੱਤੇ। ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਹਥਿਆਰ ਜਮ੍ਹਾ ਨਾ ਕਰਵਾ ਕੇ ਇਸ ਹੁਕਮ ਦੀ ਉਲੰਘਣਾ ਕੀਤੀ। ਸੰਤ ਜਰਨੈਲ ਸਿੰਘ ਵਿਰੁੱਧ ਇਸ ਬਾਰੇ ਥਾਣਾ ਬਿਆਸ ਵਿੱਚ ਮੁਕੱਦਮਾ ਦਰਜ ਹੋਇਆ। ਤਫ਼ਤੀਸ਼ ਸਮੇਂ ਪਤਾ ਚੱਲਿਆ ਕਿ ਸੰਤ ਜਰਨੈਲ ਸਿੰਘ ਨੇ ਕੋਈ ਲਾਈਸੈਂਸੀ ਹਥਿਆਰ ਹੀ ਨਹੀਂ ਖ਼ਰੀਦਿਆ ਸੀ।

**ਪੰਜਾਬ ਤੇ ਕਤਲ :** 9 ਸਤੰਬਰ 1981 ਨੂੰ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਦੋਸ਼ੀ ਮੌਕੇ 'ਤੇ ਹੀ ਗ੍ਰਿਫ਼ਤਾਰ ਹੋ ਗਿਆ ਸੀ। ਮੁਕੱਦਮੇ ਵਿੱਚ ਸੰਤ ਜਰਨੈਲ ਸਿੰਘ ਦਾ ਨਾਂ ਵੀ ਦੋਸ਼ੀ ਵਜੋਂ ਲਿਖਿਆ ਗਿਆ। ਮਹਿਤਾ ਚੌਂਕ ਵਿੱਚ ਨਾਕਾਬੰਦੀ ਕਰ ਦਿੱਤੀ

ਗਈ। ਅੰਮ੍ਰਿਤਸਰ ਪੁਲੀਸ ਨੂੰ ਪਤਾ ਚੱਲਿਆ ਕਿ ਸੰਤ ਜਰਨੈਲ ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਏ ਹਨ। ਗ੍ਰਿਫ਼ਤਾਰੀ ਲਈ 20 ਸਤੰਬਰ 1981 ਦੀ ਤਾਰੀਖ਼ ਮਿੱਥੀ ਗਈ। ਪਹਿਲਾਂ ਸੰਤ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਚੰਦੋ ਕਲਾਂ ਵਿੱਚ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜਥੇ ਦੀਆਂ ਬੱਸਾਂ ਗੱਡੀਆਂ ਨੂੰ ਅੱਗ ਲਾ ਦਿੱਤੀ ਗਈ। ਸੰਤ ਜਰਨੈਲ ਸਿੰਘ ਨੂੰ ਲੈ ਕੇ ਲੁਧਿਆਣਾ ਲਈ ਚੱਲ ਪਏ। ਗ੍ਰਿਫ਼ਤਾਰੀ ਲਈ ਸਰਕਾਰ ਨੇ ਵੱਡਾ ਉੱਦਮ ਕੀਤਾ ਪਰ ਰਾਜਸੀ ਆਗੂਆਂ ਦੀ ਵਿਚੋਲਗੀ ’ਤੇ ਸੰਤ ਜਰਨੈਲ ਸਿੰਘ ਨੂੰ ਅਕਤੂਬਰ 1981 ਵਿੱਚ ਮੁਕੱਦਮਾ ਚਲਾਏ ਬਿਨਾਂ ਹੀ ਰਿਹਾਅ ਕਰ ਦਿੱਤਾ ਗਿਆ। ਭਾਈ ਅਮਰੀਕ ਸਿੰਘ ਜੀ; ਆਪਣੇ ਕੁਝ ਸਾਥੀਆਂ ਸਮੇਤ ਝੂਠੇ ਮੁਕੱਦਮੇ ਬਾਰੇ ਰੋਸ ਪ੍ਰਗਟ ਕਰਨ ਲਈ ਉੱਥੇ ਆ ਗਏ। ਅਮਰੀਕ ਸਿੰਘ ਤੇ ਉਸ ਦੇ ਸਾਥੀਆਂ ਨੂੰ ਥਾਣੇ ਅੰਦਰ ਧਾਰਾ 144 ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਠਾਹਰਾ ਸਿੰਘ ਜੀ ਤੇ ਅਮਰੀਕ ਸਿੰਘ ਜੀ ਦੀ ਰਿਹਾਈ ਲਈ ਮੋਰਚਾ ਸ਼ੁਰੂ ਹੋ ਗਿਆ।



ਲਾਲਾ ਜਗਤ ਨਰਾਇਣ

**ਸ਼੍ਰੋਮਣੀ ਅਕਾਲੀ ਦਲ ਅਤੇ ਸਾਕਾ :** ਸ਼੍ਰੋਮਣੀ ਅਕਾਲੀ ਦਲ ਸਤਲੁਜ ਯਮਨਾ ਨਹਿਰ ਦੀ ਉਸਾਰੀ ਵਿਰੁੱਧ ਕਪੂਰੀ ਤੋਂ ਮੋਰਚਾ ਚਲਾ ਰਿਹਾ ਸੀ, ਜਿਸ ਨੂੰ ਬੰਦ ਕਰ ਕੇ ਸੰਤ ਜਰਨੈਲ ਸਿੰਘ ਨਾਲ ਮਿਲ ਕੇ 4 ਅਗਸਤ 1982 ਤੋਂ ਸਾਂਝਾ ਧਰਮ ਯੁੱਧ ਮੋਰਚਾ ਦਰਬਾਰ ਸਾਹਿਬ ਅੰਮ੍ਰਿਤਸਰ ਕੰਪਲੈਕਸ ਤੋਂ ਆਰੰਭ ਹੋ ਗਿਆ। ਇਸ ਦੀਆਂ ਮੰਗਾਂ ਅਨੰਦਪੁਰ ਸਾਹਿਬ ਮਤੇ ’ਤੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣਾ, ਗੁਰਬਾਣੀ ਪ੍ਰਸਾਰਨ ਲਈ ਰੇਡੀਓ ਸਟੇਸ਼ਨ ਦੀ ਆਗਿਆ, ਰੇਲਗੱਡੀ ਦਾ ਨਾ ਅੰਮ੍ਰਿਤਸਰ ਦੇ ਨਾਂ ’ਤੇ ਰੱਖਣਾ, ਚੰਡੀਗੜ੍ਹ, ਪੰਜਾਬੀ ਬੋਲੀ ਵਾਲੇ ਇਲਾਕੇ, ਭਾਖੜਾ ਡੈਮ ਅਤੇ ਪਾਣੀਆਂ ਦੇ ਮਸਲੇ ਵਿਸ਼ੇਸ਼ ਸਨ। ਇਸ ਕਾਰਨ ਪੁਲੀਸ ਅਤੇ ਫੈਡਰੇਸ਼ਨ ਦੀ ਆਪਸ ਵਿੱਚ ਸਿੱਧੀ ਲੜਾਈ ਆਰੰਭ ਹੋ ਗਈ। ਪੁਲੀਸ ਅਫ਼ਸਰਾਂ ਦੇ ਕਤਲ ਹੋਣੇ ਵੀ ਸ਼ੁਰੂ ਹੋ ਗਏ। ਕੇਂਦਰ ਸਰਕਾਰ ਨੇ ਇਸ ਮੋਰਚੇ ਦੇ ਹੱਲ ਲਈ 16-17 ਨਵੰਬਰ 1982 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਗੁਪਤ ਮੀਟਿੰਗ ਕੀਤੀ। ਸਰਕਾਰ ’ਤੇ ਦਬਾਅ ਪਾਉਣ ਲਈ ਅਕਾਲੀ ਦਲ ਨੇ 4 ਅਪਰੈਲ 1983 ਨੂੰ ਰਸਤਾ ਰੋਕੋ ਅਤੇ 17 ਜੂਨ 1983 ਨੂੰ ਰੇਲ ਰੋਕੋ ਅੰਦੋਲਨ ਕੀਤੇ, ਜਿਨ੍ਹਾਂ ਵਿੱਚ ਪੁਲੀਸ ਹੱਥੋਂ ਕਈ ਲੋਕ ਮਾਰੇ ਗਏ। ਪੰਜਾਬ ਦੀ ਦਰਬਾਰਾ ਸਿੰਘ ਸਰਕਾਰ (6 ਜੂਨ 1980 ਤੋਂ 10 ਅਕਤੂਬਰ 1983 ਤੱਕ) ਨੂੰ ਬਰਖਾਸਤ ਕਰ ਕੇ (ਅਤੇ ਗਵਰਨਰ ਅਨੰਤ ਪ੍ਰਸਾਦ ਸ਼ਰਮਾ 21 ਫ਼ਰਵਰੀ 1983 ਤੋਂ 10 ਅਕਤੂਬਰ 1983 ਨੂੰ ਬਦਲ ਕੇ) 10 ਅਕਤੂਬਰ 1983 ਨੂੰ ਸ਼੍ਰੀ ਭੈਰੋਂ ਦੱਤ ਪਾਂਡੇ ਨੂੰ ਪੰਜਾਬ ਦਾ ਗਵਰਨਰ ਲਾਇਆ ਗਿਆ। ਭਾਰੀ ਗਿਣਤੀ ਵਿੱਚ ਸੀਮਾ ਸੁਰੱਖਿਆ ਬਲ ਅਤੇ ਸੀ. ਆਰ. ਪੀ. ਐੱਫ਼. ਵੀ ਪੰਜਾਬ ਵਿੱਚ ਤਾਇਨਾਤ ਕਰ ਦਿੱਤੀ ਗਈ। ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਐਲਾਨ ਦਿੱਤਾ ਗਿਆ। ਦਸੰਬਰ 1983 ਤੱਕ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਿੱਚ ਮਤਭੇਦ ਇੰਨੇ ਵਧ ਚੁੱਕੇ ਸਨ ਕਿ ਸੰਤ ਜਰਨੈਲ ਸਿੰਘ 15 ਦਸੰਬਰ ਨੂੰ ਗੁਰੂ ਨਾਨਕ ਨਿਵਾਸ ਤੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਥੱਲੇ ਰਿਹਾਇਸ਼ ਲੈ ਗਏ। ਕੇਂਦਰ ਸਰਕਾਰ ਨੇ ਖ਼ਾਨਾਪੂਰਤੀ ਲਈ ਹੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਗੁਪਤ ਬੇਸਿੱਟਾ ਮੀਟਿੰਗਾਂ ਕੀਤੀਆਂ।






ਪਹਿਲੀ ਜੂਨ 1984 ਨੂੰ ਸੀ. ਆਰ. ਪੀ. ਐੱਫ਼. ਤੇ ਬੀ. ਐੱਸ. ਐੱਫ਼. ਨੇ ਦਰਬਾਰ ਸਾਹਿਬ ਸਮੂਹ ਵੱਲ ਗੋਲ਼ੀ ਚਲਾਉਣੀ ਆਰੰਭ ਕਰ ਦਿੱਤੀ। ਦੋ ਜੂਨ ਨੂੰ ਜਨਰਲ ਗੌਰੀ ਸ਼ੰਕਰ ਨੂੰ ਸੁਰੱਖਿਆ ਸਲਾਹਕਾਰ ਲਾ ਕੇ ਪੂਰੇ ਪੰਜਾਬ ਵਿੱਚ ਕਰਫ਼ਿਊ ਲਾ ਦਿੱਤਾ ਗਿਆ ਅਤੇ ਫ਼ੌਜ ਨੇ ਨੀਲਾ ਤਾਰਾ ਆਪਰੇਸ਼ਨ ਆਰੰਭ ਕਰ ਦਿੱਤਾ। ਦਰਬਾਰ ਸਾਹਿਬ ਅੰਦਰ ਐਂਟੀ ਟੈਂਕ ਗੋਲ਼ੇ ਤੇ ਹੋਰ ਭਾਰੀ ਅਸਲਾ ਪਹੁੰਚ ਗਿਆ। ਅੰਮ੍ਰਿਤਸਰ ਦੇ ਖ਼ੁਫ਼ੀਆ ਵਿਭਾਗ ਦਾ ਅਫ਼ਸਰ ਸਿੱਧੇ ਤੌਰ ’ਤੇ ਹੀ ਕੇਂਦਰ ਸਰਕਾਰ ਦੇ ਸੰਪਰਕ ਵਿੱਚ ਸੀ। ਦਰਬਾਰ ਸਾਹਿਬ ਸਮੂਹ ਵਿੱਚ ਜਨਰਲ ਸੁਬੇਗ ਸਿੰਘ ਨੇ ਮਜ਼ਬੂਤ ਮੋਰਚਾਬੰਦੀ ਕਰ ਰੱਖੀ ਸੀ। 6 ਜੂਨ 1984 ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ’ਤੇ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਨਾਲ ਫ਼ੌਜੀ ਕਾਰਵਾਈ ਬੰਦ ਕਰ ਦਿੱਤੀ। ਸਰਕਾਰੀ ਅੰਕੜਿਆਂ ਅਨੁਸਾਰ 136 ਫ਼ੌਜੀ ਮਰੇ ਅਤੇ 220 ਜ਼ਖ਼ਮੀ ਹੋਏ ਅਤੇ 492 ਨਾਗਰਕ ਤੇ ਖਾੜਕੂ ਮਾਰੇ ਗਏ। ਮੇਜਰ ਜਰਨਲ ਕੁਲਦੀਪ ਸਿੰਘ ਬਰਾੜ (ਜੋ ਉਸ ਸਮੇਂ ਦਰਬਾਰ ਸਾਹਿਬ ਅੰਦਰ ਫ਼ੌਜ ਦੀ ਅਗਵਾਈ ਕਰ ਰਿਹਾ ਸੀ) ਦੀ ਨਵੀਂ ਕਿਤਾਬ ਮੁਤਾਬਕ ਕੁੱਲ 15307 ਲੋਕ ਮਰੇ ਅਤੇ 17000 ਤੋਂ ਵੱਧ ਜ਼ਖ਼ਮੀ ਹੋਏ। ਮਰਨ ਵਾਲਿਆਂ ਵਿੱਚ ਬਹੁਤੇ ਉਹ ਲੋਕ ਸਨ, ਜੋ ਸ਼੍ਰੀ ਦਰਬਾਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਆਏ ਸਨ। ਜੋਧਪੁਰ ਜੇਲ੍ਹ ਵਿੱਚ ਲਿਜਾਏ ਗਏ 379 ਵਿਅਕਤੀਆਂ ਵਿੱਚੋਂ ਵੀ ਕਈ ਬੇਗੁਨਾਹ ਸ਼ਰਧਾਲੂ ਹੀ ਸਨ। ਬਹੁਤੇ ਖਾੜਕੂ ਉੱਥੋਂ ਨਿਕਲਣ ਵਿੱਚ ਕਾਮਯਾਬ ਹੋ ਗਏ ਸਨ।

-0-



# ਬੂੰਗਾ ਰਾਮਗੜ੍ਹੀਆ

# ਸੁਰੱਖਿਆ ਅਤੇ ਸਵੈਮਾਣ ਦਾ ਪ੍ਰਤੀਕ



**ਡਾ. ਪਰਮਵੀਰ ਸਿੰਘ**
-ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ 'ਚ ਇਕ ਵਿਸ਼ਾਲ ਪੁਰਾਤਨ ਬੁੰਗੇ ਦੇ ਦਰਸ਼ਨ ਹੁੰਦੇ ਹਨ ਜਿਹੜਾ ਕਿ ਅਤੀਤ ਦੀਆਂ ਘਟਨਾਵਾਂ ਅਤੇ ਯਾਦਾਂ ਨੂੰ ਤਾਜ਼ਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਦੋਂ ਕੋਈ ਸ਼ਰਧਾਲੂ ਜਲ੍ਹਿਆਂ ਵਾਲਾ ਬਾਗ਼ ਦੇ ਰਸਤਿਓਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਪੁੱਜਦਾ ਹੈ ਤਾਂ ਪਹਿਲਾਂ ਇਸ ਪਵਿੱਤਰ ਅਸਥਾਨ 'ਤੇ ਮੱਥਾ ਟੇਕਦਾ ਹੈ ਅਤੇ ਫਿਰ ਖੱਬੇ ਪਾਸਿਓਂ ਪਰਿਕਰਮਾ ਆਰੰਭ ਕਰਦੇ ਸਮੇਂ ਉਸ ਦੀ ਨਜ਼ਰ ਸੁੰਦਰ ਦਿੱਖ ਵਾਲੀ ਇਕ ਸ਼ਾਨਦਾਰ ਇਮਾਰਤ 'ਤੇ ਪੈਂਦੀ ਹੈ, ਜਿਸ ਦੇ ਉੱਚੇ ਬੁਰਜ ਉਸ ਨੂੰ ਆਪਣੇ ਵੱਲ ਖਿੱਚਦੇ ਹਨ। ਇਹ ਵਿਸ਼ਾਲ ਇਮਾਰਤ ਸ੍ਰੀ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਉਸਾਰੇ ਗਏ 70 ਤੋਂ ਵਧੇਰੇ ਬੁੰਗਿਆਂ ਵਿਚੋਂ ਸ਼੍ਰੋਮਣੀ ਸੀ। ਭੰਗੀ, ਨਕੱਈ, ਆਹਲੂਵਾਲੀਆ, ਮਲਵਈ, ਸ਼ਹੀਦ, ਅਨੰਦਪੁਰੀਆਂ, ਝਬਾਲੀਆਂ, ਅਟਾਰੀਵਾਲਾ ਆਦਿ ਨਾਵਾਂ 'ਤੇ ਬਣੇ ਹੋਏ ਬੁੰਗਿਆਂ ਵਿਚੋਂ ਕੇਵਲ ਬੁੰਗਾ ਰਾਮਗੜ੍ਹੀਆ ਹੀ ਸੁੰਦਰ ਦਿੱਖ ਵਾਲੀ ਵਿਸ਼ਾਲ ਇਮਾਰਤ ਬਚੀ ਹੈ, ਜਿਸ ਦੀ ਭਵਨ ਨਿਰਮਾਣ ਕਲਾ ਦੇ ਦਰਸ਼ਨ ਕਰ ਕੇ ਹਰ ਇਕ ਜਿਗਿਆਸੂ ਦਾ ਮਨ ਪ੍ਰਭਾਵਿਤ ਹੁੰਦਾ ਹੈ। ਇਸ ਬੁੰਗੇ ਦਾ ਮਹੱਤਵ ਇਸ ਕਰਕੇ ਵੀ ਵਧੇਰੇ ਮੰਨਿਆ ਜਾਂਦਾ ਹੈ ਕਿਉਂਕਿ ਇਸ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਸਾਰਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਅਤੇ ਇਸ ਦੀ ਸੁਰੱਖਿਆ ਲਈ ਸ਼ਹੀਦ ਹੋ ਜਾਣ ਵਿਚ ਸਿੱਖ ਆਪਣਾ ਗੌਰਵ ਸਮਝਦੇ ਹਨ। ਇਸ ਲਈ ਜਦੋਂ ਵੀ ਲੋੜ ਪਈ ਤਾਂ ਸਿੱਖਾਂ ਨੇ ਸ਼ਹੀਦੀਆਂ ਦੇ ਕੇ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਕਰਨ ਦਾ ਯਤਨ ਕੀਤਾ ਹੈ। ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਅਤੇ ਬਾਬਾ ਗੁਰਬਖ਼ਸ਼ ਸਿੰਘ ਤੋਂ ਲੈ ਕੇ ਜੂਨ, 1984 ਈ: ਤੱਕ ਸਿੱਖਾਂ ਦੀਆਂ ਬੇਮਿਸਾਲ ਕੁਰਬਾਨੀਆਂ ਇਤਿਹਾਸ ਦਾ ਹਿੱਸਾ ਹਨ, ਜਿਹੜੀਆਂ ਇਹ ਦੱਸਦੀਆਂ ਹਨ ਕਿ ਸਿੱਖਾਂ ਨੂੰ ਆਤਮਿਕ ਬਲ ਪ੍ਰਦਾਨ ਕਰਨ ਵਾਲਾ ਸ੍ਰੀ ਦਰਬਾਰ ਸਾਹਿਬ ਹਮਲਾਵਰਾਂ ਦੇ ਨਿਸ਼ਾਨੇ 'ਤੇ ਰਿਹਾ ਹੈ। ਹਮਲਾਵਰ ਇਸ ਪਵਿੱਤਰ ਅਸਥਾਨ 'ਤੇ ਵਾਰ-ਵਾਰ ਹਮਲਾ ਕਰ ਕੇ ਇਸ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰਦੇ ਰਹੇ ਹਨ। ਅਫ਼ਗ਼ਾਨ ਹਮਲਾਵਰਾਂ ਨੇ ਤਿੰਨ ਵਾਰੀ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਅਤੇ ਇਸ ਦੇ ਸਰੋਵਰ ਨੂੰ ਪੂਰ ਦਿੱਤਾ ਸੀ। ਦਸੰਬਰ, 1764 ਈ: 'ਚ ਅਹਿਮਦ ਸ਼ਾਹ ਅਬਦਾਲੀ ਦਾ ਸ੍ਰੀ ਦਰਬਾਰ ਸਾਹਿਬ 'ਤੇ ਆਖ਼ਰੀ ਹਮਲਾ ਸੀ, ਜਦੋਂ ਉਸ ਦੀ ਭਾਰੀ ਫ਼ੌਜ ਦਾ ਮੁਕਾਬਲਾ ਕਰਦੇ ਹੋਏ ਭਾਈ ਗੁਰਬਖ਼ਸ਼ ਸਿੰਘ ਆਪਣੇ 30 ਸਿੰਘਾਂ ਨਾਲ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ। ਇਸ ਹਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੀਆਂ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਸੀ, ਜਿਸ ਕਰਕੇ 1765 ਈ: ਦੀ ਵਿਸਾਖੀ ਦਾ ਸਰਬੱਤ ਖ਼ਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਢਹਿ-ਢੇਰੀ ਹੋ ਚੁੱਕੀ ਇਮਾਰਤ ਦੇ ਸਾਹਮਣੇ ਕਰਦੇ ਹੋਏ, ਇਨ੍ਹਾਂ ਇਮਾਰਤਾਂ ਦੀ ਪੁਨਰ-ਉਸਾਰੀ ਦਾ ਮਤਾ ਪਾਸ ਕੀਤਾ ਗਿਆ ਸੀ। ਇਸ ਇਕੱਠ ਦੌਰਾਨ ਸਿੱਖਾਂ ਨੇ ਜੰਗਲਾਂ,

ਪਹਾੜਾਂ ਅਤੇ ਰੇਗਿਸਤਾਨਾਂ ਨੂੰ ਛੱਡ ਕੇ ਮੈਦਾਨੀ ਇਲਾਕਿਆਂ 'ਚ ਆ ਜਾਣ ਦਾ ਫ਼ੈਸਲਾ ਕਰਨ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦਾ ਪੁਖ਼ਤਾ ਪ੍ਰਬੰਧ ਕਰਨ ਲਈ ਰਾਮਰੌਣੀ ਦਾ ਕਿਲ੍ਹਾ ਮਜ਼ਬੂਤ ਕਰਨ ਦਾ ਮਨ ਬਣਾ ਲਿਆ ਸੀ। ਇਸ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨਿਵਾਸ ਲਈ ਬੁੰਗਿਆਂ ਦੀ ਉਸਾਰੀ ਆਰੰਭ ਹੋ ਗਈ ਸੀ। ਬਹੁਤ ਸਾਰੇ ਮਿਸਲ ਸਰਦਾਰਾਂ ਦੇ ਬੁੰਗੇ ਇਸੇ ਸਮੇਂ ਹੋਂਦ 'ਚ ਆਏ ਸਨ।

ਸ੍ਰੀ ਦਰਬਾਰ ਸਾਹਿਬ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ 1747 ਈ: ਦੀ ਵਿਸਾਖ਼ੀ ਮੌਕੇ ਕੀਤੇ ਗਏ ਗੁਰਮਤੇ ਦੇ ਸਿੱਟੇ ਵਜੋਂ ਇਕ ਕੱਚੀ ਗੜ੍ਹੀ ਹੋਂਦ 'ਚ ਆਈ, ਜਿਸ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਕ ਕਿਲ੍ਹੇ ਦਾ ਰੂਪ ਪ੍ਰਦਾਨ ਕਰ ਦਿੱਤਾ ਸੀ। ਮੁਗ਼ਲਾਂ ਦੇ ਹਮਲੇ ਸਮੇਂ ਜਦੋਂ ਵੀ ਇਸ ਕਿਲ੍ਹੇ ਨੂੰ ਢਾਹ ਦਿੱਤਾ ਜਾਂਦਾ ਸੀ ਤਾਂ ਰਾਮਗੜ੍ਹੀਆ ਮਿਸਲ ਉਸ ਨੂੰ ਫਿਰ ਦੁਬਾਰਾ ਖੜ੍ਹਾ ਕਰ ਲੈਂਦੀ ਸੀ। ਸਰਦਾਰ ਜੱਸਾ ਸਿੰਘ ਵਲੋਂ ਇਸ ਕਿਲ੍ਹੇ ਨੂੰ ਫ਼ੌਜੀ ਛਾਉਣੀ ਵਾਂਗ ਵਰਤਿਆ ਜਾ ਰਿਹਾ ਸੀ ਅਤੇ ਜਦੋਂ ਇਕ ਵੱਖਰੀ ਰਿਹਾਇਸ਼ ਦੀ ਉਸਾਰੀ ਕਰਨ ਦਾ ਵਿਚਾਰ ਉਸ ਦੇ ਮਨ 'ਚ ਆਇਆ ਤਾਂ ਬੁੰਗਾ ਰਾਮਗੜ੍ਹੀਆ ਦੀ ਇਮਾਰਤ ਦੀ ਉਸਾਰੀ ਦਾ ਕਾਰਜ ਆਰੰਭ ਹੋ ਗਿਆ ਸੀ ਪਰ ਇਸ ਦਾ ਵਧੇਰੇ ਕੰਮ ਉਸ ਦੇ ਪੁੱਤਰ ਅਤੇ ਉੱਤਰਾਧਿਕਾਰੀ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੇ ਸਮੇਂ ਨੇਪਰੇ ਚੜ੍ਹਿਆ ਸੀ। ਬੁੰਗੇ ਦਾ ਕੰਮ ਚੱਲ ਰਿਹਾ ਸੀ ਕਿ ਸਰਦਾਰ ਸਾਹਿਬ ਅਕਾਲ ਚਲਾਣਾ ਕਰ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ 'ਤੇ ਕਬਜ਼ਾ ਕਰ ਲਿਆ ਸੀ ਜਿਹੜਾ ਕਿ ਸਰਦਾਰ ਮੰਗਲ ਸਿੰਘ ਦੇ ਸਮੇਂ ਇਸ ਪਰਿਵਾਰ ਨੂੰ ਵਾਪਸ ਕਰ ਦਿੱਤਾ ਗਿਆ ਸੀ।



**ਜਦੋਂ ਕੋਈ ਸ਼ਰਧਾਲੂ ਜਲ੍ਹਿਆਂ ਵਾਲਾ ਬਾਗ਼ ਦੇ ਰਸਤਿਓਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਪੁੱਜਦਾ ਹੈ ਤਾਂ ਪਹਿਲਾਂ ਇਸ ਪਵਿੱਤਰ ਅਸਥਾਨ 'ਤੇ ਮੱਥਾ ਟੇਕਦਾ ਹੈ ਅਤੇ ਫਿਰ ਖੱਬੇ ਪਾਸਿਓਂ ਪਰਿਕਰਮਾ ਆਰੰਭ ਕਰਦੇ ਸਮੇਂ ਉਸ ਦੀ ਨਜ਼ਰ ਸੁੰਦਰ ਦਿੱਖ ਵਾਲੀ ਇਕ ਸ਼ਾਨਦਾਰ ਇਮਾਰਤ 'ਤੇ ਪੈਂਦੀ ਹੈ, ਜਿਸ ਦੇ ਉੱਚੇ ਬੁਰਜ ਉਸ ਨੂੰ ਆਪਣੇ ਵੱਲ ਖਿੱਚਦੇ ਹਨ। ਇਹ ਵਿਸ਼ਾਲ ਇਮਾਰਤ ਸ੍ਰੀ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਉਸਾਰੇ ਗਏ 70 ਤੋਂ ਵਧੇਰੇ ਬੁੰਗਿਆਂ ਵਿਚੋਂ ਸ਼੍ਰੋਮਣੀ ਸੀ। ਭੰਗੀ, ਨਕੱਈ, ਆਹਲੂਵਾਲੀਆ, ਮਲਵਈ, ਸ਼ਹੀਦ, ਅਨੰਦਪੁਰੀਆਂ, ਝਬਾਲੀਆਂ, ਅਟਾਰੀਵਾਲਾ ਆਦਿ ਨਾਵਾਂ 'ਤੇ ਬਣੇ ਹੋਏ ਬੁੰਗਿਆਂ ਵਿਚੋਂ ਕੇਵਲ ਬੁੰਗਾ ਰਾਮਗੜ੍ਹੀਆ ਹੀ ਸੁੰਦਰ ਦਿੱਖ ਵਾਲੀ ਵਿਸ਼ਾਲ ਇਮਾਰਤ ਬਚੀ ਹੈ, ਜਿਸ ਦੀ ਭਵਨ ਨਿਰਮਾਣ ਕਲਾ ਦੇ ਦਰਸ਼ਨ ਕਰ ਕੇ ਹਰ ਇਕ ਜਿਗਿਆਸੂ ਦਾ ਮਨ ਪ੍ਰਭਾਵਿਤ ਹੁੰਦਾ ਹੈ। ਇਸ ਬੁੰਗੇ ਦਾ ਮਹੱਤਵ ਇਸ ਕਰਕੇ ਵੀ ਵਧੇਰੇ ਮੰਨਿਆ ਜਾਂਦਾ ਹੈ ਕਿਉਂਕਿ ਇਸ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਸਾਰਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਅਤੇ ਇਸ ਦੀ ਸੁਰੱਖਿਆ ਲਈ ਸ਼ਹੀਦ ਹੋ ਜਾਣ ਵਿਚ ਸਿੱਖ ਆਪਣਾ ਗੌਰਵ ਸਮਝਦੇ ਹਨ। ਇਸ ਲਈ ਜਦੋਂ ਵੀ ਲੋੜ ਪਈ ਤਾਂ ਸਿੱਖਾਂ ਨੇ ਸ਼ਹੀਦੀਆਂ ਦੇ ਕੇ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਕਰਨ ਦਾ ਯਤਨ ਕੀਤਾ ਹੈ।**

ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਦੱਸਦੇ ਹਨ ਕਿ ਦਿੱਲੀ 'ਤੇ ਜਿੱਤ ਪ੍ਰਾਪਤ ਕਰਨ ਉਪਰੰਤ ਬਹੁਤ ਸਾਰਾ ਪੱਥਰ ਇੱਥੇ ਲਿਆਂਦਾ ਗਿਆ ਸੀ ਜਿਹੜਾ ਕਿ ਸੰਪੂਰਨ ਰੂਪ 'ਚ ਇਸ ਦੀ ਉਸਾਰੀ ਲਈ ਵਰਤਿਆ ਨਹੀਂ ਜਾ ਸਕਿਆ। ਮਹਾਰਾਜਾ ਰਣਜੀਤ ਸਿੰਘ ਅਧੀਨ ਰਾਜ-ਪ੍ਰਬੰਧ ਸਮੇਂ ਇਹ ਕਾਰਜ ਰੋਕ ਕੇ ਇਹ ਪੱਥਰ ਅੰਮ੍ਰਿਤਸਰ ਦੇ ਰਾਮ ਬਾਗ਼ ਵਿਖੇ ਲਵਾ ਦਿੱਤਾ ਗਿਆ ਸੀ। ਪਰ ਫਿਰ ਵੀ ਇਹ ਪੱਥਰ ਬਚ ਗਿਆ ਸੀ ਜਿਹੜਾ ਕਿ 1839 ਈ: 'ਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਸ ਦੀ ਸਮਾਧ 'ਤੇ ਲਗਾ ਦਿੱਤਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਬਦਲੇ ਇਹ ਬੁੰਗਾ ਉਨ੍ਹਾਂ ਦੇ ਪੂਰਵਜ਼ ਸਰਦਾਰ ਮੰਗਲ ਸਿੰਘ ਨੂੰ ਪ੍ਰਾਪਤ ਹੋਇਆ ਸੀ, ਜਿਸ ਤੋਂ ਬਾਅਦ ਇਹ ਸ਼ਾਨਦਾਰ ਇਮਾਰਤ ਕੇਵਲ ਉਨ੍ਹਾਂ ਦੇ ਪਰਿਵਾਰ ਨਾਲ ਹੀ ਸੰਬੰਧਿਤ ਹੋ ਗਈ ਸੀ। ਮੌਜੂਦਾ ਸਮੇਂ 'ਚ ਇਸ ਬੁੰਗੇ ਦੇ ਇਕ ਉੱਤਰਾਧਿਕਾਰੀ ਰਹਿ ਚੁੱਕੇ ਕਰਨਲ ਇਕਬਾਲ ਸਿੰਘ ਦੱਸਦੇ ਹਨ ਕਿ 1972 ਈ: 'ਚ ਉਨ੍ਹਾਂ ਦੇ ਪਿਤਾ ਸਰਦਾਰ ਤ੍ਰਿਲੋਚਨ ਸਿੰਘ ਨੇ ਇਹ ਬੁੰਗਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ। ਬੁੰਗਾ ਰਾਮਗੜ੍ਹੀਆ ਭਵਨ ਕਲਾ ਦੀ ਸ਼ਾਨਦਾਰ ਸ਼ੈਲੀ ਵੱਲ ਧਿਆਨ ਦਿਵਾਉਂਦਾ ਹੈ। ਪੱਥਰ ਦੇ 44 ਥਮਲਿਆਂ 'ਤੇ ਉਸਾਰੇ ਹੋਏ ਇਸ ਬੁੰਗੇ ਦੇ ਹੇਠਾਂ ਮੀਟਿੰਗਾਂ ਕਰਨ ਲਈ ਇਕ ਵੱਡਾ ਹਾਲ ਅਤੇ ਤਹਿਖ਼ਾਨੇ ਬਣੇ ਹੋਏ ਹਨ ਜਿਹੜੇ ਕਿ ਮਾਲ ਖ਼ਾਨੇ ਆਦਿ ਵਜੋਂ ਵਰਤੇ ਜਾਂਦੇ ਸਨ। ਇਸ ਦੀ ਪਹਿਲੀ ਮੰਜ਼ਿਲ 'ਤੇ ਪੱਥਰ ਦੀ ਇਕ ਸਿਲ ਸੰਭਾਲ ਕੇ ਰੱਖੀ ਹੋਈ ਹੈ ਜਿਹੜੀ ਕਿ ਦਿੱਲੀ ਦੇ ਬਾਦਸ਼ਾਹ ਦੀ ਤਾਜਪੋਸ਼ੀ ਸਮੇਂ ਵਰਤੀ ਜਾਂਦੀ ਸੀ। ਇਸ ਦੀ ਲੰਬਾਈ 6 ਫੁੱਟ 3 ਇੰਚ, ਚੌੜਾਈ 4 ਫੁੱਟ 6 ਇੰਚ ਅਤੇ ਮੋਟਾਈ 9 ਇੰਚ ਹੈ। ਜਦੋਂ ਸਿੱਖ ਸਰਦਾਰਾਂ ਦੀਆਂ ਸਾਂਝੀਆਂ ਫ਼ੌਜਾਂ ਨੇ ਦਿੱਲੀ 'ਤੇ ਹਮਲਾ ਕਰਕੇ ਜਿੱਤ ਪ੍ਰਾਪਤ ਕੀਤੀ ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਹ ਸਿਲ ਅੰਮ੍ਰਿਤਸਰ ਲੈ ਆਏ ਸਨ ਅਤੇ ਇਸ ਨੂੰ ਆਪਣੇ ਬੁੰਗੇ ਵਿਖੇ ਸੰਭਾਲ ਲਿਆ ਸੀ। ਮੌਜੂਦਾ ਸਮੇਂ 'ਚ ਵੀ ਇਹ ਸਿਲ ਯਾਤਰੂਆਂ ਲਈ ਖਿੱਚ ਦਾ ਕੇਂਦਰ ਹੈ।

ਇਸ ਬੁੰਗੇ ਦੀ ਉੱਚਾਈ, ਨੱਕਾਸ਼ੀ ਅਤੇ ਸੁੰਦਰਤਾ ਹਰ ਇਕ ਯਾਤਰੂ ਅਤੇ ਸ਼ਰਧਾਲੂ ਨੂੰ ਪ੍ਰਭਾਵਿਤ ਕਰਦੀ ਹੈ ਪਰ 4 ਅਪ੍ਰੈਲ, 1905 ਈ: ਨੂੰ ਸਵੇਰੇ ਸਾਢੇ ਪੰਜ ਵਜੇ ਆਏ ਭੁਚਾਲ ਨੇ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਕਾਲਜ ਅਤੇ ਅੰਮ੍ਰਿਤਸਰ ਦੀਆਂ ਹੋਰਨਾਂ ਇਮਾਰਤਾਂ ਨੂੰ ਪ੍ਰਭਾਵਿਤ ਕੀਤਾ ਉੱਥੇ ਇਸ ਬੁੰਗੇ ਦੇ ਬੁਰਜਾਂ ਦੀਆਂ ਦੋ ਉੱਚੀਆਂ ਮੰਜ਼ਲਾਂ ਨੂੰ ਵੀ ਨੁਕਸਾਨ ਪੁੱਜਾ ਸੀ। ਇਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ ਸੀ ਇਸ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਨਾਲ ਉਨ੍ਹਾਂ ਨੂੰ ਡਿਗਾ ਦਿੱਤਾ ਗਿਆ ਸੀ। 1984 ਈ: ਦੇ ਸਾਕਾ ਨੀਲਾ ਤਾਰਾ ਸਮੇਂ ਇਸ ਬੁੰਗੇ ਨੂੰ ਵੀ ਭਾਰੀ ਨੁਕਸਾਨ ਪੁੱਜਾ ਸੀ ਪਰ ਬਾਅਦ 'ਚ ਇਸ ਦੀ ਮੁਰੰਮਤ ਕਰਕੇ ਇਸ ਨੂੰ ਸੁੰਦਰ ਦਿੱਖ ਪ੍ਰਦਾਨ ਕਰ ਦਿੱਤੀ ਗਈ। ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਦੀ ਇਮਾਰਤ ਵਲੋਂ ਇਸ ਬੁੰਗੇ ਵਿਚ ਪੁੱਜਿਆ ਜਾ ਸਕਦਾ ਹੈ, ਜਿਸ ਨੂੰ ਨਵਾਂ ਰੂਪ ਅਤੇ ਦਿੱਖ ਪ੍ਰਦਾਨ ਕੀਤੀ ਜਾ ਰਹੀ ਹੈ। ਸਿੱਖਾਂ ਦੇ ਗੌਰਵ ਦੀ ਪਛਾਣ ਕਰਾਉਣ ਵਾਲੀ ਇਸ ਵਿਸ਼ਾਲ ਇਮਾਰਤ ਨੂੰ ਅਜਾਇਬ ਘਰ ਨਾਲ ਜੋੜ ਕੇ ਇਸ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ।

-0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

## ਸ਼ੇਰਿ ਪੰਜਾਬ ਨੇ ਕਾਂਗੜਾ ਦੀ ਸਹਾਇਤਾ ਕਰਨੀ

ਮਹਾਰਾਜਾ ਸਾਹਿਬ ਅਜੇ ਜਲੰਧਰ ਦੇ ਇਲਾਕੇ ਵਿਚ ਹੀ ਸਨ ਕਿ ਇਥੇ ਸੰਸਾਰ ਚੰਦ ਵਾਲੀਏ ਕਾਂਗੜੇ ਦਾ ਨਿੱਕਾ ਭਾਈ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਜਰਨੈਲ ਅਮਰ ਸਿੰਘ ਥਾਪਾ ਸੈਨਾਪਤੀ ਵਾਲੀਏ ਨੇਪਾਲ ਭਾਰੀ ਗੋਰਖਾ ਫੌਜ ਲੈ ਕੇ ਪਹਾੜੀ ਇਲਾਕੇ ਪਰ ਚੜ੍ਹ ਆਇਆ ਹੈ। ਕਈ ਛੋਟੀਆਂ ਰਿਆਸਤਾਂ ਸਰਮੌਰ ਤੇ ਨਾਲਾ ਗੜ੍ਹ ਆਦਿ ਦਾ ਇਲਾਕਾ ਫ਼ਤਹਿ ਕਰਕੇ ਦਬਾ ਚੁੱਕਾ ਹੈ ਅਤੇ ਹੁਣ ਕਾਂਗੜੇ ਤੇ ਆ ਪਿਆ ਹੈ। ਰਾਜਾ ਸੰਸਾਰ ਚੰਦ ਆਪਣੇ ਵਿਚ ਉਹਨਾਂ ਦੇ ਟਾਕਰੇ ਦੀਸ਼ਕਤੀ ਨਾ ਵੇਖ ਕੇ ਆਪ ਕਿਲ੍ਹਾ ਬੰਦ ਹੋ ਬੈਠਾ ਹੈ,ਪਰ ਉਹਨਾਂ ਦੇ ਧਾਵਿਆਂ ਤੋਂ ਡਰ ਹੈ ਕਿ ਉਹ ਕਿਲ੍ਹੇ ਨੂੰ ਫ਼ਤਹਿ ਕਰ ਲੈਣਗੇ ਤੇ ਸਾਡਾ ਰਾਜ ਭਾਗ ਜਾਂਦਾ ਰਹੇਗਾ। ਰਾਜਾ ਸੰਸਾਰ ਚੰਦ ਨੇ ਮੈਨੂੰ ਸਰਕਾਰ ਦੀ ਸੇਵਾ ਵਿਚ ਭੇਜਿਆ ਹੈ ਕਿ ਆਪ ਇਸ ਸਮੇਂ ਸਾਡੀ ਸਹਾਇਤਾ ਕਰਕੇ ਸਾਨੂੰ ਇਸ ਭਾਰੀ ਔਕੜ ਤੋਂ ਬਚਾ ਲਵੋ।

ਮਹਾਰਾਜਾ ਸਾਹਿਬ ਨੇ ਉਸ ਦੀ ਦੀਨਤਾ ਨੂੰ ਵੇਖ ਕੇ ਏਥੋਂ ਹੀ ਸਣੇ ਆਪਣੀ ਬਲਵਾਨ ਫ਼ੋਜ ਦੇ,ਸਿੱਧੇ ਉਸ ਦੀ ਰੱਖਿਆ ਲਈ ਕਾਂਗੜੇ ਵੱਲ ਕੂਚ ਕਰ ਦਿੱਤਾ। ਮਹਾਰਾਜਾ ਸਾਹਿਬ ਅਜੇ ਕਾਂਗੜੇ ਤੋਂ ਦੂਰ ਹੀ ਸਨ ਕਿ ਗੋਰਖਾ ਫ਼ੋਜ ਦੇ ਸੈਨਾਪਤੀ ਨੇ ਮਹਾਰਾਜਾ ਦੇ ਪਹੁੰਚ ਜਾਣ ਦੀ ਖ਼ਬਰ ਸੁਣੀ ਤਾਂ ਇੰਨਾ ਘਬਰਾਇਆ ਜਿਸ ਦੀ ਕੋਈ ਹੱਦ ਨਹੀਂ ਸੀ। ਉਸ ਨੇ ਝੱਟ ਆਪਣਾ ਇਕ ਭਰੋਸੇਯੋਗ ਵਕੀਲ ਜਿਸ ਦਾ ਨਾਮ ਜ਼ੋਰਾਵਰ ਸਿੰਘ ਸੀ,ਮਹਾਰਾਜਾ ਦੀ ਸੇਵਾ ਵਿਚ ਭੇਜਿਆ ਤੇ ਉਸ ਨੇ ਆ ਕੇ ਸੰਸਾਰ ਚੰਦ ਦੀ ਸਹਾਇਤਾ ਨਾ ਕਰਨ ਲਈ ਬੜੀਆਂ ਬੇਨਤੀਆਂ ਕੀਤੀਆਂ ਤੇ ਇਹ ਵੀ ਕਿਹਾ ਅਸੀਂ ਸਾਰੀ ਆਯੂ ਧੰਨਵਾਦੀ ਰਹਿਣ ਤੋਂ ਛੁੱਟ ਸੰਸਾਰ ਚੰਦ ਦੇ ਨਜ਼ਰਾਨੇ ਤੋਂ ਦੂਣੀ ਰਕਮ ਹਾਜ਼ਰ ਕਰਨ ਲਈ ਤਿਆਰ ਹਾਂ। ਸਰਕਾਰ ਸਾਥੋਂ ਦੂਣੀ ਭੇਟ ਲੈ ਕੇ ਪਿਛਾਂਹ ਪਰਤ ਜਾਏ। ਸ਼ੇਰ-ਦਿਲ ਮਹਾਰਾਜੇ ਨੇ ਇਸ ਦਾ ਉੱਤਰ ਜ਼ੋਰਾਵਰ ਸਿੰਘ ਨੂੰ ਡਾਢਾ ਦੋ-ਟੁੱਕ ਦਿੱਤਾ-ਕਿਹਾ ਅਸੀਂ ਜਿਸ ਨਾਲ ਪਹਿਲੇ ਬਚਨ ਕਰ ਚੁੱਕੇ ਹਾਂ ਚਾਹੇ ਹੁਣ ਦੂਣੀ ਨਹੀਂ ਦਸੂਣੀ ਰਕਮ ਵੀ ਦੇਵੋ,ਤਦ ਵੀ ਆਪਣਾ ਵਾਕ ਭੰਗ ਨਹੀਂ ਕਰਾਂਗੇ। ਮਹਾਰਾਜਾ ਦਾ ਇਹ ਉੱਤਰ ਸੁਣ ਕੇ ਜ਼ੋਰਾਵਰ ਸਿੰਘ ਲੱਜਿਤ ਹੋ ਕੇ ਪਰਤ ਗਿਆ। ਅਗਲੇ ਦਿਨ ਖ਼ਾਲਸਾ ਦਲ ਅੱਗੇ ਵਧਿਆ ਅਤੇ ਹੁਣ ਜਦ ਅਮਰ ਸਿੰਘ ਨੇ ਮਹਾਰਾਜੇ ਦਾ ਉੱਤਰ ਸੁਣਿਆ ਤਾਂ ਉਸ ਪਰ ਮਹਾਰਾਜੇ ਦਾ ਐਸਾ ਦਬ-ਦਬਾ ਛਾਇਆ ਕਿ ਉਸ ਨੇ ਰਾਤੋਂ-ਰਾਤ ਕਾਂਗੜੇ ਦੇ ਕਿਲ੍ਹੇ ਤੋਂ ਘੇਰਾ ਚੁੱਕ ਲਿਆ ਤੇ ਜਾਨ ਬਚਾ ਕੇ ਦੇਸ਼ ਵੱਲ ਪਰਤ ਗਿਆ। ਇਉਂ ਸੰਸਾਰ ਚੰਦ ਨੂੰ ਆਪਣਾ ਇਲਾਕਾ ਮੁੜ ਦੁਆ ਕੇ ਮਹਾਰਾਜਾ ਲਾਹੌਰ ਵੱਲ ਨੂੰ ਪਰਤ ਆਇਆ।

## ਕਸੂਰ ਨੂੰ ਫ਼ਤਹਿ ਕਰਨਾ

ਸੰਮਤ 1864 ਬਿ: ਸੰਨ 1807 ਈ: ਦੇ ਆਰੰਭ ਵਿਚ ਸ਼ਾਹੀ ਸੂਹੀਏ ਨੇ ਖ਼ਬਰ ਦਿੱਤੀ ਕਿ ਨਵਾਬ ਕੁਤਬੁਦੀਨ ਕਸੂਰੀਏ ਨੇ ਆਪਣੇ ਅਹਿਦਨਾਮੇ ਵਿਰੁੱਧ ਨਵਾਬ ਮੁਜ਼ੱਫਰ ਖ਼ਾਨ ਮੁਲਤਾਨੀ ਨਾਲ ਗੋਂਦ ਗੁੰਦੀ ਹੈ ਕਿ ਇਨ੍ਹਾਂ ਦਿਨਾਂ ਵਿਚ ਇਸਲਾਮੀ ਝੰਡਾ ਖੜ੍ਹਾ ਕਰਕੇ ਦੋਂਹਾਂ ਨਵਾਬਾਂ ਦੀਆਂ ਸੰਮਿਲਿਤ ਫੌਜਾਂ ਤੇ ਬਹੁਤ ਸਾਰੇ ਮੁਲਕੀ ਰਾਜਿਆਂ ਨੂੰ ਇੱਕਠਾ ਕਰਕੇ ਮਹਾਰਾਜੇ ਨਾਲ ਲੜਾਈ ਲੜੀ ਜਾਏ। ਦੂਜਾ ਕੁਤਬੁਦੀਨ ਨੇ ਕਸੂਰ ਦੇ ਇਲਾਕੇ ਦੇ ਸਿੱਖਾਂ ਪਰ ਅੱਤ ਦੀ ਸਖ਼ਤੀ ਕਰਨੀ ਆਰੰਭ ਦਿੱਤੀ ਹੈ। ਇਸ ਗੱਲ ਦਾ ਪਤਾ ਕਰਨ ਲਈ ਤੇ ਨਵਾਬ ਦੀ ਸਿੱਖ ਪਰਜਾ ਨੂੰ ਜ਼ੁਲਮ ਤੋਂ ਬਚਾਉਣ ਲਈ ਮਹਾਰਾਜਾ ਨੇ ਫ਼ਕੀਰ ਅਜ਼ੀਜ਼ੁਦੀਨ ਨੂੰ ਵਿਚੋਲਾ ਥਾਪ ਕੇ ਕਸੂਰ ਭੇਜਿਆ, ਪਰ ਅੱਗੋਂ ਇਸ ਗੱਲ ਦੀ ਥਾਂ ਕਿ ਕੁਤਬੁਦੀਨ ਉਸ ਦੇ ਸ਼ੰਕੇ ਨਵਿਰਤ ਕਰਦਾ,ਉਲਟਾ ਉਹ ਉਸ ਨੂੰ ਡਾਢਾ ਲੋਹਾ ਲਾਖਾ ਹੋ ਕੇ ਮਿਲਿਆ ਤੇ ਉਸ ਨੂੰ ਸਿੱਖਾਂ ਦੀ ਨੌਕਰੀ ਕਰਨ ਲਈ ਕੁਝ ਅਯੋਗ ਬਚਨ ਕਹੇ।



**ਮਹਾਰਾਜਾ ਸਾਹਿਬ ਨੇ ਇਲਾਕਾ ਬਹਾਵਲਪੁਰ ਵੱਲ ਕੂਚ ਕੀਤਾ, ਨਵਾਬ ਬਹਾਵਲਪੁਰ ਨੇ ਜਦ ਮਹਾਰਾਜਾ ਸਾਹਿਬ ਦੇ ਆਉਣ ਦੀ ਖ਼ਬਰ ਸੁਣੀ ਤੁਰੰਤ ਆਪਣਾ ਵਕੀਲ ਮਹਾਰਾਜੇ ਦੀ ਸੇਵਾ ਵਿਚ ਭੇਜਿਆ ਅਤੇ ਕਿਹਾ ਕਿ ਉਹ ਸਭ ਤਰ੍ਹਾਂ ਦੀ ਸੇਵਾ ਲਈ ਹਾਜ਼ਰ ਹੈ, ਜੋ ਨਜ਼ਰਾਨਾ ਉਸ ਉਪਰ ਠਹਿਰਾਇਆ ਜਾਏ, ਉਹ ਖ਼ੁਸ਼ੀ ਨਾਲ ਦੇਣ ਲਈ ਤਿਆਰ ਹੈ। ਸ਼ੇਰਿ ਪੰਜਾਬ ਨਿਰਾ ਪੁਰਾ ਲੜਾਈਆਂ ਦਾ ਭੁੱਖਾ ਨਹੀਂ ਸੀ, ਜਦ ਕੋਈ ਹਿਤੋਂ ਚਿੱਤੋਂ ਨਿਮਰਤਾ ਨਾਲ ਉਸ ਅੱਗੇ ਝੁਕਦਾ ਤਦ ਉਹ ਸਦਾ ਉਸ ਨਾਲ ਕ੍ਰਿਪਾਲਤਾ ਦਾ ਵਰਤਾਉ ਕਰਦਾ ਹੁੰਦਾ ਸੀ। ਨਵਾਬ ਬਹਾਵਲਪੁਰ ਦਾ ਚੰਗਾ ਵਰਤਾਵ ਵੇਖ ਕੇ ਮਹਾਰਾਜਾ ਨੇ ਫ਼ਕੀਰ ਅਜ਼ੀਜ਼ੁਦੀਨ ਦੇ ਹੱਥੀਂ ਉਸ ਲਈ ਬਹੁਮੁੱਲੀ ਖ਼ਿਲਤ ਭਿਜਵਾਈ। ਨਵਾਬ ਫ਼ਕੀਰ ਜੀ ਨੂੰ ਬੜੇ ਪਿਆਰ ਨਾਲ ਮਿਲਿਆ। ਸ਼ਹਿਰ ਤੋਂ ਬਹੁਤ ਬਾਹਰ ਆਪ ਸਣੇ ਦਰਬਾਰੀਆਂ ਦੇ ਫ਼ਕੀਰ ਜੀ ਦੇ ਸਵਾਗਤ ਲਈ ਆਇਆ ਅਤੇ ਇਕ ਬੜੇ ਦਰਬਾਰ ਵਿਚ ਮਹਾਰਾਜਾ ਸਾਹਿਬ ਦੀ ਖ਼ਿਲਤ ਪਹਿਨ ਕੇ ਬੜਾ ਪ੍ਰਸੰਨ ਹੋਇਆ।**

ਫ਼ਕੀਰ ਅਜ਼ੀਜ਼ੁਦੀਨ ਨਵਾਬ ਦਾ ਇਹ ਅਯੋਗ ਵਰਤਾਵ ਵੇਖ ਕੇ ਲਾਹੌਰ ਨੂੰ ਪਰਤ ਆਇਆ ਤੇ ਸਾਰੀ ਵਿੱਥਿਆ ਮਹਾਰਾਜਾ ਸਾਹਿਬ ਨੂੰ ਕਹਿ ਸੁਣਾਈ। ਮਹਾਰਾਜਾ ਸਾਹਿਬ ਨਵਾਬ ਕੁਤਬੁਦੀਨ ਦੇ ਇਸ ਅਯੋਗ ਸਲੂਕ ਦੇ ਅਹਿਦਨਾਮੇ ਦੇ ਉਲਟ ਵਰਤੋਂ ਦਾ ਸਮਾਚਾਰ ਸੁਣ ਕੇ ਬੜੇ ਜੋਸ਼ ਵਿਚ ਆਏ

ਤੇ ਝੱਟ ਚੜ੍ਹਾਈ ਦੀਆਂ ਤਿਆਰੀਆਂ ਦਾ ਹੁਕਮ ਦੇ ਦਿੱਤਾ। ਥੋੜ੍ਹੇ ਦਿਨਾਂ ਵਿਚ ਹੀ ਸਭ ਤਿਆਰੀਆਂ ਹੋ ਗਈਆਂ ਤੇ 10 ਫਰਵਰੀ ਸੰਨ 1877 ਈ: ਨੂੰ ਕਸੂਰ ਪਰ ਚੜ੍ਹਾਈ ਕਰ ਦਿੱਤੀ। ਇਹ ਫੌਜਾਂ ਜਦ ਸ਼ਹਿਰ ਦੇ ਲਾਗੇ ਪਹੁੰਚੀਆਂ ਤਾਂ ਅੱਗੋਂ ਨਵਾਬ ਸਣੇ ਗਾਜ਼ੀਆ ਦੇ, ਖ਼ਾਲਸੇ ਦੇ ਟਾਕਰੇ ਲਈ ਆਇਆ,ਇਥੇ ਦੋ ਤਕੜੀਆਂ ਲੜਾਈਆਂ ਹੋਈਆਂ, ਇਨ੍ਹਾਂ ਦੋਹਾਂ ਵਿਚੋਂ ਨਵਾਬ ਦੇ ਪੈਰ ਉਖੜ ਗਏ ਤੇ ਮੈਦਾਨ ਖ਼ਾਲਸੇ ਦੇ ਹੱਥ ਰਿਹਾ। ਨਵਾਬ ਇਥੋਂ ਨੱਸ ਕੇ ਗਾਜ਼ੀਆ ਦੇ ਕਿਲ੍ਹੇ ਵਿਚ ਆਕੀ ਹੋ ਬੈਠਾ। ਖ਼ਾਲਸੇ ਨੇ ਕਿਲ੍ਹੇ ਨੂੰ ਜਾ ਘੇਰਾ ਘੱਤਿਆ ਤੇ ਤੋਪਾਂ ਬੀੜ ਕੇ ਲੱਗੇ ਗੋਲੇ ਵਸਾਣ। ਅੰਦਰੋਂ ਕੁਤਬੁਦੀਨ ਵੀ ਬੜੀ ਦਲੇਰੀ ਨਾਲ ਲੜਦਾ ਰਿਹਾ ਤੇ ਕਿਲ੍ਹੇ ਨੂੰ ਕਈਂ ਦਿਨ ਤੱਕ ਬਚਾਈ ਰੱਖਿਆ। ਹੁਣ ਜਦ ਲੜਾਈ ਜ਼ਰਾ ਲਮਕ ਗਈ ਤਾਂ ਸ਼ੇਰੇ ਪੰਜਾਬ ਨੇ ਇਕ ਰਾਤ ਨੂੰ ਖ਼ਾਲਸੇ ਦਾ ਇਕ ਚੋਣਵਾਂ ਜੁੱਟ ਕਿਲ੍ਹੇ ਦੀ ਦੀਵਾਰ ਹੇਠ ਸੁਰੰਗਾਂ ਪੁੱਟਣ ਲਾ ਦਿੱਤਾ ਤੇ ਇਨ੍ਹਾਂ ਵਿਚ ਰਾਤੋ-ਰਾਤ ਬਰੂਦ ਭਰ ਕੇ ਸਵੇਰ ਹੁੰਦਿਆਂ ਪਲੀਤੇ ਦਾਗੇ ਗਏ ਤੇ ਕਿਲ੍ਹੇ ਦੀ ਲਹਿੰਦੀ ਬਾਹੀ ਧਰਤੀ ਤੇ ਆ ਪਈ, ਬਸ ਇਸ ਸਮੇਂ ਨੂੰ ਅਮੋਲਕ ਜਾਣ ਕੇ ਉਪਰੋਂ ਖ਼ਾਲਸੇ ਵਲੋਂ ਹੱਲਾ ਕੀਤਾ ਗਿਆ ਤੇ ਪਲ ਵਿਚ ਖ਼ਾਲਸਾ ਦਲ ਕਿਲ੍ਹੇ ਵਿਚ ਜਾ ਵੜਿਆ। ਕਿਲ੍ਹੇ ਵਿਚ ਗਾਜ਼ੀਆ ਨੇ ਖੂਬ ਤਲਵਾਰ ਚਲਾਈ,ਪਰ ਸਿੰਘਾਂ ਨੇ ਅਮਿੱਟ ਜੋਸ਼ ਅੱਗੇ ਉਨ੍ਹਾਂ ਦੀ ਕੁਝ ਵੀ ਨਾ ਚਲ ਸਕੀ ਤੇ ਹੁਣ ਸਾਰੇ ਕਿਲ੍ਹੇ ਪਰ ਮਹਾਰਾਜਾ ਦਾ ਅਧਿਕਾਰ ਹੋ ਗਿਆ। ਨਵਾਬ ਕੁਤਬੁਦੀਨ ਭੱਜਦਾ ਹੋਇਆ ਫੜਿਆ ਗਿਆ ਅਤੇ ਮਹਾਰਾਜੇ ਦੀ ਹਜ਼ੂਰੀ ਵਿਚ ਹਾਜ਼ਰ ਕੀਤਾ ਗਿਆ ਤਾਂ ਬੜੀ ਅਧੀਨਗੀ ਨਾਲ ਸ਼ੇਰਿ ਪੰਜਾਬ ਤੋਂ ਜਾਨ-ਬਖਸ਼ੀ ਚਾਹੀ। ਮਹਾਰਾਜਾ ਸਾਹਿਬ ਨੇ ਉਸ ਦੀ ਬੇਨਤੀ ਮੰਨ ਲਈ ਅਤੇ ਉਸ ਦੀ ਜਾਨ-ਬਖਸ਼ੀ ਕਰਕੇ ਉਸ ਨੂੰ ਸਤਲੁਜ ਤੋਂ ਪਾਰ ਮਮਦੋਟ ਦਾ ਇਲਾਕਾ ਨਿਰਬਾਹ ਲਈ ਜਾਗੀਰ ਵਜੋਂ ਬਖਸ਼ ਦਿੱਤਾ। ਇਸ ਜੰਗ ਵਿਚ ਅਕਾਲੀ ਫੂਲਾ ਸਿੰਘ ਜੀ, ਸ:ਨਿਹਾਲ ਸਿੰਘ ਅਟਾਰੀ ਵਾਲੇ ਤੇ ਨੌਜਵਾਨ ਸ:ਹਰੀ ਸਿੰਘ ਨਲੂਏ ਨੇ ਬੜੀ ਬੀਰਤਾ ਤੋਂ ਕੰਮ ਲਿਆ। ਇਸ ਸੂਬੇ ਦਾ ਪਹਿਲਾ ਪ੍ਰਬੰਧਕ ਸ:ਨਿਹਾਲ ਸਿੰਘ ਥਾਪਿਆ ਗਿਆ ਤੇ ਇਸ ਦਾ ਬਹੁਤ ਸਾਰਾ ਭਾਗ ਉਸਨੂੰ ਜਾਗੀਰ ਵਿਚ ਦਿੱਤਾ ਗਿਆ। ਹੁਣ ਫ਼ਤਹਿ ਦਾ ਫਰੇਰਾ ਝੁਲਾਉਂਦੇ ਹੋਏ ਮਹਾਰਾਜਾ ਸਾਹਿਬ ਲਾਹੌਰ ਆ ਗਏ।

## ਮਹਾਰਾਜਾ ਦਾ ਮੁਲਤਾਨ ਦਾ ਦੌਰਾ

ਕਸੂਰ ਦੀ ਫ਼ਤਹਿ ਤੋਂ ਵਿਹਲੇ ਹੋ ਕੇ ਪਹਿਲਾ ਕੰਮ ਜੋ ਮਹਾਰਾਜੇ ਨੇ ਕੀਤਾ ਉਹ ਨਵਾਬ ਮੁਜ਼ੱਫ਼ਰ ਖ਼ਾਨ ਮੁਲ਼ਤਾਨੀ ਨੂੰ ਉਸ ਦੇ ਅਯੋਗ ਵਰਤਾਵ ਬਦਲੇ ਦੰਡ ਦੇਣਾ ਸੀ। ਇਥੇ ਪੰਦਰਾਂ ਦਿਨ ਠਹਿਰਨ ਦੇ ਬਾਅਦ ਨਵੀਆਂ ਤਿਆਰੀਆਂ ਕਰਕੇ ਤੇ ਸੱਜਰ ਸ਼ਾਹ ਫੌਜ ਨਾਲ ਲੈ ਕੇ 15 ਮਾਰਚ 1807 ਈ: ਨੂੰ ਮੁਲਤਾਨ ਵੱਲ ਕੂਚ ਕੀਤਾ ਅਤੇ ਜਾਂਦੇ ਹੀ ਸ਼ਹਿਰ ਦੇ ਲਾਗੇ ਜਾ ਡੇਰੇ ਲਾਏ। ਇਥੋਂ ਫ਼ਤਹਿ ਸਿੰਘ ਕਾਲਿਆਂ ਵਾਲੇ ਨੂੰ ਵਿਚੋਲੇ ਥਾਪ ਕੇ ਨਵਾਬ ਵੱਲ ਭੇਜਿਆ ਕਿ ਨਵਾਬ ਨੂੰ ਦੱਸੇ ਕਿ ਉਸ ਨੇ ਅਹਿਦਨਾਮਾ ਲਿਖ ਕੇ ਦਿੱਤਾ ਸੀ ਕਿ ਅੱਗੇ ਨੂੰ ਸਿੱਖ ਰਾਜ ਦਾ ਸ਼ੁਭ ਚਿੰਤਕ ਰਹੇਗਾ, ਪਰ ਉਸ ਨੇ ਉਪਰ-ਥੱਲੇ ਜਾਣ ਬੁੱਝ ਕੇ ਕਈ ਕੁ ਅਯੋਗ ਕੰਮ ਕੀਤੇ ਹਨ,ਅਰਥਾਤ ਇਕ ਤਾਂ ਉਸ ਨੇ ਸਾਡੇ ਵੈਰੀ ਅਹਿਮਦ ਖਾਨ ਸਿਆਲ ਨੂੰ ਆਪਣੇ ਪਾਸ ਪਨਾਹ ਦਿੱਤੀ ਸੀ,ਦੂਜਾ ਹੁਣ ਕੁਤਬਦੀਨ ਕਸੂਰੀਏ ਨਾਲ ਮਿਲ ਕੇ ਖ਼ਾਲਸਾ ਰਾਜ ਦੇ ਵਿਰੁੱਧ ਗੋਂਦਾਂ ਗੁੰਦਦਾ ਰਿਹਾ ਹੈ, ਸੋ ਇਨ੍ਹਾਂ ਵੱਡੇ ਅਪਰਾਧਾਂ ਦੇ ਬਦਲੇ ਭਾਰੀ ਦੰਡ ਦਾਖਲ ਕਰੇ,ਨਹੀਂ ਤਾਂ ਉਸ ਨੂੰ ਮੁਲਤਾਨ ਦੀ ਹਕੂਮਤ ਤੋਂ ਹਟਾ ਦਿੱਤਾ ਜਾਏਗਾ,ਉਸ ਨੇ ਮਿੱਤਰਤਾ ਦਾ ਅਹਿਦਨਾਮਾ ਆਪ ਤੋੜ ਦਿੱਤਾ ਹੈ।

ਮੁਜ਼ੱਫਰ ਖ਼ਾਨ ਨੇ ਜਦ ਮਹਾਰਾਜੇ ਦਾ ਹੁਕਮ ਸ: ਫ਼ਤਹਿ ਸਿੰਘ ਦੇ ਮੂੰਹ ਤੋਂ ਸੁਣਿਆ ਤਾਂ ਉਹ ਆਪਣੀ ਕਰਤੂਤ ਪਰ ਅਤਿਅੰਤ ਲੱਜਿਤ ਹੋਇਆ ਤੇ ਬੜੀ ਨਿਮਰਤਾ ਨਾਲ ਕਹਿਣ ਲੱਗਾ ਕਿ ਮੇਰਾ ਪਿਛਲਾ ਅਪਰਾਧ ਬਖਸ਼ਿਆ ਜਾਏ ਤੇ ਜੋ ਦੰਡ ਮਹਾਰਾਜਾ ਸਾਹਿਬ ਯੋਗ ਸਮਝਣ ਮੈਂ ਭਰਨ ਨੂੰ ਤਿਆਰ ਹਾਂ,ਪਰ ਮੈਨੂੰ ਇਲਾਕੇ ਤੋਂ ਨਾ ਕੱਢਿਆ ਜਾਏ। ਦੋਸ਼ ਉਸ ਦਾ ਬਹੁਤ ਵੱਡਾ ਸੀ,ਪਰ ਉਸ ਦੀਆਂ ਇੰਨੀਆਂ ਵਿਲਕਣੀਆਂ ਸੁਣ ਕੇ ਮਹਾਰਾਜਾ ਨੇ ਆਪਣੇ ਬਖਸ਼ੀਸ਼ ਸੁਭਾਅ ਅਨੁਸਾਰ ਉਸ ਨਾਲ ਖਿਮਾਂ ਪੂਰਤ ਵਰਤਾਉ ਕੀਤਾ ਅਰਥਾਤ ਕੇਵਲ 7700 ਰੁਪਿਆ ਉਸ ਤੋਂ ਚੱਟੀ ਵਜੋਂ ਲਿਆ ਗਿਆ।

ਇਸ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਇਲਾਕਾ ਬਹਾਵਲਪੁਰ ਵੱਲ ਕੂਚ ਕੀਤਾ, ਨਵਾਬ ਬਹਾਵਲਪੁਰ ਨੇ ਜਦ ਮਹਾਰਾਜਾ ਸਾਹਿਬ ਦੇ ਆਉਣ ਦੀ ਖ਼ਬਰ ਸੁਣੀ ਤੁਰੰਤ ਆਪਣਾ ਵਕੀਲ ਮਹਾਰਾਜੇ ਦੀ ਸੇਵਾ ਵਿਚ ਭੇਜਿਆ ਅਤੇ ਕਿਹਾ ਕਿ ਉਹ ਸਭ ਤਰ੍ਹਾਂ ਦੀ ਸੇਵਾ ਲਈ ਹਾਜ਼ਰ ਹੈ, ਜੋ ਨਜ਼ਰਾਨਾ ਉਸ ਉਪਰ ਠਹਿਰਾਇਆ ਜਾਏ, ਉਹ ਖ਼ੁਸ਼ੀ ਨਾਲ ਦੇਣ ਲਈ ਤਿਆਰ ਹੈ। ਸ਼ੇਰਿ ਪੰਜਾਬ ਨਿਰਾ ਪੁਰਾ ਲੜਾਈਆਂ ਦਾ ਭੁੱਖਾ ਨਹੀਂ ਸੀ, ਜਦ ਕੋਈ ਹਿਤੋਂ ਚਿੱਤੋਂ ਨਿਮਰਤਾ ਨਾਲ ਉਸ ਅੱਗੇ ਝੁਕਦਾ ਤਦ ਉਹ ਸਦਾ ਉਸ ਨਾਲ ਕ੍ਰਿਪਾਲਤਾ ਦਾ ਵਰਤਾਉ ਕਰਦਾ ਹੁੰਦਾ ਸੀ। ਨਵਾਬ ਬਹਾਵਲਪੁਰ ਦਾ ਚੰਗਾ ਵਰਤਾਵ ਵੇਖ ਕੇ ਮਹਾਰਾਜਾ ਨੇ ਫ਼ਕੀਰ ਅਜ਼ੀਜੁਦੀਨ ਦੇ ਹੱਥੀਂ ਉਸ ਲਈ ਬਹੁਮੁੱਲੀ ਖ਼ਿਲਤ ਭਿਜਵਾਈ। ਨਵਾਬ ਫ਼ਕੀਰ ਜੀ ਨੂੰ ਬੜੇ ਪਿਆਰ ਨਾਲ ਮਿਲਿਆ। ਸ਼ਹਿਰ ਤੋਂ ਬਹੁਤ ਬਾਹਰ ਆਪ ਸਣੇ ਦਰਬਾਰੀਆਂ ਦੇ ਫ਼ਕੀਰ ਜੀ ਦੇ ਸਵਾਗਤ ਲਈ ਆਇਆ ਅਤੇ ਇਕ ਬੜੇ ਦਰਬਾਰ ਵਿਚ ਮਹਾਰਾਜਾ ਸਾਹਿਬ ਦੀ ਖ਼ਿਲਤ ਪਹਿਨ ਕੇ ਬੜਾ ਪ੍ਰਸੰਨ ਹੋਇਆ। ਮਹਾਰਾਜਾ ਸਾਹਿਬ ਬਹਾਵਲਪੁਰ ਦੇ ਇਲਾਕੇ ਵਿਚ ਕੁਝ ਦਿਨ ਸ਼ਿਕਾਰ ਖੇਡ ਕੇ ਲਾਹੌਰ ਪਰਤ ਆਇਆ।



ਇਸ ਦੌਰੇ ਦੇ ਬਾਅਦ ਲਾਹੌਰ ਵਿਚ ਮਹਾਰਾਜਾ ਸਾਹਿਬ ਨੇ ਤੋਪਾਂ ਅਤੇ ਬੰਦੂਕਾਂ ਢਾਲਣ ਦਾ ਹੋਰ ਨਵਾਂ ਕਾਰਖਾਨਾ ਲਾਇਆ, ਜੋ ਸੂਬਾ ਸਿੰਘ ਦੇ ਕਾਰਖਾਨੇ ਦੇ ਨਾਮ ਪਰ ਪ੍ਰਸਿੱਧ ਸੀ। ਇਸ ਤੋਂ ਛੁੱਟ ਬਾਰੂਦ ਅਤੇ ਗੋਲੀਆਂ ਦਾ ਕਾਰਖਾਨਾ ਚਾਲੂ ਕੀਤਾ, ਜਿਸ ਨਾਲ ਰਾਜ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋਣ ਲੱਗੀਆਂ।

-0-

# ਜੰਮਣ-ਮਰਨ

–ਗੁਰਪ੍ਰੀਤ ਸਿੰਘ
ਵਿਦਿਆਰਥੀ ਪੰਜਾਬ ਸੀਨੀਅਰ, ਰੋਲ ਨੰਬਰ– 2254

ਜੰਮਣਾ ਅਤੇ ਮਰਨਾ ਗੁਰਬਾਣੀ ਵਿੱਚ ਤਿੰਨ ਪ੍ਰਕਾਰ ਦਾ ਆਉਂਦਾ ਹੈ। ਪਹਿਲਾਂ ਜੰਮਣ ਤੋਂ ਭਾਵ ਜਦੋਂ ਮਨੁੱਖ ਸੱਚ ਬੋਲਦਾ ਹੈ, ਉਦੋਂ ਉਸ ਦਾ ਮਨੁੱਖਤਾ ਦੇ ਤਲ ਤੇ ਜੰਮਿਆ ਹੋਇਆ ਸਮਝਣਾ ਚਾਹੀਦਾ ਹੈ, ਪਰ ਜਦੋਂ ਮਨੁੱਖ ਝੂਠ ਬੋਲਦਾ ਹੈ, ਉਸ ਸਮੇਂ ਉਹ ਆਤਮਕ ਤੌਰ ਤੇ ਮਰਿਆ ਹੋਇਆ ਹੈ। ਫੁਰਮਾਨ ਹੈ–

**ਆਖਾ ਜੀਵਾ ਵਿਸਰੈ ਮਰ ਜਾਉ॥ (9)**

ਦੂਜੀ ਮੌਤ ਮਾੜੀਆਂ ਵਾਸ਼ਨਾਵਾਂ, ਬਿਰਤੀਆਂ ਤੇ ਮਾੜੇ ਕਿਰਦਾਰ ਅਤੇ ਮਾੜੇ ਸੰਸਕਾਰ ਦੀ ਹੈ, ਜਿਸ ਵਿੱਚ ਮਨੁੱਖ ਗੁਰੂ ਤੋਂ ਗਿਆਨ ਪ੍ਰਾਪਤ ਕਰ ਕੇ ਧਰਮੀ ਸੱਚੇ, ਸੁੱਚੇ ਜੀਵਨ ਵਿੱਚ ਜਨਮ ਲੈਂਦਾ ਹੈ ਅਤੇ ਮਾੜੇ ਜੀਵਨ ਨੂੰ ਖਤਮ ਕਰ ਦਿੰਦਾ ਹੈ। ਫੁਰਮਾਨ ਹੈ–

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ (1102)**
**ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ (940)**
**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥ (604)**

ਤੀਜਾ ਮਰਨਾ ਹੈ ਸਰੀਰ ਵਿਚੋਂ ਸਵਾਸਾਂ ਦੀ ਸਮਾਪਤੀ, ਸਰੀਰ ਦਾ ਬਿਨਸਣਾ, ਕਿਉਂਕਿ ਸਾਡੀ ਹੋਂਦ ਸੁਆਸਾਂ ਤੇ ਖੜੀ ਹੈ–

ਹਮ ਆਦਮੀ ਹਾਂ ਇੱਕ ਦਮੀ।

ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਬੜੀ ਸਾਵਧਾਨੀ ਵਰਤੀ ਜਾਂਦੀ ਹੈ ਕਿ ਕੋਈ ਦੁਰਘਟਨਾ ਨਾ ਵਾਪਰ ਜਾਏ। ਉਸ ਦਾ ਬਹੁਤ ਧਿਆਨ ਰਖਿਆ ਜਾਂਦਾ ਹੈ। ਮਨੁੱਖ ਘਰ, ਮਕਾਨ ਆਦਿ ਬਣਾਉਣ ਵੇਲੇ ਘਰ ਦੀ ਚਾਰ ਦੁਆਰੀ ਮਜਬੂਤ ਕਰਦਾ ਹੈ ਤਾਂ ਕਿ ਕੋਈ ਅਪਦਾ ਆਉਣ ਤੇ ਮਨੁੱਖ ਨੂੰ ਕੋਈ ਨੁਕਸਾਨ ਨਾ ਹੋਵੇ ਭਾਵ ਮਨੁੱਖ ਹਰ ਹੀਲੇ ਨਾਲ ਚਤੁਰਾਈ ਨਾਲ ਸਰੀਰਕ ਮੌਤ ਤੋਂ ਬਚਣਾ ਚਾਹੁੰਦਾ ਹੈ ਤਾਂ ਕਿ ਇਸ ਸੰਸਾਰ ਦੇ ਅਨੰਦ ਨੂੰ ਲੰਮਾ ਸਮਾਂ ਮਾਣ ਸਕੇ। ਇਸ ਵਾਸਤੇ ਕਈ ਪ੍ਰਕਾਰ ਦੀਆਂ ਦਵਾਈਆਂ, ਸਰਜਰੀਆਂ ਤੇ ਹਸਪਤਾਲਾਂ ਵਿੱਚ ਬਹੁਤ ਧਨ ਖਰਚ ਕੇ ਇਸ ਸਰੀਰ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੈ। ਭਾਵ ਕਿਸੇ ਨਾ ਕਿਸੇ ਤਰੀਕੇ ਨਾਲ ਤੰਦਰੁਸਤ ਰਹਿ ਕੇ ਹੋਰ ਲੰਮਾ ਸਮਾਂ ਜਿਊਂਦਾ ਰਹਾਂ ਪਰ ਕੁਦਰਤਿ ਦੇ ਸਿਰਜੇ ਨਿਯਮ ਅਨੁਸਾਰ ਜਿਹੜੀ ਵੀ ਵਸਤੂ ਚੀਜ ਬਣੀ ਹੈ, ਉਸ ਨੇ ਇੱਕ ਦਿਨ ਭੱਜਣਾ (ਖਤਮ) ਜਰੂਰ ਹੈ, ਪਰ ਜੇ ਸੰਭਾਲ ਕੇ ਵਰਤੀ ਜਾਏ ਤਾਂ ਉਹ ਲੰਬਾ ਸਮਾਂ ਵੀ ਕੱਢ ਸਕਦੀ ਹੈ।

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥ (1429)**

ਇਹਨਾਂ ਦਾ ਭਾਵ ਹੈ ਕਿ ਜੋ ਸ੍ਰਿਸ਼ਟੀ ਤੇ ਉਪਜਿਆ ਹੈ ਉਸ ਨੇ ਖਤਮ ਹੋਣਾ ਹੈ, ਜੀਵਨ ਦੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ। ਮਨੁੱਖ ਜਿੰਨੇ ਬੰਨ੍ਹ ਨੂੰ ਬੰਨਣਾ ਚਾਹੁੰਦਾ ਹੈ, ਬੰਨ੍ਹ ਲਵੇ, ਪਰ ਮੌਤ ਇੱਕ ਇੱਕ ਦਰਵਾਜਾ ਭੰਨਦਿਆਂ ਹੋਇਆ ਪਹੁੰਚ ਜਾਂਦੀ ਹੈ।

**ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥ (1383)**

ਮੌਤ ਦੇ ਸਬੰਧ ਵਿੱਚ ਦੋ ਹੀ ਗੱਲਾਂ ਨੇ ਇੱਕ ਸਰੀਰ ਨੂੰ ਚਲਾਉਣ ਵਾਲੀ ਸੁਆਸਾਂ ਦੀ ਲੜੀ, ਜਿਸ ਤਰ੍ਹਾਂ ਨਦੀ ਦਾ ਪਾਣੀ ਬਹਿ ਜਾਂਦਾ ਹੈ, ਮੁੜ ਵਾਪਸ ਨਹੀਂ ਆਉਂਦਾ, ਇਹ ਪਾਣੀ ਮਨੁੱਖ ਨੂੰ ਵੀ ਦਿਸਦਾ ਹੈ, ਪਰ ਇਹ ਨਹੀਂ ਦਿਸਦਾ ਕਿ ਕਿਹੜਾ ਪਾਣੀ ਲੰਘ ਗਿਆ। ਜਿਵੇਂ ਉਸ ਨੇ ਪਰਤਣਾ ਨਹੀਂ ਮਨੁੱਖ ਨੂੰ ਆਪਣੀ ਉਮਰਾ (ਜਿੰਦਗੀ) ਰੂਪੀ ਨਦੀ ਤੇ ਇਸ ਦੇ ਘੱਟ ਰਹੇ ਦਿਨ ਦਿਸਦੇ ਨਹੀਂ। ਕਿਉਂਕਿ ਇਹ ਫੋਕਟ ਦੇ ਕਰਮਾਂ ਵਿੱਚ ਫਸਿਆ ਪਿਆ ਹੈ। ਗੁਰੂ ਜੀ ਫੁਰਮਾਨ ਕਰਦੇ ਹਨ–

**ਬਹੁਤੀ ਜਾਤ ਕਦੇ ਦ੍ਰਿਸਟ ਨ ਧਾਰਤ॥**
**ਮਿਥਿਆ ਮੋਹ ਬੰਧਹਿ ਨਿਤ ਪਾਰਚ॥**
**ਮਾਧਵੇ ਭਜੁ ਦਿਨ ਨਿਤ ਰੈਣੀ॥**
**ਜਨਮੁ ਪਦਾਰਥੁ ਜੀਤਿ ਹਰਿ ਸਰਣੀ॥ (743)**

ਮਨੁੱਖ ਦੇ ਇਸ ਸੰਸਾਰ ਵਿੱਚ ਜਨਮ ਲੈਣ ਤੋਂ ਉਪਰੰਤ ਜੀਵਨ ਦੇ ਸੁਆਸਾਂ ਦੀਆਂ ਘੜੀਆਂ, ਦਿਨ, ਮਹੀਨੇ, ਸਾਲ, ਮੂਰਤ ਆਦਿ ਘਟਨੇ ਸ਼ੁਰੂ ਹੋ ਜਾਂਦੇ ਹਨ, ਮਾਂ ਏਨਾ ਨਹੀਂ ਜਾਣਦੀ (ਸਮਝਦੀ) ਕਿ ਜਿਸ ਪੁੱਤ ਨੂੰ ਉਸ ਨੇ ਜਨਮ ਦਿੱਤਾ ਹੈ, ਉਸਦੀ ਉਮਰ ਦਿਨੋ ਦਿਨ ਘਟਦੀ ਜਾ ਰਹੀ ਹੈ ਪਰ ਉਹ ਇਸ ਗੱਲ ਨੂੰ ਸਮਝਣ ਲਈ ਤਿਆਰ ਨਹੀਂ। ਫੁਰਮਾਨ ਹੈ–

**ਜਨਨੀ ਜਾਨਤ ਸੁਤੁ ਬਡਾ ਹੋਤੁ ਹੈ**
**ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥ (91)**

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖ ਦੀ ਜਿੰਦਗੀ ਦੀ ਤੁਲਨਾ ਉਸ ਘੜੇ ਨਾਲ ਕੀਤੀ ਹੈ ਜੋ ਪਾਣੀ ਨਾਲ ਭਰਿਆ ਹੈ ਪਰ ਉਸ ਵਿੱਚ ਛੋਟਾ ਜਿਹਾ ਸੁਰਾਗ ਹੋਣ ਕਾਰਨ ਪਾਣੀ ਉਸ ਵਿਚੋਂ ਘਟਦਾ ਜਾ ਰਿਹਾ ਹੈ। ਬਿਲਕੁਲ ਇਸੇ ਤੁਲ ਮਨੁੱਖ ਦੀ ਇਹ ਜਿੰਦਗੀ ਹੈ–

**ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥**
**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥ (726)**

ਭਗਤ ਰਵਿਦਾਸ ਜੀ ਨੇ ਵੀ ਮਨੁੱਖੀ ਜਿੰਦਗੀ ਬਾਰੇ ਵਿਚਾਰ ਦਿੱਤਾ ਹੈ–

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥ (659)**

ਕਬੀਰ ਜੀ ਨੇ ਮਨੁੱਖੀ ਸਰੀਰ ਦੀ ਬਣਤਰ ਸਬੰਧੀ ਆਪਣੀ ਬਾਣੀ ਵਿੱਚ ਇੰਝ ਫੁਰਮਾਇਆ ਹੈ–

**ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥**
**ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥ (1374)**

ਕਬੀਰ ਜੀ ਦੇ ਕਹਿਣ ਤੋਂ ਭਾਵ ਜਿਵੇਂ ਮਿੱਟੀ ਇਕੱਠੀ ਕਰ ਕੇ ਇੱਕ ਨਗਰੀ ਵਸਾਈ ਜਾਂਦੀ ਹੈ, ਤਿਵੇਂ ਪੰਜ ਤੱਤ ਇਕੱਠੇ ਕਰ ਕੇ ਪ੍ਰਭੂ ਨੇ ਇਹ ਸਰੀਰ ਰਚਿਆ ਹੈ। ਵੇਖਣ ਨੂੰ ਚਾਰ ਦਿਨ ਸੋਹਣਾ ਲੱਗਦਾ ਹੈ ਪਰ ਆਖਰ ਜਿਸ ਮਿੱਟੀ ਤੋਂ ਬਣਿਆ ਉਸ ਮਿੱਟੀ ਵਿੱਚ ਹੀ ਰਲ ਜਾਂਦਾ ਹੈ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਕੇਵਲ ਖਾਣ ਲਈ ਜਾਂ ਸੌਣ ਲਈ ਇਸ ਸੰਸਾਰ ਵਿੱਚ ਆਇਆ ਹੈ ਜਾਂ ਇਸ ਦਾ ਕੋਈ ਹੋਰ ਮਨੋਰਥ ਹੈ।

**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ (1379)**

ਹੇ ਫਰੀਦ ! ਇਨ੍ਹਾਂ ਵਿਸੁ ਗੰਦਲਾਂ ਲਈ ਦੁਨੀਆਂ ਦੇ ਇਹਨਾਂ ਪਦਾਰਥਾਂ ਲਈ ਚਾਰ ਪਹਿਰ ਦਿਨ ਤੂੰ ਦੌੜ ਭੱਜ ਕੇ ਵਿਅਰਥ ਗੁਜਾਰ ਦਿੱਤਾ ਹੈ ਤੇ ਚਾਰ (ਪਹਿਰ ਰਾਤ) ਸੌਂ ਕੇ ਗਵਾ ਦਿੱਤੀ ਹੈ। ਪਰਮਾਤਮਾ ਹਿਸਾਬ ਮੰਗੇਗਾ ਕਿ (ਜਗਤ ਵਿੱਚ) ਤੂੰ ਕਿਸ ਕੰਮ ਆਇਆ ਸੈਂ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੰਸਾਰ ਰਚਨਾ ਝੂਠੀ ਦਸੀ ਹੈ, ਪਰ ਗੁਰੂ ਨਾਨਕ ਸਾਹਿਬ ਜੀ 'ਸੱਚ ਦੀ ਕੋਠੜੀ' ਦਸਦੇ ਹਨ। ਗੁਰੂ ਤੇਗ ਬਹਾਦਰ ਜੀ ਦਸਦੇ ਹਨ ਕਿ ਜਿਵੇਂ ਰੇਤ ਦੀ ਦੀਵਾਰ ਨਹੀਂ ਬਣ ਸਕਦੀ ਢਹਿ ਜਾਂਦੀ ਹੈ, ਡਿੱਗ (ਖੁਰ) ਜਾਂਦੀ ਹੈ, ਸਾਡਾ ਸਰੀਰ ਵੀ ਰੇਤ ਦੀ ਦੀਵਾਰ ਵਾਂਗ ਹੈ।

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥ (1429)**

ਬਾਕੀ ਸਫਾ 21 'ਤੇ

# ਕੇਸਗੜ੍ਹ ਦੀ ਦੇਣ

ਡਾ: ਦਰਸ਼ਨਜੋਤ ਕੌਰ # 98157-19118

ਸੰਨ 1699 ਦੀ ਵਿਸਾਖੀ ਨੂੰ ਦਸ਼ਮੇਸ਼ ਪਿਤਾ ਨੇ ਸਿੱਖਾਂ ਕੋਲੋਂ ਸੀਸ ਲੈ ਕੇ ਖੰਡੇ ਦੀ ਪਾਹੁਲ ਦੀ ਦਾਤ ਦਿੱਤੀ ਅਤੇ ਖਾਲਸੇ ਨੂੰ ਸੰਸਾਰ ਵਿੱਚ ਪ੍ਰਗਟ ਕੀਤਾ। ਇਸੇ ਹੀ ਦਿਨ ਪੰਜ ਕਕਾਰੀ ਰਹਿਤ ਦੀ ਮਰਿਯਾਦਾ ਬਣਾਈ। ਕੇਸਾਂ ਨੂੰ ਮੁੱਖ ਕਕਾਰ ਕਿਹਾ ਗਿਆ। ਕੇਸ ਕਤਲ ਕਰਵਾਉਣ ਵਾਲੇ ਨੂੰ ਪਤਿਤ ਗਰਦਾਨਿਆ ਗਿਆ। ਜਿਸ ਪਵਿੱਤਰ ਅਸਥਾਨ ਉਤੇ ਇਹ ਦਾਤ ਦਿੱਤੀ ਉਸ ਦਾ ਨਾਮ ਕੇਸਗੜ੍ਹ ਭਾਵ ਕੇਸਾਂ ਦਾ ਕਿਲ੍ਹਾ ਰੱਖ ਦਿੱਤਾ। ਇਸ ਦਿਨ ਕੇਸਾਂ ਨੂੰ ਸਿੱਖੀ ਦਾ ਅਟੁੱਟ ਅੰਗ ਬਣਾ ਦਿੱਤਾ ਗਿਆ।

ਦਸ਼ਮੇਸ਼ ਪਿਤਾ ਨੇ ਕੇਸਾਂ ਨੂੰ ਆਪਣੀ ਮੋਹਰ ਆਖਿਆ। ਕੇਸਾਂ ਨੂੰ ਮਨੁੱਖ ਦੇ ਸਿਰ ਦਾ ਤਾਜ ਦੱਸਿਆ। ਜਦੋਂ ਗੁਰੂ ਸਾਹਿਬ ਨੇ ਖਾਲਸਾ ਸਾਜਿਆ ਤਾਂ ਸਿੱਖ ਪਹਿਲਾਂ ਤੋਂ ਹੀ ਕੇਸਾਧਾਰੀ ਸਨ। ਸਾਰੇ ਸਿੱਖ ਗੁਰੂ ਸਾਹਿਬਾਨਾਂ ਨੇ ਕੇਸਾਂ ਸੰਬੰਧੀ ਪਹਿਲਾਂ ਤੋਂ ਹੀ ਖਾਸ ਹਦਾਇਤਾਂ ਦਿੱਤੀਆਂ ਹੋਈਆਂ ਸਨ। ਵਿਧਾਨ ਅੱਜ ਦੇ ਦਿਨ ਬਣਿਆ। ਦੱਸ ਗੁਰੂ ਸਾਹਿਬਾਨ ਆਪ ਵੀ ਕੇਸਾਧਾਰੀ ਸਨ।



ਬੇਬੇ ਨਾਨਕੀ ਤੋਂ ਬਾਅਦ ਭਾਈ ਮਰਦਾਨਾ ਜੀ ਇੱਕ ਅਜਿਹੀ ਸ਼ਖਸ਼ੀਅਤ ਹੋਏ ਹਨ, ਜਿਨ੍ਹਾਂ ਨੇ ਗੁਰੂ ਨਾਨਕ ਵਿੱਚੋਂ ਰੱਬ ਦੀ ਜੋਤ ਨੂੰ ਪਹਿਚਾਣਿਆ ਅਤੇ ਸਭ ਤੋਂ ਲੰਮੇਰਾ ਸਾਥ ਵੀ ਮਾਣਿਆ। ਗੁਰੂ ਨਾਨਕ ਸਾਹਿਬ ਜੀ ਨੇ ਉਹਨਾਂ ਨੂੰ ਉਪਦੇਸ਼ ਦਿੰਦੇ ਕਿਹਾ ਸੀ ਕਿ ਪਹਿਲਾਂ ਉਪਦੇਸ਼ ਹੈ ਸਿਰ ਉੱਤੇ ਕੇਸ ਕਾਇਮ ਰੱਖਣਾ, ਦੂਜਾ ਪਿੱਛਲ ਰਾਤ ਜਾਗ ਕੇ ਸਤਿਨਾਮ ਦਾ ਜਾਪ ਕਰਨਾ ਤੇ ਤੀਜਾ ਆਉਂਦੀ ਜਾਂਦੀ ਸੰਗਤ ਦੀ ਟਹਿਲ ਕਰਨੀ। ਸੇਵਾ ਸਿਮਰਨ ਦੇ ਨਾਲ ਕੇਸਾਂ ਦਾ ਸਿਧਾਂਤ ਵੀ ਦ੍ਰਿੜ ਕਰਵਾਇਆ। ਗੁਰੂ ਨਾਨਕ ਸਾਹਿਬ ਜੀ ਨੇ ਸਿੱਧ ਗੋਸਟ ਰਾਹੀਂ ਸਿੱਧਾਂ ਨੂੰ ਸਮਝਾਉਂਦਿਆਂ ਵੀ ਸਾਨੂੰ ਦੱਸਿਆ-

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ (941)**

ਭਾਵ ਸਰੀਰ ਦਾ ਹਰ ਰੋਮ ਸਤਿਨਾਮ ਦੇ ਜਾਪ ਵਿੱਚ ਸਹਾਈ ਹੁੰਦਾ ਹੈ। ਸਿਮਰਨ ਨਾਲ ਹਰ ਰੋਮ ਵਿਚ ਪਰਮਾਤਮਾ ਦਾ ਨਾਮ ਰਚ ਕੇ ਸਮਾਅ ਜਾਂਦਾ ਹੈ,

**ਰੋਮਿ ਰੋਮਿ ਰਵਿਆ ਹਰਿ ਨਾਮੁ ॥ (1144)**
**ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥ (443)**

ਇਥੋਂ ਤੱਕ ਵੀ ਕਿਹਾ ਕਿ ਹਰ ਰੋਮ ਵਿਚ ਪਰਮਾਤਮਾ ਆਪ ਹੀ ਵਸਦਾ ਹੈ-

**ਰੋਮ ਰੋਮ ਮਹਿ ਬਸਹਿ ਮੁਰਾਰਿ ॥ (344)**

ਪਰਮਾਤਮਾ ਦੇ ਵਿਛੋੜੇ ਦੀ ਪੀੜ ਵੀ ਰੋਮਾਂ ਰਾਹੀਂ ਮਹਿਸੂਸ ਕੀਤੀ ਜਾਂਦੀ ਹੈ-

**ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ (836)**

ਗੁਰੂ ਅਰਜਨ ਸਾਹਿਬ ਜੀ ਨੇ ਵੀ ਹਦਾਇਤ ਦਿੱਤੀ ਹੈ ਕਿ ਆਪਣੀ ਸ਼ਕਲ ਨੂੰ ਜਿਉਂ ਦਾ ਤਿਉਂ ਰੱਖਣਾ ਹੈ ਅਤੇ ਸਿਰ ਤੇ ਦਸਤਾਰ ਸਜਾਉਣੀ ਹੈ ਤੇ ਅਪਵਿੱਤਰ ਤੋਂ ਪਵਿੱਤਰ ਬਣਨਾ ਹੈ-

**ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥ (1084)**

ਗੁਰਬਾਣੀ ਵਿੱਚ ਅੰਕਿਤ ਹੈ-

**ਪੂਰਾ ਗੁਰੁ ਪੂਰੀ ਬਣਤ ਬਣਾਈ ॥ (377)**

ਭਾਵ ਪਰਮਾਤਮਾ ਨੇ ਕਿਸੇ ਵੀ ਕੰਮ ਵਿੱਚ ਕੋਈ ਉਕਾਈ ਨਹੀਂ। ਸਭ ਕੁਝ ਪੂਰਾ ਹੈ। ਕੁਝ ਵੀ ਘੱਟ ਜਾਂ ਵੱਧ ਨਹੀਂ। ਮਨੁੱਖੀ ਸਰੀਰ ਦੀ ਰਚਨਾ ਉੱਤੇ ਵੀ ਇਹ ਹੀ ਅਸੂਲ ਲਾਗੂ ਹੁੰਦਾ ਹੈ।

ਮਨੁੱਖ ਨੂੰ ਕਾਇਨਾਤ ਦੀ ਸਿਖਰ ਉੱਤੇ ਬਰਕਰਾਰ ਰੱਖਣ ਲਈ ਕੇਸਾਂ ਦੀ ਬਹੁਤ ਅਹਿਮ ਭੂਮਿਕਾ ਹੈ।

ਕੇਸਾਂ ਦੀ ਅਧਿਆਤਮਕ, ਸਰੀਰਕ, ਮਾਨਸਿਕ, ਮਨੋਵਿਗਿਆਨਿਕ, ਸਮਾਜਿਕ ਅਤੇ ਰਾਜਨੀਤਕ ਆਦਿ ਪੱਖਾਂ ਤੋਂ ਮਨੁੱਖੀ ਜੀਵਨ ਵਿੱਚ ਬਹੁਪੱਖੀ ਅਹਿਮ ਭੂਮਿਕਾ ਹੈ। ਮਨੁੱਖੀ ਜਿੰਦਗੀ ਦਾ ਸਭ ਤੋਂ ਅਹਿਮ ਪੱਖ ਅਧਿਆਤਮਿਕ ਪੱਖ ਹੈ।

ਆਓ ਸਭ ਤੋਂ ਪਹਿਲਾਂ ਕੇਸਾਂ ਦੇ ਅਧਿਆਤਮਿਕ ਪੱਖ ਦਾ ਜ਼ਿਕਰ ਕਰੀਏ-

ਇੱਕ ਅੰਗਰੇਜ਼ ਔਰਤ ਸੀ, ਜਿਸ ਦਾ ਨਾਮ ਸੀ-ਲੇਡੀ ਮੈਕਮਿਲਨ। ਉਹ ਅੰਮ੍ਰਿਤ ਛੱਕ ਕੇ ਖਾਲਸਾ ਸੱਜ ਗਈ ਤਾਂ ਉਸ ਨੂੰ ਕੇਸਾਂ ਸੰਬੰਧੀ ਜੋ ਅਹਿਸਾਸ ਹੋਇਆ, ਉਹ ਉਸ ਨੇ ਸਿੱਖ ਸੰਗਤ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤਾ। ਉਸ ਨੇ ਕਿਹਾ, "ਮੇਰੇ ਸਿੱਖ ਭਰਾਵੋ, ਸਿਰ ਉੱਤੇ ਕੇਸ ਸਿਰਫ ਵਾਲ ਭਾਵ ਇੱਕ ਅੰਗ ਹੀ ਨਹੀਂ ਹਨ, ਇਹ ਤਾਂ ਉਹ ਬਿਜਲੀ ਦੀਆਂ ਤਾਰਾਂ ਹਨ, ਜੋ ਸਾਨੂੰ ਦਸ਼ਮੇਸ਼ ਪਿਤਾ ਦੇ ਪਾਵਰ ਹਾਊਸ ਨਾਲ ਜੋੜਦੀਆਂ ਹਨ।"

"Dear Sikh gentlemen: the Keshas of your head are not simply hair; these are those electric wires which attach you to the power house of mighty Guru Gobind Singh Ji."

ਕੇਸਾਂ ਦੀ ਵਿਸ਼ੇਸ਼ਤਾ ਦੇ ਅਹਿਸਾਸ ਬਾਰੇ ਲੇਡੀ ਮੈਕਮਿਲਨ ਇਨ੍ਹਾਂ ਸਤਰਾਂ ਰਾਹੀਂ ਸਾਨੂੰ ਵੀ ਸੁਚੇਤ ਕਰ ਰਹੀ ਹੈ।

ਇਸ ਬਿਆਨ ਦਾ ਬਹੁਤ ਹੀ ਡੂੰਘਾ ਮਤਲਬ ਹੈ। ਬਿਜਲੀ ਦੀਆਂ ਤਾਰਾਂ ਰਾਹੀਂ ਮੀਟਰ ਤੋਂ ਬਿਜਲੀ ਸਾਡੇ ਤੱਕ ਪਹੁੰਚਦੀ ਹੈ। ਸਿਰ ਉੱਤੇ ਵਾਲ ਦਸਮੇਸ਼ ਪਿਤਾ ਦੇ ਸ਼ਕਤੀ ਭੰਡਾਰ ਤੱਕ ਸਾਡੀ ਪਹੁੰਚ ਕਰਵਾਉਣ ਲਈ ਤਾਰਾਂ ਦਾ ਕੰਮ ਕਰਦੇ ਹਨ। ਕੇਸ ਇੱਕ ਪੁੱਲ ਦਾ ਕੰਮ ਕਰਦੇ ਹਨ। ਕੇਸਾਂ ਨੂੰ ਅਧਿਆਤਮਕ ਗਿਆਨ ਦਾ ਸੋਮਾ ਮੰਨਿਆ ਜਾਂਦਾ ਹੈ। ਸਿਰ ਦਾ ਜੂੜਾ ਸਿਆਣਪ ਅਤੇ ਗਿਆਨ ਦਾ ਪ੍ਰਤੀਕ ਹੈ। ਗਿਆਨ ਦੀ ਅੰਦਰਲੀ ਰੋਸ਼ਨੀ ਦਾ ਬਾਹਰਲਾ ਪ੍ਰਗਟਾਅ ਸਿਰ ਉਤੇ ਜੂੜਾ ਮੰਨਿਆਂ ਜਾਂਦਾ ਹੈ। ਮਹਾਂਪੁਰਸ਼ਾਂ ਨੂੰ ਪਤਾ ਹੈ ਕਿ ਅਧਿਆਤਮਕ ਸ਼ਕਤੀ ਦਾ ਸਥਾਨ ਦਸਮ ਦੁਆਰ ਸਿਰ ਵਿਖੇ ਹੈ ਅਤੇ ਸਾਇੰਸਦਾਨਾਂ ਨੂੰ ਪਤਾ ਹੈ ਕਿ ਸਰੀਰਕ ਸ਼ਕਤੀ ਦਾ ਸੋਮਾ ਦਿਮਾਗ ਵੀ ਸਿਰ ਵਿਖੇ ਹੈ। ਸਿਰ ਉੱਤੇ ਕੀਤੇ ਹੋਏ ਜੂੜੇ ਨੂੰ ਰਿਸ਼ੀ ਜੂੜਾ ਕਿਹਾ ਜਾਂਦਾ ਹੈ। ਹਰ ਧਰਮ, ਸਮਾਜ, ਕੌਮ, ਇਤਿਹਾਸ, ਮਿਥਿਹਾਸ ਕੇਸਾਂ ਪ੍ਰਤੀ ਹਾਂ ਪੱਖੀ ਸੋਚ ਨਾਲ ਜੁੜਿਆ ਹੋਇਆ ਹੈ। ਕੇਸ ਦੈਵੀ ਸ਼ਕਤੀਆਂ ਦਾ ਖਜਾਨਾ ਹਨ

ਅਤੇ ਇਨ੍ਹਾਂ ਅਮੋਲਕ ਸ਼ਕਤੀਆਂ ਦੀ ਸੰਭਾਲ ਵੀ ਕਰਦੇ ਹਨ। ਇਹ ਇਕਾਗਰਤਾ ਦੇ ਦਾਤੇ ਹਨ। ਕੇਸ ਸਰੀਰ ਦਾ ਮਹੱਤਵਪੂਰਨ ਅਤੇ ਪਵਿੱਤਰ ਅੰਗ ਹਨ। ਕੇਸ ਗੈਬੀ ਸ਼ਕਤੀ ਦਾ ਭੰਡਾਰ ਹਨ। ਕੇਸ ਸਾਨੂੰ ਸਿੱਧਾ ਰੱਬ ਨਾਲ ਜੋੜਦੇ ਹਨ। ਇਹਨਾਂ ਰਾਹੀਂ ਗੈਬੀ ਸ਼ਕਤੀ ਸਾਡੇ ਤੱਕ ਪਹੁੰਚਦੀ ਹੈ, ਜਿਵੇਂ ਐਂਟੀਨਾ ਰਾਹੀਂ ਬਿਜਲੀ ਦੀਆਂ ਲਹਿਰਾਂ ਰੇਡੀਓ ਤੱਕ ਪਹੁੰਚਦੀਆਂ ਹਨ।

ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਬਾਣੀ ਵਿੱਚ ਜ਼ਿਕਰ ਕੀਤਾ ਹੈ ਕਿ ਸਰੀਰ ਦੇ ਨੌਂ ਦਰਵਾਜ਼ੇ ਜਾਂ ਰਸਤੇ ਪਹਿਲਾਂ ਸਾਹ ਲੈਂਦਿਆਂ ਹੀ ਪ੍ਰਗਟ ਹੋ ਜਾਂਦੇ ਹਨ ਅਤੇ ਸਾਡਾ ਸੰਪਰਕ ਦਿਸਦੇ ਸੰਸਾਰ ਨਾਲ ਜਨਮ ਸਮੇਂ ਹੀ ਕਰਵਾ ਦਿੰਦੇ ਹਨ। ਹਵਾ ਦਾ ਆਦਾਨ ਪ੍ਰਦਾਨ ਸ਼ੁਰੂ ਹੋ ਜਾਂਦਾ ਹੈ ਅਤੇ ਜੀਵ ਬੋਲਣ ਲੱਗ ਜਾਂਦਾ ਹੈ। ਜ਼ਿੰਦਗੀ ਦੀ ਸ਼ੁਰੂਆਤ ਹੋ ਜਾਂਦੀ ਹੈ। ਅੱਗੋਂ ਦੱਸਦੇ ਹਨ ਕਿ ਇੱਕ ਦਸਵਾਂ ਦੁਆਰ ਵੀ ਹੈ ਜੋ ਲੁਕਵਾਂ ਅਤੇ ਸੂਖਮ ਹੈ। ਇਹ ਦਰ ਪ੍ਰੇਮਾ ਭਗਤੀ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਇੱਥੋਂ ਹੀ ਸਾਨੂੰ ਆਪਣੇ ਅੰਦਰੋਂ ਬੇਅੰਤ ਅਣਦਿਸਦੀਆਂ ਪ੍ਰਭੂ ਦੀਆਂ ਸ਼ਕਤੀਆਂ ਅਤੇ ਨੌਂ ਨਿੱਧੀਆਂ ਮਿਲਦੀਆਂ ਹਨ। ਪ੍ਰੇਮਾ ਭਗਤੀ ਰਾਹੀਂ ਇਹਨਾਂ ਨਾਲ ਸਾਡਾ ਸਿੱਧਾ ਰਾਬਤਾ ਬਣ ਜਾਂਦਾ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਦਸਮ ਦੁਆਰ ਸਿਰ ਵਿੱਚ ਹੈ। ਇਹਨਾਂ ਸੂਖਮ ਸ਼ਕਤੀਆਂ ਦਾ ਜਨਮ ਅਸਥਾਨ ਅਤੇ ਕਾਬੂ ਅਸਥਾਨ ਸਿਰ ਹੈ ਅਤੇ ਸਿਰ ਦੇ ਉਦਾਲੇ ਕੇਸ ਇਹਨਾਂ ਸ਼ਕਤੀਆਂ ਨੂੰ ਉੱਡਣ ਅਤੇ ਜ਼ਾਇਆ ਹੋਣ ਤੋਂ ਰੋਕਦੇ ਹਨ। ਜੋ ਆਤਮ ਸ਼ਕਤੀ ਉਦੈ ਹੁੰਦੀ ਹੈ, ਉਸ ਦਾ ਮੁੱਢ ਸਿਰ ਵਿੱਚ ਹੈ।

ਸਰੀਰਕ ਅਤੇ ਮਾਨਸਿਕ ਬਲ ਦਾ ਕਾਰਖਾਨਾ ਦਿਮਾਗ ਹੈ। ਇਹ ਵੀ ਸਿਰ ਵਿੱਚ ਹੈ। ਮਨੁੱਖ ਦਾ ਦਿਮਾਗ ਬਾਕੀ ਜੀਵਾਂ ਨਾਲੋਂ ਵਧੇਰੇ ਵਿਕਸਿਤ ਹੈ ਅਤੇ ਅਨੁਪਾਤ ਵਿੱਚ ਸੱਤ ਗੁਣਾਂ ਵੱਡਾ ਹੈ। ਸਾਰੀ ਪ੍ਰਤੀਤੀ ਮਲੂਮੀ, ਰਸ ਅਤੇ ਸੁਆਦ ਦਾ ਵੀ ਸਿਰ ਵਿੱਚ ਹੀ ਪ੍ਰਬੰਧ ਹੈ। ਅਧਿਆਤਮਕਤਾ ਦੀ ਸੋਝੀ ਸਾਰੇ ਜੀਵਾਂ ਵਿੱਚੋਂ ਸਿਰਫ ਮਨੁੱਖ ਕੋਲ ਹੀ ਹੈ। ਇਸੇ ਲਈ ਸਿਰ ਉੱਤੇ ਲੰਬੇ ਕੇਸ ਵੀ ਸਾਰੀ ਕਾਇਨਾਤ ਵਿੱਚ ਸਿਰਫ ਮਨੁੱਖ ਕੋਲ ਹੀ ਹਨ। ਸਿਰ ਉੱਤੇ ਕੀਤਾ ਜੂੜਾ ਅਧਿਆਤਮਕ ਸਮਰੱਥਾ ਨੂੰ ਹੋਰ ਵਧੇਰੇ ਕਰਦਾ ਹੈ। ਇਸੇ ਲਈ ਸਿਰ ਉੱਤੇ ਕੀਤੇ ਜੂੜੇ ਨੂੰ ਰਿਸ਼ੀ ਜੂੜਾ ਆਖਿਆ ਜਾਂਦਾ ਹੈ।

ਰਬਿੰਦਰ ਨਾਥ ਟੈਗੋਰ ਭਾਰਤ ਦੇ ਇੱਕ ਉਘੇ ਦਾਰਸ਼ਨਿਕ ਹੋਏ ਹਨ। ਜਿਸ ਦਿਨ ਉਹਨਾਂ ਨੂੰ ਅਧਿਆਤਮਿਕਤਾ ਦੀ ਸੋਝੀ ਹੋਈ, ਉਸੇ ਦਿਨ ਹੀ ਉਹਨਾਂ ਨੂੰ ਵੀ ਕੇਸਾਂ ਦੀ ਮਹੱਤਤਾ ਦਾ ਅਹਿਸਾਸ ਹੋਇਆ। ਉਸੇ ਦਿਨ ਹੀ ਉਹਨਾਂ ਨੇ ਸ਼ੇਵ ਕਰਨ ਵਾਲੇ ਸਾਰੇ ਔਜ਼ਾਰ ਸੁੱਟ ਦਿੱਤੇ। ਉਸ ਤੋਂ ਬਾਅਦ ਕਦੇ ਵੀ ਕੇਸ ਨਾ ਕਟਾਏ। ਕੇਸਾਂ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਲੰਬੇ ਕੇਸਾਂ ਵਾਲਾ ਸਰੂਪ ਸਭ ਤੋਂ ਵਧੀਆ ਸਰੂਪ ਹੈ। ਇੱਕ ਵਾਰ ਇੱਕ ਵਿਅਕਤੀ ਨੇ ਉਹਨਾਂ ਤੋਂ ਪੁੱਛਿਆ ਕਿ ਤੁਸੀਂ ਵਾਲ ਕਿਉਂ ਨਹੀਂ ਕਟਾਉਂਦੇ? ਉਹਨਾਂ ਨੇ ਕਿਹਾ ਕਿ ਮੈਂ ਵਾਲ ਆਪ ਨਹੀਂ ਉਗਾਏ ਹੋਏ, ਇਹ ਤਾਂ ਮੈਨੂੰ ਪਰਮਾਤਮਾ ਤੋਂ ਸਰੀਰ ਦੇ ਨਾਲ ਹੀ ਮਿਲੇ ਹਨ। ਮੈਂ ਇਹਨਾਂ ਦਾ ਪਿਆਰ ਨਾਲ ਸਤਿਕਾਰ ਸਹਿਤ ਧਿਆਨ ਰੱਖਦਾ ਹਾਂ। ਉਹਨਾਂ ਨੇ ਅੱਗੋਂ ਕਿਹਾ ਕਿ ਪੁੱਛਣਾ ਤਾਂ ਇਹ ਚਾਹੀਦਾ ਹੈ ਕਿ ਲੋਕ ਵਾਲ ਕਟਾਉਂਦੇ ਹੀ ਕਿਉਂ ਹਨ? ਮਸ਼ਹੂਰ ਵਿਦਵਾਨ ਅਤੇ ਦਾਰਸ਼ਨਿਕ ਕਵੀ ਪ੍ਰੋਫੈਸਰ ਪੂਰਨ ਸਿੰਘ ਜੀ ਨੂੰ ਜਦੋਂ ਕੇਸਾਂ ਦੀ ਅਧਿਆਤਮਕ ਮਹੱਤਤਾ ਦਾ ਅਹਿਸਾਸ ਹੋਇਆ ਤਾਂ ਉਸ ਤੋਂ ਬਾਅਦ ਉਹਨਾਂ ਨੇ ਸਾਰੀ ਉਮਰ ਕੇਸ ਨਹੀਂ ਕਟਵਾਏ ਅਤੇ ਕੇਸਾਂ ਦੀ ਮਹਿਮਾ ਵਿੱਚ ਕਵਿਤਾ ਵੀ ਲਿਖੀ। ਸਾਰੇ ਧਰਮਾਂ ਅਤੇ ਸਾਰੀ ਦੁਨੀਆਂ ਦੇ ਅਧਿਆਤਮਕ ਗੁਰੂ ਅਤੇ ਦਾਰਸ਼ਨਿਕ ਕੇਸਾਧਾਰੀ ਹੋਏ ਹਨ। ਸ੍ਰੀ ਕ੍ਰਿਸ਼ਨ ਜੀ ਨੂੰ ਸੋਹਣੇ ਕੇਸਾਂ ਕਾਰਨ ਹੀ ਕੇਸ਼ਵ ਕਿਹਾ ਜਾਂਦਾ ਹੈ। ਸ਼ਿਵ ਜੀ ਦੇ ਕੇਸਾਂ ਦਾ ਵੀ ਖਾਸ ਜ਼ਿਕਰ ਕੀਤਾ ਜਾਂਦਾ ਹੈ।

ਜਿਹੜੇ ਅੰਗ ਬੇਲੋੜੇ ਹੋ ਜਾਂਦੇ ਹਨ, ਪਰਮਾਤਮਾ ਆਪ ਹੀ ਉਹਨਾਂ ਨੂੰ ਸਰੀਰ ਉੱਤੋਂ ਖਤਮ ਕਰ ਦਿੰਦਾ ਹੈ। ਸਰੀਰ ਉੱਤੇ ਵਾਲਾਂ ਦੀ ਜੱਤ, ਅਪੈਂਡਿਕਸ ਅਤੇ ਤੀਜੇ ਮੋਲਰ ਦੰਦ ਨਾਲ ਅਜਿਹਾ ਹੀ ਹੋਇਆ ਹੈ। ਇਸੇ ਤਰ੍ਹਾਂ ਜਿਨ੍ਹਾਂ ਅੰਗਾਂ ਦੀ ਲੋੜ ਵਧੇਰੇ ਹੈ, ਉਹ ਕੁਦਰਤੀ ਹੁਕਮ ਨਾਲ ਆਪੇ ਹੀ ਵੱਡੇ ਹੁੰਦੇ ਜਾਂਦੇ ਹਨ। ਸਿਰ ਅਤੇ ਚਿਹਰੇ ਦੇ ਕੇਸ ਇਸ ਦੀ ਪ੍ਰਤੱਖ ਉਦਾਹਰਣ ਹਨ। ਇਸ ਹੁਕਮ ਨੂੰ ਸਾਇੰਸਦਾਨ ਐਵੋਲੂਸ਼ਨ ਕਹਿੰਦੇ ਹਨ। ਸਾਰੇ ਆਕਾਰ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਬਣਦੇ ਹਨ। ਜਪੁਜੀ ਸਾਹਿਬ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ–

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ (1)** ਸਿੱਖ ਹੁਕਮੀ ਬੰਦਾ ਹੈ ਅਤੇ ਕੇਸਾਂ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ।

ਇੱਕ ਹੋਰ ਅੰਗਰੇਜ਼ ਲਿਖਾਰਣ ਐਮ.ਏ.ਸਟੀਲ. ਆਪਣੀ ਕਿਤਾਬ ਵਿੱਚ ਕੇਸਾਂ ਸਬੰਧੀ ਆਪਣੇ ਵਿਚਾਰ ਪੇਸ਼ ਕਰਦੀ ਹੋਈ ਲਿਖਦੀ ਹੈ ਕਿ ਸਿੱਖਾਂ ਦੇ ਸਿਰ ਉੱਤੇ ਵਾਲ ਆਤਮ ਸਨਮਾਨ, ਅਣਖ ਅਤੇ ਇੱਜ਼ਤ ਦਾ ਪ੍ਰਤੀਕ ਹਨ।

"You might have seen that the hair on the head of the Sikhs look beautiful and dignified. And why should they not look beautiful and dignified because they arein the proper uniform provided to man by God ? They are the precious treasure of splendour and are like the crown of dignity."

ਅੱਗੋਂ ਹੋਰ ਲਿਖਦੀ ਹੈ ਕਿ ਦਾੜ੍ਹੀ ਮਰਦਾਨਗੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ–

"We find that men with moustaches and beards appear more manly and in manliness lies man's real charm and dignity. It is symbolic of his high spirits."

ਚਿਹਰੇ ਉੱਤੇ ਲੰਬੀ ਦਾੜ੍ਹੀ ਵੀ ਸਿਰਫ ਮਨੁੱਖਤਾ ਦੀ ਹੀ ਖਾਸੀਅਤ ਹੈ। ਦਾੜ੍ਹੀ ਦੀ ਉਪਮਾ ਵਿੱਚ ਗੁਰਬਾਣੀ ਵਿੱਚ ਫੁਰਮਾਨ ਹੈ–

**ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥ (1419)**

ਗੁਰੂ ਰਾਮਦਾਸ ਜੀ ਦੀ ਲੰਬੀ ਦਾੜ੍ਹੀ ਦਾ ਜ਼ਿਕਰ ਖਾਸ ਤੌਰ ਤੇ ਇਤਿਹਾਸ ਵਿੱਚ ਕੀਤਾ ਜਾਂਦਾ ਹੈ।

ਇਤਿਹਾਸ ਗਵਾਹ ਹੈ ਕਿ ਸੋਲਵੀਂ ਸਦੀ ਤੱਕ ਮਨੁੱਖ ਨੇ ਕੇਸਾਂ ਨਾਲ ਕਦੇ ਕੋਈ ਛੇੜਛਾੜ ਨਹੀਂ ਕੀਤੀ। ਬਾਅਦ ਵਿੱਚ ਕਈ ਰਾਜਨੀਤਿਕ ਅਤੇ ਸਮਾਜਿਕ ਕਾਰਨਾਂ ਕਰਕੇ ਛੇੜਛਾੜ ਸ਼ੁਰੂ ਹੋਈ। ਬਾਅਦ ਵਿੱਚ ਇਹ ਇੱਕ ਫੈਸ਼ਨ ਹੀ ਬਣ ਗਿਆ। ਇਸ ਰੁਝਾਨ ਦੇ ਨਤੀਜੇ ਨਾਕਾਰਾਤਮਿਕ ਸਿੱਧ ਹੋ ਰਹੇ ਹਨ।

ਵੀਹਵੀਂ ਸਦੀ ਵਿੱਚ ਸਾਇੰਸਦਾਨਾਂ ਦਾ ਧਿਆਨ ਇਸ ਪਾਸੇ ਗਿਆ। ਉਹਨਾਂ ਨੇ ਕੇਸਾਂ ਬਾਰੇ ਖੋਜ ਕਰਨੀ ਆਰੰਭ ਕੀਤੀ ਤਾਂ ਹੈਰਾਨੀਜਨਕ ਸਿੱਟੇ ਸਾਹਮਣੇ ਆ ਰਹੇ ਹਨ। ਇੱਕ ਮਨੋਵਿਗਿਆਨੀ ਰੋਬਰਟ ਜੇ. ਪੈਲੇਗਰੀਨੀ ਨੇ ਦਾੜ੍ਹੀ ਵਾਲੇ ਅਤੇ ਦਾੜੀ ਸ਼ੇਵ ਕੀਤੇ ਵਿਅਕਤੀਆਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਕੀਤਾ ਅਤੇ ਆਪਣੀ ਖੋਜ ਵਿੱਚ ਲਿਖਿਆ ਕਿ ਦਾੜ੍ਹੀ ਵਾਲਾ ਵਿਅਕਤੀ ਇੱਕ ਆਜ਼ਾਦ ਮਾਨਸਿਕਤਾ ਵਾਲਾ, ਤਾਕਤਵਰ, ਤਿਆਰ ਬਰ ਤਿਆਰ, ਸਭ ਤਰ੍ਹਾਂ ਦੇ ਬਹਾਦਰੀ ਵਾਲੇ ਕੰਮ ਕਰਨ ਦਾ ਇੱਛਕ ਅਤੇ ਹਰ ਤਰ੍ਹਾਂ ਦੇ ਕੰਮ ਕਰਨ ਦੇ ਸਮਰੱਥ ਹੁੰਦਾ ਹੈ। ਐਵੋਲੂਸ਼ਨ ਸਾਇੰਸਦਾਨ ਡਾਰਵਿਨ ਨੇ ਆਪਣੀ ਕਿਤਾਬ, 'ਦ ਡਿਸੈਂਟ ਆਫ ਮੈਨ' ਵਿੱਚ ਲਿਖਿਆ ਹੈ ਕਿ ਕੁਦਰਤ ਦੇ ਯੋਜਨਾਬੱਧ ਵਿਕਾਸ ਵਿੱਚ ਦਾੜ੍ਹੀ ਦਾ ਵਿਕਾਸ ਲਿੰਗਕ ਚੋਣ ਦੇ ਕੁਦਰਤੀ ਨਿਯਮ (ਇਲਾਹੀ ਹੁਕਮ) ਅਨੁਸਾਰ ਹੋਇਆ ਹੈ। ਦਾੜ੍ਹੀ ਮਰਦਾਨਗੀ ਦਾ ਪ੍ਰਤੀਕ ਹੈ। ਆਸਟਰੇਲੀਆ ਦੀ ਯੂਨੀਵਰਸਿਟੀ ਆਫ

ਸਦਰਨ ਲੈਂਡ ਕਿਊਨਜ਼ਲੈਂਡ ਵਿੱਚ ਸਾਇੰਸਦਾਨਾਂ ਨੇ ਆਪਣੀ ਖੋਜ ਦੌਰਾਨ ਦਾੜ੍ਹੀ ਬਾਰੇ ਇੱਕ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਖੋਜ ਦੇ ਇੰਚਾਰਜ ਡਾਕਟਰ ਪਾਰੀਸੀ ਇੱਕ ਰੇਡੀਓਲੋਜਿਸਟ ਸਨ। ਖੋਜੀਆਂ ਨੇ ਦੱਸਿਆ ਕਿ ਜਿੰਨੀ ਜਿਆਦਾ ਲੰਬੀ ਦਾੜ੍ਹੀ ਹੋਵੇ, ਉਹਨਾਂ ਹੀ ਜਿਆਦਾ ਕੈਂਸਰ ਵਾਲੀਆਂ ਕਿਰਨਾਂ ਤੋਂ ਬਚਾਅ ਹੁੰਦਾ ਹੈ। ਉਹਨਾਂ ਦਾ ਕਹਿਣਾ ਹੈ ਕਿ ਨੁਕਸਾਨਦਾਇਕ ਯੂ.ਵੀ. ਕਿਰਨਾਂ ਤੋਂ ਕਾਫੀ ਹੱਦ ਤੱਕ ਦਾੜ੍ਹੀ ਬਚਾਅ ਕਰਦੀ ਹੈ। ਨਿਊਕਲੀਅਰ ਫਿਜ਼ਿਕਸ ਦੇ ਇੱਕ ਮਸ਼ਹੂਰ ਸਾਇੰਸਦਾਨ ਲੀਓ ਟਾਲਸਟਾਏ ਨੇ ਵੀ ਕਿਹਾ ਕਿ ਦਾੜ੍ਹੀ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਉਸ ਦੀ ਦਾੜ੍ਹੀ ਬਹੁਤ ਲੰਬੀ ਸੀ। ਜਦੋਂ ਕੱਟਣ ਲਈ ਕਿਹਾ ਗਿਆ ਤਾਂ ਉਸ ਨੇ ਸਾਫ ਮਨ੍ਹਾਂ ਕਰ ਦਿੱਤਾ।

ਇੱਕ ਖੋਜ ਦਾ ਜ਼ਿਕਰ ਪ੍ਰਿੰਸੀਪਲ ਸਤਬੀਰ ਸਿੰਘ ਜੀ ਨੇ ਕਿਤਾਬ ਸੌ ਸਵਾਲ ਵਿੱਚ ਕੀਤਾ ਹੈ। ਇਹ ਖੋਜ ਸੈਨਜੋਸੇ ਯੂਨੀਵਰਸਿਟੀ ਕੈਲੀਫੋਰਨੀਆਂ ਵਿੱਚ ਕੀਤੀ ਗਈ। ਖੋਜ ਦੇ ਸਿੱਟਿਆਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਸਾਬਤ ਸੂਰਤ ਵਿਅਕਤੀ ਹੀ ਅਸਲ ਵਿੱਚ ਸੰਪੂਰਨ ਵਿਅਕਤੀ ਹੈ ਅਤੇ ਲੰਬੇ ਕੇਸ ਸੀ ਅਸਲ ਵਿੱਚ ਮਨੁੱਖਤਾ ਦੀ ਪਹਿਚਾਣ ਹੈ। ਸਿਰ ਉਤੇ ਲੰਬੇ ਕੇਸ ਸਿਰਫ ਸਿੱਖ ਹੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੀ ਨਿਸ਼ਾਨੀ ਹਨ। ਜਦੋਂ ਮਨੁੱਖ ਦੁਨੀਆਂ ਵਿੱਚ ਆਉਂਦਾ ਹੈ ਤਾਂ ਉਸ ਦੇ ਸੀਸ ਉਤੇ ਕੇਸ ਪਹਿਲਾਂ ਤੋਂ ਹੀ ਸੁਭਾਇਮਾਨ ਹੁੰਦੇ ਹਨ। ਸਿਰ ਉੱਤੇ ਲੰਬੇ ਕੇਸ ਕਿਸੇ ਖਾਸ ਫਿਰਕੇ ਜਾਂ ਧਰਮ ਦੇ ਲੋਕਾਂ ਨੂੰ ਨਹੀਂ ਮਿਲੇ ਹੋਏ ਨਾ ਹੀ ਇਹ ਕਿਸੇ ਖਾਸ ਜਾਤੀ ਜਾਂ ਪਰਜਾਤੀ ਦੀ ਨਿਸ਼ਾਨੀ ਹਨ। ਹਿੰਦੂ, ਮੁਸਲਮਾਨ, ਸਿੱਖ, ਈਸਾਈ, ਔਰਤ ਜਾਂ ਮਰਦ ਕੋਈ ਵੀ ਹੋਵੇ, ਮਨੁੱਖਤਾ ਦੀ ਇਸ ਮੋਹਰ ਨੂੰ ਸਿਰ ਉੱਤੇ ਲਗਵਾ ਕੇ ਹੀ ਆਇਆ ਹੈ। ਇਹ ਮਨੁੱਖ ਹੋਣ ਦਾ ਸਰਟੀਫਿਕੇਟ ਹੈ। ਵਿਗਿਆਨਕ ਤੱਥ ਕਹਿੰਦੇ ਹਨ ਕਿ ਜੇ ਸਿਰ ਉੱਤੇ ਲੰਬੇ ਕੇਸ ਨਹੀਂ ਤਾਂ ਜੀਵ ਮਨੁੱਖ ਨਹੀਂ ਕਿਹਾ ਜਾ ਸਕਦਾ।

ਸੂਝਵਾਨ ਵਿਅਕਤੀਆਂ ਨੂੰ ਇਸ ਗੱਲ ਦਾ ਅਹਿਸਾਸ ਹੈ, ਤਾਂ ਹੀ ਉਹਨਾਂ ਨੇ ਕੇਸ ਕਾਇਮ ਰੱਖੇ। ਆਚਾਰਿਆ ਵਿਨੋਬਾ ਭਾਵੇ, ਮਹਾਤਮਾ ਹੰਸ ਰਾਜ, ਆਰੋਬਿੰਦੋ ਘੋਸ਼, ਧਰਿੰਦਰ ਬ੍ਰਹਮਚਾਰੀ, ਆਚਾਰਿਆ ਰਜਨੀਸ਼, ਆਦਿ ਕੁਝ ਉਦਾਹਰਣਾਂ ਹਨ।

ਮਨੁੱਖ ਤੋਂ ਬਿਨਾਂ ਕਾਇਨਾਤ ਦੇ ਕਿਸੇ ਵੀ ਹੋਰ ਜੀਵ ਦੇ ਸਿਰ ਉੱਤੇ ਲੰਬੇ ਕੇਸ ਨਹੀਂ ਹਨ। ਮਨੁੱਖ ਤੋਂ ਬਿਨਾਂ ਜੇ ਸਿਰ ਉੱਤੇ ਲੰਬੇ ਕੇਸ ਹਨ ਤਾਂ ਪਰਮਾਤਮਾ ਦੇ ਸਰਗੁਣ ਸਰੂਪ ਵਿੱਚ। ਗੁਰੂ ਗ੍ਰੰਥ ਸਾਹਿਬ ਦੇ ਅੰਗ 556 ਉੱਤੇ ਗੁਰੂ ਨਾਨਕ ਸਾਹਿਬ ਜੀ ਨੇ ਪਰਮਾਤਮਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰਦੇ ਹੋਏ ਉਸ ਨੂੰ ਲੰਮੜੇ ਵਾਲਾਂ ਵਾਲਾ ਕਿਹਾ ਹੈ। **ਸੋਹਣੇ ਨਕ ਜਿਨ ਲੰਮੜੇ ਵਾਲਾ॥ (567)**

ਸਾਰੇ ਹੀ ਧਾਰਮਿਕ ਆਗੂ ਇਸ ਗੱਲ ਨਾਲ ਸਹਿਮਤ ਹਨ। ਹੈਬਰਿਊ ਬਾਈਬਲ ਵਿੱਚ ਮਨੁੱਖ ਦਾ ਪਰਮਾਤਮਾ ਨਾਲ ਸਿੱਧਾ ਰਿਸ਼ਤਾ ਦਸਦਿਆਂ ਲਿਖਿਆ ਹੋਇਆ ਹੈ ਕਿ ਪਰਮਾਤਮਾ ਨੇ ਮਨੁੱਖ ਨੂੰ ਆਪਣੇ ਵਰਗਾ ਬਣਾਇਆ ਸੀ। ਸਿਰ ਉਤੇ ਲੰਬੇ ਕੇਸਾਂ ਦੀ ਅਧਿਆਤਮਿਕ ਜਰੂਰਤ ਤੋਂ ਤਾਂ ਮੁਨਕਰ ਹੋਇਆ ਹੀ ਨਹੀਂ ਜਾ ਸਕਦਾ। ਸਿਰ ਉਤੇ ਕੇਸ ਰੂਹਾਨੀਅਤ ਦਾ ਮੂਲ ਆਧਾਰ ਹਨ ਅਤੇ ਮਨੁੱਖਤਾ ਦੀ ਉਤਮਤਾ ਦਾ ਸਰੋਤ ਹਨ। ਧਾਰਮਿਕ ਪੁਸਤਕਾਂ ਵਿੱਚੋਂ ਹਵਾਲੇ ਮਿਲਦੇ ਹਨ ਕਿ ਪਰਮਾਤਮਾ ਨੇ ਸੰਸਾਰ ਵਿੱਚ ਆਉਣ ਵਾਲੇ ਪਹਿਲੇ ਮਨੁੱਖ ਨੂੰ ਆਪਣੇ ਵਰਗੀ ਸ਼ਕਲ ਦਾ ਬਣਾ ਕੇ ਜਗਤ ਵਿਚ ਭੇਜ ਕੇ ਮਨੁੱਖਤਾ ਦਾ ਆਰੰਭ ਕੀਤਾ। ਮਨੁੱਖ ਨੂੰ ਸਭ ਜੂਨਾਂ ਦਾ ਸਰਦਾਰ ਬਣਾਇਆ। ਕੇਸ ਹਰ ਮਨੁੱਖ ਲਈ ਇਕੋ ਜਿੰਨੀ ਮਹੱਤਤਾ ਰੱਖਦੇ ਹਨ। ਇਕ ਅੰਗਰੇਜ਼ ਕਵੀ ਡੈਕਰ ਆਪਣੀ ਇੱਕ ਕਵਿਤਾ ਵਿੱਚ ਕਹਿੰਦਾ ਹੈ ਕਿ ਕੇਸ ਹੀ ਇਕ ਅਜਿਹਾ ਸੁਭਾਵਿਕ ਲਿਬਾਸ ਅਤੇ ਸ਼ਿੰਗਾਰ ਹੈ, ਜਿਸ ਨਾਲ ਪਰਮਾਤਮਾ ਨੇ ਮਨੁੱਖ ਨੂੰ ਢੱਕਿਆ ਅਤੇ ਸ਼ਿੰਗਾਰਿਆ ਹੈ। ਇਹ ਸ਼ਿੰਗਾਰ ਜਨਮ ਤੋਂ ਮੌਤ ਤੱਕ ਹੀ ਨਹੀਂ ਸਗੋਂ ਮੌਤ ਤੋਂ ਬਾਅਦ ਕਬਰ ਵਿੱਚ ਵੀ ਚਮਕਦਾ ਹੈ। ਇਹ ਕਵਿਤਾ ਹੈਨਰੀ ਸਾਊਥ ਗੇਟ ਦੀ ਕਿਤਾਬ ਵਿੱਚ ਦਰਜ ਹੈ-

Hair ! it is the robe which curious nature weaves
To hang upon the head and does adorn
our bodies; in the first hour we are born,
God does bestow that garment; when we die,
That, like a soft and silken canopy,
Is still spread over us; inspite of death,
Our hair grows in the grave and that alone
Looks fresh, when all our other beauty gone."

ਇਹ ਵਿਗਿਆਨਕ ਤੱਥ ਹੈ ਕਿ ਮੌਤ ਬਾਅਦ ਸਦੀਆਂ ਤੱਕ ਡੀ.ਐਨ.ਏ. ਵਾਲਾਂ ਵਿੱਚ ਸਾਂਭਿਆ ਰਹਿੰਦਾ ਹੈ। ਇਹਨਾਂ ਵਿੱਚ ਜ਼ਿੰਦਗੀ ਦਾ ਅੰਸ਼ ਸਦੀਆਂ ਤੱਕ ਸਾਂਭਿਆ ਰਹਿੰਦਾ ਹੈ। ਦਿਮਾਗ ਦੀ ਗੁਣਵੱਤਾ ਕਾਇਮ ਰੱਖਣਾ ਲਾਜ਼ਮੀ ਹੈ, ਕਿਉਂਕਿ ਦਿਮਾਗ ਹੀ ਸਭ ਸ਼ਕਤੀਆਂ ਦਾ ਸੋਮਾ ਹੈ। ਦਿਮਾਗ ਦੀ ਗੁਣਵੱਤਾ ਕਾਇਮ ਰੱਖਣ ਲਈ ਸਿਰ ਉੱਤੇ ਲੰਬੇ ਕੇਸਾਂ ਦੀ ਭੂਮਿਕਾ ਅਹਿਮ ਹੈ। ਮਨੁੱਖ ਕਾਇਨਾਤ ਦਾ ਸਿਕਦਾਰ ਤਾਂ ਹੀ ਰਹਿ ਸਕੇਗਾ, ਜੇ ਕੇਸਾਂ ਦੀ ਸੰਭਾਲ ਪ੍ਰਤੀ ਸੁਚੇਤ ਰਹੇਗਾ।

-0-

**ਸਫਾ 18 ਦਾ ਬਾਕੀ**

ਰਚੀ ਹੋਈ ਰਚਨਾ ਝੂਠ ਹੈ ਪਰ ਰਚਨਹਾਰ ਸੱਚ ਹੈ। ਇਹ ਠੀਕ ਹੈ ਕਿ ਪ੍ਰਾਣੀ ਸੰਸਾਰ ਵਿਚੋਂ ਚਲਾ ਗਿਆ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ, ਇਹ ਜਖਮ ਨਾ ਭਰੇ ਜਾਣ ਵਾਲੇ ਹਨ। ਜਿਸ ਤਰ੍ਹਾਂ ਪੁਲਾਂ ਨੂੰ ਬਣਾਉਣ ਲਈ ਪਿਲਰਾਂ ਦੀ ਜਰੂਰਤ ਹੁੰਦੀ ਹੈ, ਭਾਵੇਂ ਕਈ ਤੂਫਾਨ, ਹਨੇਰੀਆਂ ਆ ਜਾਣ। ਜੇ ਪਿਲਰ ਮਜਬੂਤ ਹੋਣ ਤਾਂ ਬਣਾਇਆ ਮਕਾਨ ਨਹੀਂ ਡੋਲਦਾ। ਇਸ ਤਰ੍ਹਾਂ ਡਿਗ ਰਹੇ ਮਨ ਨੂੰ ਧਰਵਾਸ ਦੇਣ ਲਈ ਗੁਰੂ ਦੀ ਬਾਣੀ ਦੀ ਜਰੂਰਤ ਹੁੰਦੀ ਹੈ-

**ਜਿਉ ਮੰਦਰ ਕਉ ਥਾਮੈ ਥੰਮਨੁ॥**
**ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥ (282)**

ਇਹ ਠੀਕ ਹੈ ਕਿ ਕਾਦਰ ਦੇ ਹੁਕਮ ਅਨੁਸਾਰ ਪ੍ਰਾਣੀ ਚੜ੍ਹਾਈ ਕਰ ਜਾਂਦਾ ਹੈ, ਪਰ ਅਸੀਂ ਆਪੋ ਆਪਣੀ ਮੌਤ ਦਾ ਸਬਕ ਦੁਹਰਾਉਣ ਲਈ ਗੁਰੂ ਸ਼ਬਦ ਦੀ ਟੇਕ ਲੈ ਕੇ ਜੀਵਨ ਨਿਰਬਾਹ ਕਰੀਏ ਤਾਂ ਕਿ ਸਰੀਰ ਦੀ ਮੌਤ ਤਾਂ ਹੋਣੀ ਹੀ ਹੈ, ਪਰ ਮਨੁੱਖਤਾ, ਇਨਸਾਨੀਅਤ ਅਤੇ ਸਾਡੀ ਆਤਮਿਕ ਮੌਤ ਬਾਰ-ਬਾਰ ਨਾ ਹੋਵੇ, ਇਸ ਤੋਂ ਬਚ ਸਕੀਏ। ਕਾਗਜ ਅੱਗ ਵਿੱਚ ਸੜ ਜਾਂਦਾ ਹੈ, ਪਰ ਉਪਰ ਘਿਉ ਲੱਗਣ ਨਾਲ ਉਹ ਛੇਤੀ ਗਲਦਾ ਨਹੀਂ, ਇੰਝ ਸਾਡੀ ਜਿੰਦਗੀ ਗਿਆਨ ਤੋਂ ਬਗੈਰ ਛੇਤੀ ਬਿਨਸ ਜਾਣ ਵਾਲੀ ਹੈ, ਪਰ ਜਦੋਂ ਗਿਆਨ, ਸੂਝ-ਬੂਝ ਆ ਜਾਵੇ ਤਾਂ ਆਯੂ ਲੰਮੀ ਤੇ ਖੁਸ਼ਹਾਲ ਹੋ ਜਾਂਦੀ ਹੈ।

**ਡੁੱਬਦਾ ਸੂਰਜ ਨਹੀਂ ਕੋਈ ਰੋਕ ਸਕਦਾ, ਓਵੇਂ ਨਿਕਲਿਆ ਤੀਰ ਕਮਾਨ ਵਿਚੋਂ,**
**ਪਾਣੀ ਪੱਤਣੋ ਜੋ ਲੰਘ ਜਾਏ ਇੱਕ ਵਾਰੀ, ਏਵੇ ਬੋਲ ਨਿਕਲੇ ਜ਼ੁਬਾਨ ਵਿਚੋਂ,**
**ਆਖਰ ਕਰ ਕੀ ਸਕਦਾ ਮਨੁੱਖ ਰੱਬ ਅੱਗੇ,**
**'ਗੁਰਪ੍ਰੀਤ' ਮਨੁੱਖ ਵੀ ਚਲੇ ਜਾਂਦਾ ਜਹਾਨ ਵਿਚੋਂ।**

-0-



# ਨੰਨੇ ਵਾਰਸ

## ਆਓ ਜਾਣੀਏ ਬ੍ਰਹਿਮੰਡੀ ਤਰੰਗਾਂ ਬਾਰੇ

**-ਸੁਖਮੰਦਰ ਸਿੰਘ ਤੂਰ** -ਸੇਵਾ ਮੁਕਤ ਲੈਕਚਰਾਰ # 62842-20595

ਬੱਚਿਓ! ਸਾਡੇ ਬ੍ਰਹਿਮੰਡ ਵਿਚ ਦੂਰ ਸਥਿਤ ਵੱਖ-ਵੱਖ ਆਕਾਸ਼ ਗੰਗਾਵਾਂ ਚਾਰਜਿਤ ਕਣਾਂ ਨਾਲ ਭਰੀਆਂ ਪਈਆਂ ਹਨ। ਇਹ ਬਹੁਤ ਛੋਟੀ ਤਰੰਗ ਲੰਬਾਈ ਵਾਲੀਆਂ ਬਿਜਲਈ ਚੁੰਬਕੀ ਤਰੰਗਾਂ ਹਨ। ਇਨ੍ਹਾਂ ਤਰੰਗਾਂ ਨੂੰ ਕਾਸਮਿਕ ਰੇਜ਼ ਜਾਂ ਬ੍ਰਹਿਮੰਡੀ ਤਰੰਗਾਂ ਵੀ ਕਿਹਾ ਜਾਂਦਾ ਹੈ। ਇਹ ਧਨ (+) ਬਿਜਲਈ ਚਾਰਜ ਵਾਲੇ ਕਣਾਂ ਦੀਆਂ ਤਰੰਗਾਂ ਹਨ। ਇਨ੍ਹਾਂ ਕਣਾਂ ਵਿਚ ਪ੍ਰੋਟਾਨ, ਐਲਫਾ ਕਣ ਤੇ ਕਈ ਭਾਰੀ ਤੱਤਾਂ ਦੇ ਧਨ ਚਾਰਜ ਵਾਲੇ ਆਇਨ ਸ਼ਾਮਿਲ ਹਨ। ਇਹ ਸਾਡੇ ਸੋਲਰ ਸਿਸਟਮ ਤੋਂ ਬਾਹਰ ਦੀਆਂ ਗਲੈਕਸੀਆਂ ਵਿਚੋਂ ਆਉਂਦੀਆਂ ਹਨ। ਇਨ੍ਹਾਂ ਵਿਚਲੇ ਉੱਚੇ ਬਿਜਲਈ ਤੇ ਚੁੰਬਕੀ ਖੇਤਰ ਇਨ੍ਹਾਂ ਕਣਾਂ ਨੂੰ ਆਪੇ ਹੀ ਪ੍ਰਵੇਗਿਤ ਕਰਦੇ ਰਹਿੰਦੇ ਹਨ। ਇਨ੍ਹਾਂ ਕਣਾਂ ਉੱਪਰਲਾ ਚਾਰਜ ਅਤੇ ਇਨ੍ਹਾਂ ਦਾ ਉੱਚਾ ਵੇਗ ਇਨ੍ਹਾਂ ਨੂੰ ਤਰੰਗ ਦੇ ਗੁਣ ਪ੍ਰਦਾਨ ਕਰਦਾ ਹੈ। ਮੂਲ ਕਾਸਮਿਕ ਜਾਂ ਬ੍ਰਹਿਮੰਡੀ ਤਰੰਗਾਂ ਵਾਯੂਮੰਡਲ ਦੇ ਅਣੂਆਂ ਨਾਲ ਟਕਰਾਅ ਕੇ ਪ੍ਰੋਜ਼ੀਟਰਾਨ ਤੇ ਮੈਸਾਨ ਜਿਹੇ ਭਾਂਤ-ਭਾਂਤ ਦੇ ਦੁਜੈਲੇ ਕਣਾਂ ਨੂੰ ਜਨਮ ਦਿੰਦੀਆਂ ਹਨ।



ਹੋਮੀ ਭਾਬਾ



ਵਿਕਰਮ ਸਾਰਾਭਾਈ

ਇਹ ਤਰੰਗਾਂ ਉੱਚੀ ਊਰਜਾ ਵਾਲੇ ਕਣਾਂ ਦੀਆਂ ਬਣੀਆਂ ਹੁੰਦੀਆਂ ਹਨ। ਇਨ੍ਹਾਂ ਤਰੰਗਾਂ ਦਾ ਜਨਮ ਤਾਰਿਆਂ ਵਿਚੋਂ ਹੁੰਦਾ ਹੈ। ਕੁਦਰਤੀ ਹੈ ਕਿ ਸਾਡੇ ਸੂਰਜ ਵਿਚੋਂ ਵੀ ਇਹ ਬ੍ਰਹਿਮੰਡੀ ਤਰੰਗਾਂ ਨਿਕਲਦੀਆਂ ਹੋਣਗੀਆਂ । ਸਾਡੇ ਵਾਯੂਮੰਡਲ ਵਿਚ ਦਾਖਲ ਹੋਣ ਤੋਂ ਪਹਿਲਾਂ ਬ੍ਰਹਿਮੰਡੀ ਤਰੰਗਾਂ ਵਿਚ 89 ਫ਼ੀਸਦੀ ਪ੍ਰੋਟੀਨ, 9 ਫ਼ੀਸਦੀ ਹੀਲੀਅਮ ਨਾਭੀਆਂ ਤੇ ਬਾਕੀ ਭਾਰੀ ਤੱਤਾਂ ਦੀਆਂ ਨਾਭੀਆਂ ਹੁੰਦੀਆਂ ਹਨ। ਸਾਡਾ ਬ੍ਰਹਿਮੰਡ ਇਕ ਮੋਟੇ ਕੰਬਲ ਵਾਂਗ ਸਾਡੀ ਪ੍ਰਿਥਵੀ ਦੁਆਲੇ ਵਿਛਿਆ ਹੋਇਆ ਹੈ ਅਤੇ ਇਨ੍ਹਾਂ ਖ਼ਤਰਨਾਕ ਤਰੰਗਾਂ ਤੋਂ ਸਾਨੂੰ ਬਚਾਉਂਦਾ ਹੈ। ਵਾਯੂਮੰਡਲ ਵਿਚ ਇਹ ਤਰੰਗਾਂ ਟੁੱਟ-ਭੱਜ ਕੇ ਜ਼ਹਿਰੀਲੇ ਕਣਾਂ ਵਿਚ ਤਬਦੀਲ ਹੋ ਜਾਂਦੀਆਂ ਹਨ। ਸਮੁੰਦਰੀ ਸਤ੍ਹਾ ਤੱਕ ਪਹੁੰਚਦਿਆਂ-ਪਹੁੰਚਦਿਆਂ ਇਨ੍ਹਾਂ ਵਿਚ 70 ਫ਼ੀਸਦੀ ਮੀਜ਼ਾਨ, 29 ਫ਼ੀਸਦੀ ਇਲੈਕਟ੍ਰਾਨ ਪੋਜ਼ੀਟਰਾਨ ਜੋੜੇ ਤੇ ਬਾਕੀ ਰਹਿੰਦ-ਖੂਹੰਦ ਦੇ ਭਾਰੀ ਕਣ ਰਹਿ ਜਾਂਦੇ ਹਨ।

ਕਰੋੜਾਂ ਸਾਲਾਂ ਤੋਂ ਸਾਡੀ ਪ੍ਰਿਥਵੀ ਇਨ੍ਹਾਂ ਬ੍ਰਹਿਮੰਡੀ ਤਰੰਗਾਂ ਦੀ ਵਾਛੜ ਝੱਲ ਰਹੀ ਹੈ। ਜਿਉਂ-ਜਿਉਂ ਵਾਯੂਮੰਡਲ ਤੋਂ ਦੂਰ ਬ੍ਰਹਿਮੰਡ ਵਿਚ ਜਾਈਏ ਇਨ੍ਹਾਂ ਦੀ ਸ਼ਕਤੀ ਵਧਦੀ ਜਾਂਦੀ ਹੈ। ਲੱਗਭਗ 100 ਵਰ੍ਹੇ ਪਹਿਲਾਂ ਇਨ੍ਹਾਂ ਤਰੰਗਾਂ ਬਾਰੇ ਸਾਡੀ ਜਾਣਕਾਰੀ ਐਵੇਂ ਨਾ-ਮਾਤਰ ਹੀ ਸੀ। ਭਾਰਤੀ ਵਿਗਿਆਨੀਆਂ ਹੋਮੀ ਭਾਬਾ ਅਤੇ ਵਿਕਰਮ ਸਾਰਾਭਾਈ ਨੇ ਇਨ੍ਹਾਂ ਤਰੰਗਾਂ ਬਾਰੇ ਮਹੱਤਵਪੂਰਨ ਖੋਜ ਕੀਤੀ ਸੀ। ਇਹ ਬ੍ਰਹਿਮੰਡੀ ਤਰੰਗਾਂ ਕਾਫੀ ਖ਼ਤਰਨਾਕ ਹੁੰਦੀਆਂ ਹਨ ਜੋ ਮਨੁੱਖੀ ਸਰੀਰ ਵਿਚ ਅਛਪੋਲੇ ਹੀ ਦਾਖਲ ਹੋ ਕੇ ਨਿੱਕੇ-ਨਿੱਕੇ ਸੈਲਾਂ ਵਿਚ ਵਿਕਾਰ ਪੈਦਾ ਕਰਦੀਆਂ ਹਨ, ਜੋ ਚਮੜੀ ਕੈਂਸਰ ਵਰਗੇ ਭਿਆਨਕ ਰੋਗਾਂ ਨੂੰ ਜਨਮ ਦੇ ਸਕਦੇ ਹਨ। -0-

---

## ਗਿਆਨ-ਵਿਗਿਆਨ: ਗੜੇ ਕਿਵੇਂ ਬਣਦੇ ਹਨ?

**-ਸਰਤਾਜ ਸਿੰਘ**
98144-55033

ਬੱਚਿਓ! ਤੁਸੀਂ ਸਭ ਨੇ ਗੜੇ ਪੈਂਦੇ ਤਾਂ ਦੇਖੇ ਹੀ ਹੋਣਗੇ। ਇਹ ਆਮ ਹੀ ਤੇਜ਼ ਮੀਂਹ ਦੇ ਨਾਲ ਸਰਦੀ, ਗਰਮੀ ਜਾਂ ਬਰਸਾਤ ਦੇ ਮੌਸਮ ਵਿਚ ਡਿਗਦੇ ਹਨ। ਇਹ ਗੜੇ ਮੋਤੀ ਵਾਂਗ ਛੋਟੇ ਤੇ ਨਿੰਬੂ ਵਾਂਗ ਜਾਂ ਉਸ ਤੋਂ ਵੀ ਵੱਡੇ ਹੋ ਸਕਦੇ ਹਨ। ਆਓ, ਜਾਣਦੇ ਹਾਂ ਕਿ ਕੁਦਰਤ ਵਿਚ ਗੜੇ ਕਿਵੇਂ ਬਣਦੇ ਹਨ। ਬੱਚਿਓ ਅਸੀਂ ਸਭ ਜਾਣਦੇ ਹਾਂ ਕਿ ਪਾਣੀ ਦਾ ਵਾਸ਼ਪੀਕਰਨ ਹੋਣ ਨਾਲ ਅਸਮਾਨ ਵਿਚ ਬੱਦਲ ਬਣਦੇ ਹਨ ਤੇ ਠੰਢੇ ਹੋਣ 'ਤੇ ਇਹ ਪਾਣੀ ਹੀ ਮੀਂਹ ਦੀਆਂ ਬੂੰਦਾਂ ਬਣ ਕੇ ਹੇਠਾਂ ਧਰਤੀ ਵੱਲ ਨੂੰ ਡਿੱਗਦਾ ਹੈ। ਤੂਫਾਨੀ ਬੱਦਲ ਕਈ ਵਾਰ ਬਹੁਤ ਹੀ ਵਿਸ਼ਾਲ ਹੋ ਜਾਂਦੇ ਹਨ ਜੋ ਸਮੁੰਦਰ ਤਲ ਤੋਂ ਤਿੰਨ ਕਿਲੋਮੀਟਰ ਤੋਂ ਸ਼ੁਰੂ ਹੋ ਕੇ 12 ਤੋਂ 15 ਕਿਲੋਮੀਟਰ ਤੱਕ ਫੈਲ ਜਾਂਦੇ ਹਨ। ਇਨ੍ਹਾਂ ਬੱਦਲਾਂ ਵਿਚ ਹਵਾ ਬਹੁਤ ਜ਼ੋਰ ਨਾਲ ਉੱਪਰ ਥੱਲੇ ਗਤੀ ਕਰਦੀ ਹੈ। ਹਵਾ ਦੇ ਤੇਜ਼ੀ ਨਾਲ ਉੱਪਰ ਜਾਣ ਕਾਰਨ ਵਾਸ਼ਪੀਕਰਨ ਦੀ ਪ੍ਰਕਿਰਿਆ ਵਧ ਜਾਂਦੀ ਹੈ ਪਰ ਉੱਪਰ ਵੱਲ ਨੂੰ ਤਾਪਮਾਨ ਸਿਫਰ ਦਰਜੇ ਸੈਲਸੀਅਸ ਤੋਂ ਘੱਟ ਹੋਣ ਕਾਰਨ ਇਹ ਵਾਸ਼ਪ ਬਰਫ਼ ਕਣ ਦਾ ਰੂਪ ਲੈ ਲੈਂਦੇ ਹਨ। ਛੋਟੇ-ਛੋਟੇ ਬਰਫ਼ ਕਣ ਆਪਸ ਵਿਚ ਜੰਮਦੇ ਜਾਂਦੇ ਹਨ ਤੇ ਹੇਠਾਂ ਵੱਲ ਨੂੰ ਡਿਗਦੇ ਹਨ ਪਰ ਹਵਾ ਦੀ ਉੱਪਰ ਵੱਲ ਨੂੰ ਗਤੀ ਜ਼ਿਆਦਾ ਹੋਣ ਕਾਰਨ ਇਹ ਫਿਰ ਉੱਪਰ ਵੱਲ ਨੂੰ ਜਾਂਦੇ ਹਨ ਤੇ ਵਾਸ਼ਪ ਹੋਏ ਹੋਰ ਕਣਾਂ ਨੂੰ ਆਪਣੇ ਉੱਪਰ ਚਿੰਬੇੜ ਲੈਂਦੇ ਹਨ। ਇਹ ਕਿਰਿਆ ਕਈ ਵਾਰ ਦੁਹਰਾਈ ਜਾਂਦੀ ਹੈ ਤੇ ਇਨ੍ਹਾਂ ਬਰਫ਼ ਦੇ ਕਣਾਂ ਦਾ ਆਕਾਰ ਵਧਦਾ ਜਾਂਦਾ ਹੈ। ਜਦੋਂ ਇਨ੍ਹਾਂ ਦਾ ਭਾਰ ਉੱਪਰ

ਚੁੱਕਣ ਵਾਲੀ ਹਵਾ ਦੇ ਬਲ ਨਾਲੋਂ ਵੱਧ ਜਾਂਦਾ ਹੈ ਤਾਂ ਇਨ੍ਹਾਂ ਬਰਫ਼ ਦੀਆਂ ਟੁਕੜੀਆਂ ਨੂੰ ਹਵਾਵਾਂ ਸੰਭਾਲ ਨਹੀਂ ਸਕਦੀਆਂ ਤਾਂ ਇਹ ਧਰਤੀ 'ਤੇ ਡਿੱਗਣ ਲੱਗ ਜਾਂਦੇ ਹਨ ਅਤੇ ਇਨ੍ਹਾਂ ਨੂੰ ਆਪਾਂ ਗੜੇ ਕਹਿੰਦੇ ਹਾਂ। ਪਹਾੜਾਂ ਦੀ ਉਚਾਈ ਬਹੁਤ ਜ਼ਿਆਦਾ ਹੋਣ ਕਰਕੇ ਉਥੇ ਤਾਪਮਾਨ ਪਹਿਲਾਂ ਹੀ ਘੱਟ ਹੁੰਦਾ ਹੈ ਅਤੇ ਹਵਾ ਪਹਿਲਾਂ ਹੀ ਠੰਢੀ ਹੁੰਦੀ ਹੈ। ਇਸ ਲਈ ਉਥੇ ਬਰਫ਼ ਹੀ ਪੈਂਦੀ ਹੈ। ਕਈ ਵਾਰ ਗੜਿਆਂ ਦੇ ਨਾਲ ਮੀਂਹ ਵੀ ਪੈਂਦਾ ਹੈ, ਕਿਉਂਕਿ ਕੁਝ ਗੜੇ ਪਿਘਲ ਜਾਂਦੇ ਹਨ। ਜੇਕਰ ਕਿਸੇ ਗੜੇ ਨੂੰ ਕੱਟ ਕੇ ਧਿਆਨ ਪੂਰਵਕ ਦੇਖਿਆ ਜਾਵੇ ਤਾਂ ਇਸ ਦੇ ਸਫੈਦ ਅਤੇ ਪਾਰਦਰਸ਼ੀ ਭਾਗ ਵਿਚ ਗੋਲਾਈਆਂ ਨਜ਼ਰ ਆਉਣਗੀਆਂ, ਜੋ ਇਸ ਗੱਲ ਦਾ ਪ੍ਰਮਾਣ ਹਨ ਕਿ ਪਾਣੀ ਇਨ੍ਹਾਂ ਉੱਪਰ ਵਾਰ-ਵਾਰ ਜੰਮਦਾ ਰਿਹਾ ਹੈ। -0-

# ਵਾਤਾਵਰਨ ਦੀ ਸੰਭਾਲ

## (ਕੂੜੇ ਦਾ ਨਿਪਟਾਰਾ)

**-ਮਨਪ੍ਰੀਤ ਕੌਰ ਸੱਪਲ ਮੋ 88725-26500** -(ਸ.ਸ. ਮਿਸਟ੍ਰੈੱਸ), ਸ.ਸ.ਸ.ਸ. ਕਿਸ਼ਨਪੁਰਾ ਕਲਾਂ (ਮੋਗਾ)।

ਸਾਡਾ ਵਾਤਾਵਰਨ ਜੀਵਿਤ ਅਤੇ ਨਿਰਜੀਵਿਤ ਦੋਵਾਂ ਵਸਤਾਂ ਦਾ ਸੁਮੇਲ ਹੈ। ਜੀਵਿਤ ਚੀਜ਼ਾਂ ਨਿਰਜੀਵਿਤ ਚੀਜ਼ਾਂ 'ਤੇ ਨਿਰਭਰ ਹਨ। ਪੌਦਿਆਂ ਵਰਗੀਆਂ ਜੀਵਿਤ ਚੀਜ਼ਾਂ ਨੂੰ ਪਾਣੀ, ਹਵਾ ਅਤੇ ਸੂਰਜ ਦੀ ਰੌਸ਼ਨੀ ਵਰਗੀਆਂ ਬੇਜਾਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਮਨੁੱਖ ਵੀ ਹਵਾ, ਪਾਣੀ ਅਤੇ ਹੋਰ ਕੁਦਰਤੀ ਤੱਤਾਂ 'ਤੇ ਨਿਰਭਰ ਹੈ। ਇਸ ਲਈ ਦੋਹਾਂ ਵਿਚਕਾਰ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਇਕ ਸਾਫ਼-ਸੁਥਰਾ ਵਾਤਾਵਰਨ ਜੀਵਿਤ ਅਤੇ ਨਿਰਜੀਵਿਤ ਦੋਹਾਂ ਲਈ ਸੁਖਾਲਾ ਮਹੌਲ ਪ੍ਰਦਾਨ ਕਰਦਾ ਹੈ, ਜਦ ਕਿ ਗੰਦਾ ਅਤੇ ਪ੍ਰਦੂਸ਼ਿਤ ਵਾਤਾਵਰਨ ਕੀਟਾਣੂਆਂ ਅਤੇ ਬਿਮਾਰੀਆਂ ਦਾ ਕਾਰਨ ਬਣਦਾ ਹੈ। ਇਹ ਵਾਤਾਵਰਨ ਦੇ ਵਿਗਾੜ ਦਾ ਕਾਰਨ ਬਣਦਾ ਹੈ।

ਅਸੀਂ ਰੋਜ਼ਾਨਾ ਕੂੜੇ ਦੀ ਵੱਡੀ ਮਾਤਰਾ ਪੈਦਾ ਕਰਦੇ ਹਾਂ। ਇਹ ਕੂੜਾ ਦੋ ਤਰ੍ਹਾਂ ਦਾ ਹੋ ਸਕਦਾ ਹੈ :

**ਬਾਇਓਡੀਗ੍ਰੇਡੇਬਲ ਕੂੜਾ :** ਜੀਵਿਤ ਜੀਵਾਂ ਦੀ ਰਹਿੰਦ ਖ਼ੂੰਹਦ ਤੋਂ ਬਣਿਆ ਹੁੰਦਾ ਹੈ। ਇਸਨੂੰ ਬੈਕਟੀਰੀਆ ਅਤੇ ਹੋਰ ਜੀਵਿਤ ਜੀਵਾਂ ਦੁਆਰਾ ਵਿਗਾੜਿਆ ਜਾ ਸਕਦਾ ਹੈ। ਇਸ ਨੂੰ ਬਾਇਓ ਵੇਸਟ ਵੀ ਕਿਹਾ ਜਾਂਦਾ ਹੈ। ਇਸ ਵਿਚ ਪੌਦਿਆਂ, ਜਾਨਵਰਾਂ, ਮਨੁੱਖਾਂ ਦੀ ਰਹਿੰਦ-ਖ਼ੂੰਹਦ ਆਦਿ ਸ਼ਾਮਿਲ ਹਨ।

**ਗ਼ੈਰ ਬਾਇਓਡੀਗ੍ਰੇਡੇਬਲ :** ਇਹ ਕੂੜਾ ਨਿਰਜੀਵ ਵਸਤਾਂ ਦੀ ਟੁੱਟ-ਭੱਜ ਤੋਂ ਪੈਦਾ ਹੁੰਦਾ ਹੈ। ਇਹ ਜੀਵਾਂ ਅਤੇ ਵਾਤਾਵਰਨ ਦੀ ਸੁਰੱਖਿਆ ਵਿਚ ਵਿਘਨ ਪਾਉਂਦਾ ਹੈ। ਜਿਵੇਂ ਕੱਚ, ਪਲਾਸਟਿਕ, ਸਕ੍ਰੈਪ ਮੈਟਲ, ਇਲੈਕਟ੍ਰੋਨਿਕ ਉਪਕਰਨ ਆਦਿ।

**ਕੂੜੇ ਦਾ ਨਿਪਟਾਰਾ :** ਵੱਡੇ ਸ਼ਹਿਰਾਂ ਵਿਚ ਬਹੁਤ ਸਾਰੀਆਂ ਸਥਾਨਕ ਏਜੰਸੀਆਂ ਕੂੜੇ ਨੂੰ ਇਕੱਠਾ ਕਰਨ ਅਤੇ ਨਿਪਟਾਰਾ ਕਰਨ ਦਾ ਕੰਮ ਕਰਦੀਆਂ ਹਨ। ਕੂੜੇ ਦੇ ਨਿਪਟਾਰੇ ਲਈ ਹੇਠ ਲਿਖੇ ਤਰੀਕੇ ਵਰਤੇ ਜਾ ਸਕਦੇ ਹਨ :

**ਜਲਾਉਣਾ :** ਇਸ ਤਰੀਕੇ ਰਾਹੀਂ ਕੂੜਾ ਪਹਿਲਾਂ ਇਕ ਜਗ੍ਹਾ 'ਤੇ ਇਕੱਠਾ ਕੀਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਸਾੜ ਦਿੱਤਾ ਜਾਂਦਾ ਹੈ। ਪਰ ਕਈ ਪ੍ਰਕਾਰ ਦੇ ਕੂੜੇ ਜਲਾਉਂਦੇ ਸਮੇਂ ਹਾਨੀਕਾਰਕ ਗੈਸਾਂ ਅਤੇ ਧੂੰਆਂ ਪੈਦਾ ਹੁੰਦਾ ਹੈ। ਇਹ ਤਰੀਕਾ ਬਹੁਤਾ ਕਾਰਗਰ ਨਹੀਂ ਹੈ ਅਤੇ ਇਸ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

**ਖੁੱਲ੍ਹਾ ਡੰਪਿੰਗ :** ਇਸ ਤਰੀਕੇ ਰਾਹੀਂ ਕੂੜੇ ਨੂੰ ਟਰੱਕਾਂ ਰਾਹੀਂ ਸ਼ਹਿਰ ਤੋਂ ਦੂਰ ਲਿਜਾਇਆ ਜਾਂਦਾ ਹੈ ਅਤੇ ਖੁੱਲ੍ਹੇ ਵਿਚ ਕੂੜੇ ਦਾ ਵੱਡਾ ਢੇਰ ਲਗਾ ਦਿੱਤਾ ਜਾਂਦਾ ਹੈ। ਪਰ ਨਿਪਟਾਰੇ ਦਾ ਇਹ ਤਰੀਕਾ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਦਾ ਹੈ।

**ਲੈਂਡਫਿਲ :** ਅਕਸਰ ਜ਼ਮੀਨ ਵਿਚ ਡੂੰਘੇ ਟੋਏ ਪੁੱਟੇ ਜਾਂਦੇ ਹਨ ਅਤੇ ਉਨ੍ਹਾਂ ਵਿਚ ਕੂੜਾ ਸੁੱਟਿਆ ਜਾਂਦਾ ਹੈ, ਜਦੋਂ ਇਹ ਭਰ ਜਾਂਦੇ ਹਨ ਤਾਂ ਇਹ ਟੋਏ ਮਿੱਟੀ ਨਾਲ ਢਕ ਦਿੱਤੇ ਜਾਂਦੇ ਹਨ। ਬਾਅਦ ਵਿਚ ਇਸ ਖੇਤਰ ਨੂੰ ਪਾਰਕ ਜਾਂ ਖੇਡ ਮੈਦਾਨ ਵਿਚ ਬਦਲ ਦਿੱਤਾ ਜਾਂਦਾ ਹੈ।

**ਖਾਦ :** ਇਹ ਵਿਧੀ ਆਮ ਤੌਰ 'ਤੇ ਪੇਂਡੂ ਖੇਤਰਾਂ ਵਿਚ ਵਰਤੀ ਜਾਂਦੀ ਹੈ। ਘਰ ਦੇ ਨੇੜੇ ਜ਼ਮੀਨ ਵਿਚ ਇਕ ਟੋਆ ਪੁੱਟਿਆ ਜਾਂਦਾ ਹੈ ਅਤੇ ਪਸ਼ੂਆਂ ਦਾ ਗੋਬਰ, ਕੂੜਾ-ਕਰਕਟ ਅਤੇ ਘਰੇਲੂ ਕੂੜਾ-ਕਚਰਾ ਇਸ ਟੋਏ ਵਿਚ ਸੁੱਟਿਆ ਜਾਂਦਾ ਹੈ। ਕੁਝ ਸਮੇਂ ਬਾਅਦ ਇਹ ਕੂੜਾ ਰੂੜੀ ਵਿਚ ਬਦਲ ਜਾਂਦਾ ਹੈ। ਕਿਸਾਨ ਇਸ ਰੂੜੀ ਖਾਦ ਨੂੰ ਆਪਣੇ ਖੇਤਾਂ ਵਿਚ ਵਰਤ ਲੈਂਦੇ ਹਨ। ਇਹ ਕੂੜੇ ਦੇ ਨਿਪਟਾਰੇ ਦਾ ਇਕ ਵਧੀਆ ਤਰੀਕਾ ਹੈ।


**ਰੀਸਾਈਕਲਿੰਗ :** ਕਈ ਤਰ੍ਹਾਂ ਦੇ ਕੂੜੇ ਨੂੰ ਦੁਬਾਰਾ ਵਰਤੋਂ ਵਿਚ ਵੀ ਲਿਆਂਦਾ ਜਾ ਸਕਦਾ ਹੈ। ਕੂੜੇ ਨੂੰ ਦੁਬਾਰਾ ਵਰਤੋਂ ਵਿਚ ਲਿਆਉਣਾ ਰੀਸਾਈਕਲਿੰਗ ਹੈ। ਕਬਾੜੀਏ ਸਾਡੇ ਘਰਾਂ ਵਿਚ ਪੁਰਾਣਾ ਪਲਾਸਟਿਕ, ਕੱਚ, ਮੈਟਲ, ਕਾਗਜ਼ ਆਦਿ ਖ਼ਰੀਦ ਕੇ ਇਸ ਨੂੰ ਫੈਕਟਰੀਆਂ ਵਿਚ ਵੇਚਦੇ ਹਨ। ਫੈਕਟਰੀਆਂ ਵਿਚ ਇਸ ਸਕ੍ਰੈਪ ਨੂੰ ਸ਼ੁੱਧ ਕਰਕੇ ਜਾਂ ਢਾਲ ਕੇ ਨਵਾਂ ਸਾਮਾਨ ਤਿਆਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੰਦੇ ਪਾਣੀ ਨੂੰ ਵੀ ਰੀਸਾਈਕਲ ਕਰਕੇ ਇਹ ਪਾਣੀ ਪੌਦਿਆਂ ਨੂੰ ਦਿੱਤਾ ਜਾ ਸਕਦਾ ਹੈ।

ਵਾਤਾਵਰਨ ਦੀ ਰੱਖਿਆ ਸਾਡਾ ਸਭ ਦਾ ਫ਼ਰਜ਼ : ਸਾਨੂੰ ਸਭ ਨੂੰ ਵਾਤਾਵਰਨ ਦੀ ਸੰਭਾਲ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਕਿਤੇ ਬਾਹਰ ਜਾਣ ਸਮੇਂ ਵੀ ਆਪਣੇ ਫ਼ਰਜ਼ ਸਮਝਦੇ ਹੋਏ ਫਲ ਸਬਜ਼ੀਆਂ ਦੇ ਛਿਲਕੇ ਅਤੇ ਖਾਲੀ ਪੈਕਟਾਂ ਨੂੰ ਰਸਤੇ ਵਿਚ ਨਾ ਸੁੱਟੀਏ। ਜਨਤਕ ਥਾਵਾਂ ਸੜਕਾਂ, ਪਾਰਕਾਂ ਆਦਿ ਵਿਚ ਵੀ ਕੂੜਾ ਨਾ ਸੁੱਟੀਏ ਅਤੇ ਪਿਸ਼ਾਬ ਕਰਨ ਅਤੇ ਥੁੱਕਣ ਤੋਂ ਪ੍ਰਹੇਜ਼ ਕਰੀਏ। ਹਮੇਸ਼ਾ ਕੋਸ਼ਿਸ਼ ਕਰੀਏ ਕਿ ਪਾਣੀ, ਹਵਾ ਅਤੇ ਕੁਦਰਤੀ ਸਰੋਤਾਂ ਦੇ ਨਾਲ-ਨਾਲ ਸਭ ਤਰ੍ਹਾਂ ਦੇ ਊਰਜਾ ਦੇਣ ਵਾਲੇ ਸਰੋਤਾਂ ਦੀ ਸੰਜਮ ਨਾਲ ਵਰਤੋਂ ਕਰੀਏ। ਟੂਟੀਆਂ ਨੂੰ ਚਲਦਾ ਨਾ ਛੱਡੀਏ। ਬਾਇਓਡੀਗ੍ਰੇਡੇਬਲ ਅਤੇ ਗ਼ੈਰ-ਬਾਇਓਡੀਗ੍ਰੇਡੇਬਲ ਕੂੜੇ ਨੂੰ ਵੱਖੋ-ਵੱਖਰਾ ਇਕੱਠਾ ਕਰਕੇ ਨਿਪਟਾਰਾ ਕਰੀਏ। ਕੂੜੇ ਨੂੰ ਖੁੱਲ੍ਹੇ ਵਿਚ ਨਾ ਸੁੱਟੀਏ। ਕੂੜੇਦਾਨ ਅਤੇ ਕੂੜਾ-ਟੋਕਰੀਆਂ ਦਾ ਇਸਤੇਮਾਲ ਕਰੀਏ। ਕੂੜੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਕਰੀਏ ਕਿ ਇਹ ਕਿਸੇ ਵੀ ਪ੍ਰਾਣੀ ਦੇ ਨੁਕਸਾਨ ਦਾ ਕਾਰਨ ਨਾ ਬਣੇ। ਫਲ ਸਬਜ਼ੀ ਦੇ ਛਿਲਕੇ ਨਾਲ ਤਿੱਖੀਆਂ ਚੀਜ਼ਾਂ ਨੂੰ ਮਿਲਾ ਕੇ ਨਾ ਸੁੱਟੀਏ।

**ਈਵੇਸਟ :** ਇਲੈਕਟ੍ਰਾਨਿਕ ਕੂੜਾ ਵਿਸ਼ਵ ਦੀ ਵੱਡੀ ਸਮੱਸਿਆ ਬਣਦਾ ਰਿਹਾ ਹੈ ਅਤੇ ਇਹ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਸਾਡੇ ਸੈੱਲ ਫੋਨਾਂ ਤੋਂ ਲੈ ਕੇ ਆਈਪੌਡ, ਲੈਪਟੌਪ, ਟੈਲੀਵਿਜ਼ਨ, ਕੰਪਿਊਟਰ, ਪ੍ਰਿੰਟਰ ਆਦਿ ਹਰ ਤਰ੍ਹਾਂ ਦੇ ਇਲੈਕਟ੍ਰੋਨਿਕ ਉਪਕਰਨ ਈਵੇਸਟ ਪੈਦਾ ਕਰਦੇ ਹਨ, ਜਿਸ ਨੂੰ ਰੀਸਾਈਕਲ ਜਾਂ ਨਿਪਟਾਉਣਾ ਬਹੁਤ ਹੀ ਔਖਾ ਹੈ।

-0-

# ਅਜੂਨੀ- ਅਕਾਲ ਪੁਰਖ ਦਾ ਗੁਣ



ਮੰਗਤ ਸਿੰਘ ਰਾਹੀ
# 98882-91607

ਗੁਰੂ ਨਾਨਕ ਪਾਤਸ਼ਾਹ ਅਕਾਲ ਪੁਰਖ ਨੂੰ ਅਜੂਨੀ ਦਸਦੇ ਹਨ। ਉਹ ਜੰਮਦਾ ਨਹੀਂ। ਉਹ ਅਵਤਾਰ ਧਾਰਣ ਨਹੀਂ ਕਰਦਾ। ਉਸ ਦਾ ਕੋਈ ਮਾਂ-ਬਾਪ ਨਹੀਂ। ਉਹ ਕੋਈ ਵਿਅਕਤੀ ਨਹੀਂ।

ਅਕਾਲ ਪੁਰਖ "ਅਜੂਨੀ" ਹੈ। ਰੱਬ ਮਨੁੱਖਾਂ ਵਾਂਗ ਜੂਨਾਂ ਵਿਚ ਨਹੀਂ ਆਉਂਦਾ। ਰੱਬ ਨੂੰ ਨਾ ਤਾਂ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਮੂਰਤੀਆਂ ਵਿਚੋਂ ਲੱਭ ਸਕਦੇ ਹਾਂ। ਸਰਬ ਵਿਆਪਕ ਰੱਬ ਜੀ ਜਰੇ ਜਰੇ ਵਿਚ ਇਕ ਸਦੀਵੀ ਨਿਯਮ ਅਨੁਸਾਰ ਬੈਠੇ ਹਨ। ਸਾਨੂੰ ਉਹਨਾਂ ਦੇ ਗੁਣਾਂ ਨੂੰ ਸਮਝ ਕੇ ਉਸ ਤੇ ਚਲਣ ਦੀ ਲੋੜ ਹੈ ਤਾਂ ਕਿ ਅਸੀਂ ਉਸ ਦਾ ਹੀ ਰੂਪ ਹੋ ਸਕੀਏ।

ਰੱਬ ਜੀ ਦਾ ਇਹ ਗੁਣ ਕਿ ਉਹ ਜੂਨਾਂ ਵਿਚ ਨਹੀਂ ਆਉਂਦੇ, ਇਸ ਗੁਣ ਨੂੰ ਅਸੀਂ ਆਪਣੇ ਜੀਵਨ ਵਿਚ ਲੈ ਕੇ ਆਈਏ।

ਇਹ ਜੂਨਾਂ ਸਰੀਰਕ ਨਹੀਂ ਹਨ। ਆਮ ਖਿਆਲ ਬਣਿਆ ਹੋਇਆ ਹੈ ਕਿ ਮਰਨ ਤੋਂ ਬਾਅਦ ਰੱਬ ਜੀ ਸਾਡੇ ਕੀਤੇ ਕੰਮਾਂ ਦੇ ਹਿਸਾਬ ਨਾਲ ਵੱਖ ਵੱਖ ਜੂਨਾਂ ਵਿਚ ਭੇਜਦੇ ਹਨ ਤੇ ਅਸੀਂ 84 ਲੱਖ ਜੂਨਾਂ ਭੋਗ ਕੇ ਮਨੁੱਖਾਂ ਰੂਪ ਵਿਚ ਆਏ ਹਾਂ। ਗੁਰੂ ਨਾਨਕ ਸਾਹਿਬ ਫੁਰਮਾਨ ਕਰਦੇ ਹਨ ਕਿ ਸਰੀਰ ਦੀਆਂ ਜੂਨਾਂ ਤੋਂ ਘਬਰਾਣ ਦੀ ਲੋੜ ਨਹੀਂ ਹੈ, ਪਰ ਸੁਭਾਅ ਕਰਕੇ ਅਸੀਂ ਜੀਂਦੇ ਜੀਅ ਹੀ ਜੂਨਾਂ ਭੋਗ ਰਹੇ ਹਾਂ। ਇਸ ਵੱਲ ਧਿਆਨ ਦੇਣ ਦੀ ਲੋੜ ਹੈ ਭਾਵ ਅਜੂਨੀ ਵਾਂਗ ਗੁਣ ਨੂੰ ਅਪਨਾ ਕੇ ਚਲਣ ਦਾ ਯਤਨ ਕਰੀਏ। ਗੁਰਬਾਣੀ ਅਨੁਸਾਰ ਅਸੀਂ ਰੱਬੀ ਗੁਣਾਂ ਤੋਂ ਟੁਟੇ ਹੋਣ ਕਰਕੇ ਆਪਣੇ ਘਟੀਆ ਸੁਭਾਅ ਕਾਰਣ ਵੱਖ ਵੱਖ ਪ੍ਰਕਾਰ ਦੀਆਂ ਜੂਨਾਂ ਵਿਚ ਪਏ ਹੋਏ ਹਾਂ। ਸ਼ਕਲ ਸੂਰਤ ਤੋਂ ਤਾਂ ਅਸੀਂ ਮਨੁੱਖ ਹਾਂ ਪਰ ਕਰਤੂਤਾਂ ਪਸ਼ੂਆਂ ਵਾਲੀਆਂ ਹਨ-

**ਕਰਤੂਤਿ ਪਸੂ ਕੀ ਮਾਨਸ ਜਾਤਿ॥**
**ਲੋਕ ਪਚਾਰਾ ਕਰੈ ਦਿਨੁ ਰਾਤਿ॥ (267)**
**ਮਾਣਸ ਮੂਰਤਿ ਨਾਨਕੁ ਨਾਮੁ॥**
**ਕਰਣੀ ਕੁਤਾ ਦਰਿ ਫੁਰਮਾਨੁ॥ (350)**

ਲੋਭ ਦੀ ਬਿਰਤੀ ਦੇ ਸੁਭਾਅ ਕਰਕੇ ਕੁੱਤੇ ਦੀ ਜੂਨ ਭੋਗ ਰਹੇ ਹਾਂ। ਈਰਖਾ ਦੀ ਅੱਗ ਵਿਚ ਸੜਨ ਵਾਲੇ ਨੂੰ ਸੱਪ ਕਿਹਾ ਹੈ। ਦੁਲਤੇ ਮਾਰਨ ਵਾਲੀ ਬਿਰਤੀ ਨੂੰ ਖੋਤਾ ਕਿਹਾ ਹੈ। ਹੰਕਾਰੀ ਬਿਰਤੀ ਨੂੰ ਹਾਥੀ ਤੇ ਅਤਿਆਚਾਰੀ ਬਿਰਤੀ ਨੂੰ ਬਘਿਆੜ ਆਖਿਆ ਹੈ। ਅਜੂਨੀ ਦਾ ਅਰਥ ਹੈ ਕਿ ਰੱਬ ਜੂਨਾਂ ਵਿਚ ਨਹੀਂ ਆਉਂਦਾ ਤਾਂ ਫਿਰ 'ਅਜੂਨੀ' ਪੜ੍ਹਨ ਵਾਲਿਆਂ ਨੂੰ ਵੀ ਰੱਬੀ ਗੁਣ ਧਾਰਣ ਕਰਕੇ ਮਾਨਸਿਕ ਤੌਰ ਤੇ ਜੋ ਜੂਨਾਂ ਭੋਗ ਰਹੇ ਹਨ, ਉਹਨਾਂ ਤੋਂ ਬਚਣ ਦਾ ਯਤਨ ਕਰਕੇ ਆਪਣੇ ਘਟੀਆ ਸੁਭਾਅ ਕਰਕੇ ਜੂਨਾਂ ਵਿਚ ਪੈਣ ਵਾਲੇ ਸੁਭਾਅ ਨੂੰ ਤਿਆਗ ਦੇਣਾ ਚਾਹੀਦਾ ਹੈ। ਜਿਵੇਂ ਪਤੰਗਾ ਦੀਵੇ ਦੀ ਲਾਟ ਤੇ ਸੜ ਮਰਦਾ ਹੈ ਭਾਵ ਲਾਨ ਦੇ ਰੂਪ ਉਪਰ ਸੜਮਰਦਾ ਹੈ। ਹੁਣ ਜੇ ਮਨੁੱਖੀ ਸੁਭਾਅ ਆਪਣੇ ਅੰਦਰ ਦੀ ਕਮਜ਼ੋਰੀ ਕਰਕੇ ਪਰਾਏ ਰੂਪ ਨੂੰ ਮਲੀਨ ਭਾਵਨਾ ਨਾਲ ਤਕਦਾ ਹੈ ਤਾਂ ਉਹ ਵੀ ਪਤੰਗੇ ਦੀ ਜੂਨ ਮਾਨਸਿਕ ਤੌਰ ਤੇ ਭੋਗ ਰਿਹਾ ਹੈ। ਪੰਚਮ ਪਾਤਸ਼ਾਹ ਦਾ ਫੁਰਮਾਨ ਹੈ-

**ਜਨਮ ਮਰਣ ਤੇ ਰਹਤ ਨਾਰਾਇਣ॥ (1136)**

ਪਰਮਾਤਮਾ ਜੰਮਣ ਮਰਨ ਤੋਂ ਪਰੇ ਹੈ। ਭਾਵ ਅਜੂਨੀ ਹੈ।

**ਓਹੁ ਜਨਮਿ ਨ ਮਰੈ ਰੇ ਸਾਕਤ ਢੋਰ॥ (1136)**

ਹੇ ਰੱਬ ਤੋਂ ਟੁਟੇ ਹੋਏ ਮਨੁੱਖ! ਪਰਮਾਤਮਾ ਨਾ ਜੰਮਦਾ ਹੈ ਨਾ ਮਰਦਾ ਹੈ।

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ (1136)**

ਸੜ ਜਾਏ ਉਹ ਮੂੰਹ, ਜਿਸ ਰਾਹੀਂ ਤੂੰ ਆਖਦਾ ਹੈਂ ਕਿ ਮਾਲਕ ਪ੍ਰਭੂ ਜੂਨਾਂ ਵਿਚ ਆਉਂਦਾ ਹੈ।

**ਜਨਮਿ ਨ ਮਰੈ ਨ ਆਵੈ ਨ ਜਾਇ॥**
**ਨਾਨਕ ਕਾ ਪ੍ਰਭੁ ਰਹਿਓ ਸਮਾਇ॥ (1136)**

ਪਰਮਾਤਮਾ ਨਾ ਜੰਮਦਾ ਹੈ, ਨਾ ਮਰਦਾ ਹੈ, ਨਾ ਆਉਂਦਾ ਹੈ ਨਾ ਜਾਂਦਾ ਹੈ। ਉਹ ਨਾਨਕ ਦਾ ਪਰਮਾਤਮਾ ਸਭ ਥਾਂਈ ਵਿਆਪਕ ਹੈ।

ਹੁਣ ਅਸੀਂ ਕਹਿੰਦੇ ਤੇ ਪੜ੍ਹਦੇ ਤਾਂ ਹਾਂ ਕਿ ਰੱਬ 'ਅਜੂਨੀ' ਹੈ। ਪਰ ਅਸੀਂ ਕੀ ਕਰੀਏ ? ਹੋਏਗਾ ਰੱਬ ਅਜੂਨੀ। ਅਸੀਂ ਤਾਂ ਜੂਨਾਂ ਵਿਚ ਭਟਕ ਰਹੇ ਹਾਂ। ਅਸੀਂ ਤਾਂ ਰੋਜ ਜੂਨਾਂ ਭੋਗ ਰਹੇ ਹਾਂ। ਹੰਕਾਰ ਕਰਦੇ ਹਾਂ ਤਾਂ ਹਾਥੀ ਦੀ ਜੂਨ ਵਿਚ ਆ ਜਾਂਦੇ ਹਾਂ, ਨਿੰਦਿਆ ਚੁਗਲੀ ਦੀ ਗੰਦਗੀ ਖਾਂਦੇ ਹਾਂ ਤਾਂ ਸੂਰ ਬਣ ਜਾਂਦੇ ਹਾਂ, ਜੀਊਂਦੇ ਜੀਅ ਧਨ ਤੇ ਕੁੰਡਲੀ ਮਾਰ ਕੇ ਬਹਿ ਜਾਂਦੇ ਹਾਂ ਤਾਂ ਸੱਪ ਦੀ ਜੂਨ ਭੋਗ ਰਹੇ ਹਾਂ। ਅਸੀਂ ਅਜੂਨੀ ਬਣਨਾ ਚਾਹੁੰਦੇ ਹਾਂ ਨਾ, ਤਾਂ ਫਿਰ ਇਹ ਜੂਨਾਂ ਛੱਡਣੀਆਂ ਪੈਣਗੀਆਂ। ਸਾਡਾ ਸਰੀਰ ਮਨੁੱਖਾਂ ਵਾਲਾ ਹੈ ਪਰ ਕਰਮ ਪਸ਼ੂਆਂ ਵਾਲੇ ਹਨ। ਕਰਤੂਤ ਪਸੂ ਦੀ ਮਾਨਸਾ ਜਾਤਿ-ਸਰੀਰ ਮਨੁੱਖਾਂ ਵਾਲਾ ਹੈ ਪਰ ਕੰਮ ਪਸ਼ੂਆਂ ਵਾਲੇ ਨੇ। ਗੁਰੂ ਗਿਆਨ ਵਿਹੂਣੀ ਜ਼ਿੰਦਗੀ ਹੀ ਪਸ਼ੂਆਂ ਵਾਲੀ ਹੁੰਦੀ ਹੈ। ਪਾਤਸ਼ਾਹ ਫੁਰਮਾਨ ਕਰਦੇ ਹਨ-

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥**
**(1356)**

ਜਿਹੜਾ ਬੰਦਾ ਸਤਿਗੁਰੂ ਦੇ ਉਪਦੇਸ਼ ਤੋਂ ਸਖਣਾ ਹੈ, ਉਸ ਭੈੜੀ ਬੁਧ ਵਾਲੇ ਦਾ ਜੀਵਨ ਫਿਟਕਾਰ-ਯੋਗ ਹੈ। ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ, ਸੱਪ ਦੇ ਬਰਾਬਰ ਜਾਣੋ।

ਗੁਰੂ ਗਿਆਨ ਵਿਹੂਣੀ ਜ਼ਿੰਦਗੀ ਕੁਤਿਆਂ ਵਾਲੀ ਹੈ- ਸੂਰ ਵਰਗੀ ਹੈ, ਗਧਿਆਂ ਵਾਲੀ ਹੈ, ਕਾਂ ਵਰਗੀ ਹੈ, ਸੱਪ ਵਰਗੀ ਹੈ, ਮੂਰਖਾਂ ਵਰਗੀ ਜ਼ਿੰਦਗੀ ਜੀਅ ਰਿਹਾ ਹੈ। ਕਿਸੇ ਗਰੀਬ ਦਾ ਹੱਕ ਮਾਰਦੈਂ, ਸ਼ੇਰ ਬਘਿਆੜ ਬਣ ਕੇ ਉਸਨੂੰ ਨੋਚ ਰਿਹਾ ਹੈ। ਲਾਲਚ ਕਰਦਾ ਹੈ ਤਾਂ ਕੁਤੇ ਦੀ ਜੂਨ ਵਿਚ ਆ ਜਾਂਦਾ ਹੈ। ਇਹਨਾਂ ਸਾਰੀਆਂ ਜੂਨਾਂ ਦਾ ਜ਼ਿਕਰ ਕੀਤਾ ਏ ਗੁਰੂ ਸਾਹਿਬ ਜੀ ਨੇ। ਇਹ ਮਨੁੱਖ ਕਿਸ ਦਿਨ ਬਣੇਗਾ? ਗੁਰੂ ਜੀ ਆਖਦੇ ਨੇ- ਤੂੰ ਅਜੂਨੀ ਬਣ, ਪਸ਼ੂਆਂ ਵਰਗੀਆਂ, ਜੂਨੀਆਂ, ਪਸ਼ੂਆਂ ਵਾਲੇ ਸੁਭਾਅ ਤਿਆਗ ਦੇ, ਤੂੰ ਮਨੁੱਖ ਹੋ ਜਾਏਂਗਾ। ਕਿਵੇਂ ਹੋਏਂਗਾ?-

**ਗੁਰਸੇਵਾ ਤੇ ਭਗਤਿ ਕਮਾਈ॥**
**ਤਬ ਇਹ ਮਾਨਸ ਦੇਹੀ ਪਾਈ॥ (1159)**

ਗੁਰ ਦੀ ਸੇਵਾ ਦੀ ਰਾਹੀਂ ਇਹ ਮਨੁੱਖਾ-ਸਰੀਰ ਮਿਲਿਆ ਸਮਝੋ। ਹੁਣ ਇਸਦਾ ਮਤਲਬ ਇਹ ਨਹੀਂ ਕਿ ਕਿਸੇ ਪਸ਼ੂ ਨੇ ਗੁਰੂ ਦੀ ਸੇਵਾ ਤੇ ਭਗਤੀ ਕੀਤੀ ਤਾਂ ਉਹ ਮਨੁੱਖਾ ਜਨਮ ਵਿਚ ਆਇਆ। ਹੁਣ ਕੁੱਤਾ ਗੁਰਦੁਆਰੇ ਵਿਚ ਸੇਵਾ ਕਰਨ ਆਏ, ਤੁਸੀਂ ਕਰਨ ਦਿਓਗੇ? ਤੁਸੀਂ ਤਾਂ ਡੰਡਾ ਮਾਰ ਕੇ ਭਜਾਦਿਓਗੇ। ਕਿਧਰੇ ਕਿਸੇ ਨੇ ਦੇਖਿਆ ਕਿ ਮੱਝ ਨੇ ਚੌਂਕੜਾ ਮਾਰਿਆ ਹੋਵੇ ਤੇ ਭਗਤੀ ਕਰਦੀ ਹੋਵੇ। ਐ ਬੰਦੇ! ਜਿਸ ਦਿਨ ਤੂੰ ਗੁਰੂ ਦੀ ਸੇਵਾ ਤੇ ਭਗਤੀ ਕਰੇਂਗਾ, ਉਸ ਦਿਨ ਤੂੰ ਮਨੁੱਖ ਬਣੇਂਗਾ, ਨਹੀਂ ਤਾਂ ਕਰਮ ਪਸ਼ੂਆਂ ਵਾਲੇ ਨੇ। **ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥ (1159)** ਜਿਸ ਦਿਨ ਗੁਰੂ ਦੀ ਸੇਵਾ ਭਗਤੀ ਕਰੇਂਗਾ, ਮਨੁੱਖਾਂ ਵਾਲਾ ਜੀਵਨ ਤੈਨੂੰ ਮਿਲ ਜਾਏਗਾ, ਨਹੀਂ ਤਾਂ ਪਸ਼ੂਆਂ ਵਾਲੀਆਂ ਜੂਨਾਂ ਭੋਗ ਹੀ ਰਿਹਾ ਹੈਂ।

**ਕਈ ਜਨਮ ਭਏ ਕੀਟ ਪਤੰਗਾ॥**
**ਕਈ ਜਨਮ ਗਜ ਮੀਨ ਕੁਰੰਗਾ॥ (176)**

ਏਸੇਜਨਮ ਵਿਚ ਪਤਾ ਨਹੀਂ ਕਿਤਨੇ ਕੀੜਿਆਂ ਮਕੌੜਿਆਂ ਵਾਲੇ ਵਾਲੇ ਜਨਮ ਭੋਗੀ ਜਾ ਰਿਹਾ ਹੈ। ਪਸ਼ੂ ਪੰਛੀਆਂ ਦੀ ਤਰ੍ਹਾਂ ਪਰਿਵਾਰ ਕਬੀਲ ਦਾਰੀਆਂ ਨੂੰ ਪਾਲ ਰਿਹਾ ਏਂ। ਬੈਲ ਦੀ ਤਰ੍ਹਾਂ ਜ਼ਿੰਮੇਵਾਰੀਆਂ ਦੇ ਭਾਰ ਢੋਈ ਚਲਾ ਜਾ ਰਿਹਾ ਹੈ। ਕਿਨਾਂ ਕੁਝ ਕਰ ਰਿਹਾ ਹੈ। ਪਰ ਅੱਗੇ ਜਾ ਕੇ ਇਸ ਸ਼ਬਦ ਵਿਚ ਗੁਰੂ ਜੀ ਆਖਦੇ ਹਨ- **ਸਾਧਸੰਗਿ ਭਇਓ ਜਨਮੁ ਪਰਾਪਤਿ॥ (176)** ਮਨੁੱਖ ਜਨਮ ਉਦੋਂ ਮਿਲਿਆ ਜਦੋਂ ਮੈਂ ਸਾਧ ਸੰਗਤ ਵਿਚ ਆਇਆ। ਗੁਰੂ ਦੀ ਮਤ ਲਈ, ਗੁਰੂ ਦੇ ਗਿਆਨ ਨੇ ਮੈਨੂੰ ਇਨਸਾਨ ਬਣਾ ਦਿੱਤਾ। **ਸਾਧਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥ (176)** ਗੁਰੂ ਦੀ ਮਤ ਲੈ, ਸਾਧ ਸੰਗਤ ਵਿਚ ਜਾ, ਤੇਰਾ ਮਨੁੱਖਾ ਜਨਮ ਹੋ ਜਾਏਗਾ। ਇਸਨੂੰ ਕਹਿੰਦੇ ਨੇ- **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ (940)** ਜਦੋਂ ਗੁਰੂ ਦੇ ਘਰ ਜਨਮ ਹੁੰਦਾ ਹੈ, ਆਵਾਗਵਨ ਮੁਕ ਜਾਂਦੇ ਨੇ। ਗੁਰੂ ਦੇ ਗਿਆਨ ਨੇ ਅਜੂਨੀ ਬਣਾ ਦਿੱਤਾ,ਪਸ਼ੂਆਂ ਵਾਲੀਆਂ ਜੂਨੀਆਂ ਛੱਡ, ਲਾਲਚ ਨਹੀਂ ਕਰੇਂਗਾ ਤਾਂ ਕੁੱਤਾ ਨਹੀਂ ਬਣੇਂਗਾ ਹੰਕਾਰ ਨਹੀਂ ਕਰੇਂਗਾ ਤਾਂ ਹਾਥੀ ਨਹੀਂ ਬਣੇਗਾ। ਜਿਸ ਦਿਨ ਤੇਰੇ ਵਿਚ ਇਨਸਾਨਾਂ ਵਾਲੇ ਗੁਣ ਆ ਜਾਣਗੇ, ਉਸ ਦਿਨ ਇਨਸਾਨ ਬਣ ਜਾਏਂਗਾ। ਗੁਰੂ ਦਾ ਗਿਆਨ ਪਸ਼ੂ ਤੋਂ ਇਨਸਾਨ ਬਣਾ ਦਿੰਦਾ ਹੈ।

-0-


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542 **Email:** gurmatvirsa@gmail.com


# ਪੈਦਲ ਚੱਲੋ ਅਤੇ ਤੰਦਰੁਸਤ ਰਹੋ



ਪੈਦਲ ਚੱਲਣਾ ਇਕ ਚੰਗੀ ਕਸਰਤ ਹੈ, ਜਿਸ ਨਾਲ ਸਰੀਰ ਚੁਸਤ ਅਤੇ ਤੰਦਰੁਸਤ ਰਹਿੰਦਾ ਹੈ। ਹਾਲ ਹੀ ਵਿਚ ਇਕ ਐਰੋਬਿਕਸ ਖੋਜ ਦੇ ਅਨੁਸਾਰ ਜੇਕਰ ਤੁਹਾਡਾ ਸਰੀਰ ਚੁਸਤ ਨਹੀਂ ਹੈ ਤਾਂ ਉਹ ਵੀ ਤੁਹਾਡੇ ਲਈ ਓਨਾ ਹੀ ਖ਼ਤਰਨਾਕ ਹੋ ਸਕਦਾ ਹੈ, ਜਿੰਨਾ ਕਿ ਸਿਗਰਟਨੋਸ਼ੀ ਜਾਂ ਵਧੇਰੇ ਕੋਲੈਸਟਰੋਲ। ਇਸ ਖੋਜ ਦੇ ਅਨੁਸਾਰ ਜੇਕਰ ਤੁਸੀਂ ਸਰੀਰਕ ਮਿਹਨਤ ਕਰਦੇ ਹੋ ਤਾਂ ਤੁਹਾਨੂੰ ਦਿਲ ਦੀਆਂ ਬਿਮਾਰੀਆਂ, ਕੈਂਸਰ ਅਤੇ ਹੋਰ ਕਈ ਬਿਮਾਰੀਆਂ ਦੇ ਹੋਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਜੇਕਰ ਤੁਸੀਂ ਨਿਯਮਿਤ ਇਕ ਘੰਟਾ ਸਵੇਰੇ ਜਾਂ ਰਾਤ ਨੂੰ ਸੈਰ ਕਰਦੇ ਹੋ ਤਾਂ ਤੁਹਾਨੂੰ ਹੇਠ ਲਿਖੇ ਫਾਇਦੇ ਹੋ ਸਕਦੇ ਹਨ:

- ਮਾਸਪੇਸ਼ੀਆਂ ਅਤੇ ਜੋੜਾਂ ਵਿਚ ਅਕੜਾਹਟ ਵਿਚ ਢਿੱਲਾਪਨ ਆਉਂਦਾ ਹੈ, ਜੇਕਰ ਤੁਸੀਂ ਨਿਯਮਿਤ ਸਰੀਰਕ ਮਿਹਨਤ ਨਹੀਂ ਕਰਦੇ। ਮਾਸਪੇਸ਼ੀਆਂ ਵਿਚ ਮਜ਼ਬੂਤੀ ਲਿਆਉਣ ਲਈ ਪੈਦਲ ਚੱਲਣਾ ਸਭ ਤੋਂ ਚੰਗੀ ਕਸਰਤ ਹੈ।
- ਪੈਦਲ ਚੱਲਣ ਨਾਲ ਤੁਹਾਡੇ ਸਰੀਰ ਵਿਚ ਲਚਕੀਲਾਪਣ ਬਣਿਆ ਰਹਿੰਦਾ ਹੈ। ਉਮਰ ਵਧਣ ਦੇ ਨਾਲ-ਨਾਲ ਜੇਕਰ ਤੁਸੀਂ ਆਪਣੀਆਂ ਮਾਸਪੇਸ਼ੀਆਂ ਵਿਚ ਮਜ਼ਬੂਤੀ ਅਤੇ ਲਚਕੀਲਾਪਣ ਚਾਹੁੰਦੇ ਹੋ ਤਾਂ ਤੁਸੀਂ ਵੱਧ ਤੋਂ ਵੱਧ ਪੈਦਲ ਚੱਲੋ। ਇਸ ਨਾਲ ਤੁਹਾਡਾ ਸਰੀਰ ਤੰਦਰੁਸਤ ਬਣਿਆ ਰਹਿੰਦਾ ਹੈ ਅਤੇ ਜੋੜਾਂ ਦਾ ਦਰਦ ਆਦਿ ਸਮੱਸਿਆਵਾਂ ਦਾ ਸਾਹਮਣਾ ਵੀ ਘੱਟ ਕਰਨਾ ਪੈਂਦਾ ਹੈ।
- ਪੈਦਲ ਚੱਲਣ ਨਾਲ ਤੁਹਾਡਾ ਦਿਲ ਵੀ ਸੁਚਾਰੂ ਰੂਪ ਨਾਲ ਕੰਮ ਕਰਦਾ ਹੈ। ਤੁਹਾਡੀਆਂ ਹੱਡੀਆਂ ਦੀ ਸਮਰੱਥਾ ਵੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਕਸਰਤ ਕਰਦੇ ਹੋ। ਜੇਕਰ ਤੁਸੀਂ ਨਿਯਮਿਤ ਪੈਦਲ ਚਲਦੇ ਹੋ ਤਾਂ ਹੱਡੀਆਂ ਦੇ ਟੁੱਟਣ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ।

ਉਮਰ ਵਧਣ ਦੇ ਨਾਲ-ਨਾਲ ਜੇਕਰ ਸਰੀਰ ਵਿਚ ਹੋਣ ਵਾਲੀਆਂ ਕਿਰਿਆਵਾਂ ਦੀ ਦਰ ਵਿਚ ਕਮੀ ਹੋ ਜਾਂਦੀ ਹੈ ਅਤੇ ਸਰੀਰਕ ਕਸਰਤ ਵੀ ਘੱਟ ਹੁੰਦੀ ਹੈ, ਇਸ ਲਈ ਵਾਧੂ ਕੈਲੋਰੀ ਖਰਚ ਨਹੀਂ ਹੁੰਦੀ ਅਤੇ ਮੋਟਾਪਾ, ਬਲੱਡ ਪ੍ਰੈਸ਼ਰ ਆਦਿ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਲਈ ਕਸਰਤ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਅਤੇ ਪੈਦਲ ਚੱਲਣ ਤੋਂ ਕੋਈ ਚੰਗੀ ਕਸਰਤ ਨਹੀਂ ਹੋ ਸਕਦੀ।

-0-

# ਭਗਤ ਰਾਮਾਨੰਦ ਜੀ ਜੀਵਨ ਅਤੇ ਬਾਣੀ ਉਪਦੇਸ਼

-ਲਖਵਿੰਦਰਪਾਲ ਸਿੰਘ ਸਮਰਾਲਾ # 94647-67270

**ਭਗਤ ਰਾਮਾਨੰਦ ਨੇ ਕਰੜੀ ਘਾਲ ਕਮਾਈ ਕਰਕੇ ਉੱਚ ਆਤਮਿਕ ਅਵਸਥਾ ਪ੍ਰਾਪਤ ਕੀਤੀ। ਭਗਤ ਜੀ ਵੈਰਾਗੀ ਮਤ ਤੋਂ ਪਲਟ ਕੇ ਇਕ ਅਕਾਲ ਪੁਰਖ ਦੀ ਪੂਜਾ ਵੱਲ ਆਏ ਸੀ। ਆਪ ਨੇ ਫੋਕਟ ਕਰਮਾਂ ਤੋਂ ਕਿਨਾਰਾ ਕਰ ਲਿਆ ਪ੍ਰਮਾਤਮਾ ਦੀ ਭਗਤੀ ਦੇ ਮਾਰਗ 'ਤੇ ਪੈ ਗਏ। ਆਪ ਜੀ ਨੂੰ ਸ਼ਬਦ ਗੁਰੂ ਦੀ ਕਮਾਈ ਕਰ ਕੇ ਜਿੱਥੇ ਦਰਸ਼ਨ ਹੋਏ, ਉਥੇ ਆਪ ਜੀ ਪ੍ਰਮਾਤਮਾ ਦੇ ਦਰ 'ਤੇ ਪ੍ਰਵਾਨ ਹੋਏ। ਆਪ ਜੀ ਦੀ ਬਾਣੀ ਦਾ ਗੁਰਮਤਿ ਫਲਸਫ਼ੇ ਦੇ ਕਾਰਨ ਹੀ ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈ। ਸਮੁੱਚੇ ਸਿੱਖ ਧਰਮ ਦੀ ਗੁਰਮਤਿ ਅਨੁਸਾਰ ਅਗਵਾਈ ਕਰ ਰਹੀ ਹੈ।**

**ਭਗਤ ਰਾਮਾਨੰਦ ਜੀ ਜੀਵਨ ਅਤੇ ਬਾਣੀ ਉਪਦੇਸ਼**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਭਗਤਾਂ ਦੀ ਬਾਣੀ ਪ੍ਰਵਾਨ ਹੋਈ, ਉਹਨਾਂ ਵਿੱਚ ਭਗਤ ਰਾਮਾਨੰਦ ਜੀ ਵੀ ਹਨ। ਆਪ ਜੀ ਸੱਚੀ-ਸੁੱਚੀ ਪ੍ਰਭੂ ਪ੍ਰੀਤ ਦੁਆਰਾ ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਏ। ਆਪ ਜੀ ਨੇ ਜਾਤ-ਪਾਤ, ਉਚ-ਨੀਚ ਦੀਆਂ ਪੁਰਾਣੀਆਂ ਲੀਹਾਂ ਨੂੰ ਤੋੜਿਆ, ਉੱਥੇ ਹਰ ਇਕ ਮਨੁੱਖ ਨੂੰ ਪ੍ਰਮਾਤਮਾ ਦੀ ਭਗਤੀ ਲਈ ਪ੍ਰੇਰਨਾ ਦਿੱਤੀ। ਆਪ ਜੀ ਨੇ ਫੋਕਟ ਕਰਮਾ ਜਿਵੇਂ ਸੁੱਚ-ਭਿੱਟ, ਮੂਰਤੀ ਪੂਜਾ, ਤੀਰਥ ਇਸ਼ਨਾਨ ਆਦਿ ਦੀਆਂ ਮਿੱਥਾਂ ਨੂੰ ਤੋੜਿਆ, ਉੱਥੇ ਪ੍ਰਮਾਤਮਾ ਭਗਤੀ ਨੂੰ ਮਨੁੱਖੀ ਜੀਵਨ ਦਾ ਮਨੋਰਥ ਦੱਸਿਆ। ਆਪ ਜੀ ਨੇ ਭਗਤੀ ਲਹਿਰ ਵਿੱਚ, ਇਕ ਨਵਾਂ ਬਲ ਅਤੇ ਨਵੀਂ ਰੰਗਤ ਪ੍ਰਦਾਨ ਕੀਤੀ। ਕ੍ਰਿਸ਼ਨ ਲੀਲਾਵਾਂ ਤੇ ਰਾਸਾਂ ਕਾਰਨ ਸਮਾਜ ਨੂੰ ਇਕ ਖਾਸ ਵਹਿਣ ਵਿੱਚ ਵਹਿੰਦੇ ਦੇਖ ਕੇ, ਲੁਕਾਈ ਦਾ ਮੂੰਹ ਪ੍ਰਮਾਤਮਾ ਭਗਤੀ ਵੱਲ ਮੋੜਿਆ। ਇਸ ਵਿੱਚ ਆਪ ਜੀ ਸਫ਼ਲ ਵੀ ਹੋਏ।



ਭਗਤੀ ਮਾਰਗ ਵਿੱਚ ਦੱਬੀ-ਕੁਚਲੀਆਂ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਇਕ ਅਕਾਲ ਪੁਰਖ ਦੀ ਭਗਤੀ ਕਰਨ ਲਈ ਪ੍ਰੇਰਨਾ ਦਿੱਤੀ, ਉਸ ਸਮੇਂ ਭਗਤੀ ਕਰਨ ਦਾ ਹੱਕ ਬ੍ਰਾਹਮਣ ਨੂੰ ਹਾਸਲ ਸੀ। ਪਰ ਆਪ ਨੇ ਇਹ ਸਭ ਨੂੰ ਕੱਟਦੇ ਹੋਏ, ਨੀਵੀਆਂ ਜਾਤਾਂ ਦੇ ਲੋਕਾਂ ਵਿੱਚ ਧਾਰਮਿਕ ਜਾਗ੍ਰਿਤੀ ਦੀ ਗੱਲ ਕੀਤੀ, ਇਸ ਤਰ੍ਹਾਂ ਜਾਗ੍ਰਿਤੀ ਆਈ ਅਤੇ ਉਹ ਆਤਮਿਕ ਨਿਖਾਰ ਆਇਆ, ਪ੍ਰਮਾਤਮਾ ਦੇ ਦਰ ਤੇ ਪ੍ਰਵਾਨ ਹੋਏ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਨ ਜੀ ਤੇ ਭਗਤ ਧੰਨਾ ਜੀ ਇਸ ਦੀਆਂ ਉਦਾਹਰਨਾਂ ਹਨ।

**ਜਨਮ ਤੇ ਮਾਤਾ-ਪਿਤਾ:-**

ਭਾਈ ਕਾਨ੍ਹ ਸਿੰਘ ਨਾਭਾ ਨੇ ਆਪ ਜੀ ਦਾ ਜਨਮ ਅਤੇ ਜੀਵਨ ਬਾਰੇ ਪੰਨਾ 1036 ਤੇ ਵਿਸਥਾਰ ਨਾਲ ਲਿਖਿਆ ਹੈ ਇਸ ਅਨੁਸਾਰ ਕਾਨਯਕੁਬਜ ਬ੍ਰਹਮਣ ਭੂਰਿ-ਕਰਮਾ ਦੇ ਘਰ ਮਾਤਾ ਸੁਸ਼ੀਲੀ ਦੇ ਕੁੱਖੋਂ ਪੈਦਾ ਹੋਏ। ਮਾਤਾ ਪਿਤਾ ਨੇ ਆਪ ਦਾ ਨਾਮ ਰਾਮ ਦੱਸ ਰੱਖਿਆ, ਰਾਮਾਨੁਜ ਦੀ ਸੰਪ੍ਰਦਾਯ ਦਾ ਚੇਲਾ ਹੋ ਕੇ ਰਾਮਾਨੰਦ ਨਾਮ ਮਸ਼ਹੂਰ ਹੋਇਆ। ਵੈਸ਼ਨਵ ਮੱਤ ਦੀਆਂ ਚਾਰ ਪ੍ਰਧਾਨ ਸ਼ਾਖਾ ਹਨ- ਮਾਧਵ, ਵਿਸ਼ਨੂੰ, ਨਿੰਬਾਰਕ ਤੇ ਰਾਮਾਨੁਜੀ। ਆਪ ਦਾ ਰਾਮਾਨੁਜੀ ਸ਼ਾਖਾ ਦੇ ਚੌਥੇ ਥਾਵੇਂ ਹੋਏ ਹਨ।

ਗੁਰੂ ਪਰੰਪਰਾ ਇਉ ਹੈ-

ਸ੍ਰੀ ਰਾਮਾਨੁਜ
ਦੇਵਾ ਨੰਦ
ਹਰਿਆਨੰਦ
ਰਾਘਵ ਨੰਦ
ਰਾਮਾ ਨੰਦ

ਆਪ ਜੀ ਦਾ ਜਨਮ ਸੰਨ 1366 (ਸੰਮਤ 1423) ਵਿੱਚ ਪ੍ਰਯਾਗ (ਇਲਾਹਾਬਾਦ) ਵਿਖੇ ਹੋਇਆ ਸੀ।

ਗਿਆਨੀ ਪ੍ਰਤਾਪ ਸਿੰਘ ਦਾ ਮੱਤ ਹੈ ਕਿ ਰਾਮਾਨੰਦ ਜੀ ਦਾ ਜਨਮ ਸੰਮਤ 1356 ਬਿਕਰਮੀ ਵਿੱਚ ਹੋਇਆ, ਪਰ ਇਹ ਠੀਕ ਨਹੀਂ ਜਾਪਦਾ। ਇਤਿਹਾਸਕਾਰਾਂ ਅਨੁਸਾਰ ਭਗਤ ਕਬੀਰ ਜੀ ਦਾ ਜਨਮ 1451-55 (ਸੰਨ 1394-98) ਵਿੱਚ ਹੋਇਆ। ਇਸ ਹਾਲਾਤ ਵਿੱਚ ਉਸ ਸਮੇਂ 20-25 ਸਾਲ ਦੀ ਉਮਰ ਵਿੱਚ ਆਪ ਜੀ ਤੋਂ ਗੁਰੂ ਉਪਦੇਸ਼ ਲਿਆ ਹੋਵੇ ਤਾਂ ਆਪ ਜੀ ਦੀ ਉਮਰ 125 ਸਾਲ ਬਣ ਜਾਂਦੀ ਹੈ। ਆਪ ਜੀ ਦਾ ਉਸ ਤੋਂ ਬਾਅਦ ਵੀ ਜੀਵਨ ਹੋਵੇਗਾ। ਇਸ ਤਰ੍ਹਾਂ ਆਪ ਜੀ ਦੀ ਉਮਰ ਕਾਫ਼ੀ ਬਣ ਜਾਂਦੀ ਹੈ। ਜੋ ਸਹੀ ਨਹੀਂ ਜਾਪਦੀ। ਆਪ ਜੀ ਦਾ ਦੇਹਾਂਤ 1449 ਸਬੰਧੀ ਵਿਦਵਾਨ ਮੰਨਦੇ ਹਨ। ਇਹ ਬਿਕਰਮੀ 1357 ਬਣਦਾ ਹੈ। (ਭਗਤ ਦਰਸ਼ਨ, ਗਿਆਨੀ ਪ੍ਰਤਾਪ ਸਿੰਘ) ਮਹਾਨ ਕੋਸ਼ ਦੇ ਅਨੁਸਾਰ ਆਪ ਜੀ ਦਾ ਦੇਹਾਂਤ ਸੰਮਤ 1524 ਭਾਵ ਸੰਨ 1467 ਈ: ਮੰਨਦਾ ਹੈ। ਸੁਖਦੇਵ ਸਿੰਘ ਸ਼ਾਂਤ ਅਨੁਸਾਰ ਕਾਸ਼ੀ ਬਨਾਰਸ ਵਿੱਚ ਆਪ ਜੀ ਦਾ ਦੇਹਾਂਤ ਹੋਇਆ ਅਤੇ ਇਹ ਮਹਾਨ ਕੋਸ਼ ਨਾਲ ਸਹਿਮਤ ਹਨ। ਸਰੂਪ ਸਿੰਘ ਅਲੱਗ ਅਨੁਸਾਰ ਦੇਹਾਂਤ 1467 ਈ: ਗੰਗਾ ਦੇ ਕਿਨਾਰੇ ਪੰਜਾਗ ਘਾਟ ਤੇ ਹੋਇਆ ਹੈ, ਜਿੱਥੇ ਅੱਜ ਵੀ ਆਪ ਜੀ ਯਾਦਗਾਰ ਕਾਇਮ ਹੈ।

ਭਗਤ ਰਾਮਾਨੰਦ ਜੀ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਵਾਲੇ ਸਨ। ਉਹ ਸਾਧੂ ਸੰਤਾਂ ਦੀ ਸੰਗਤ ਅਤੇ ਸੇਵਾ ਵਿੱਚ ਅਨੰਦ ਮਹਿਸੂਸ ਕਰਦੇ ਸਨ। ਸ੍ਰੀ ਰਾਮਾਨੰਦ ਨੇ ਰਾਘਵਾਨੰਦ ਨੂੰ ਗੁਰੂ ਮੰਨਿਆ ਅਤੇ ਉਹਨਾਂ ਤੋਂ ਯੋਗ-ਅਭਿਆਸ ਅਤੇ ਦਸਮ ਦੁਆਰ ਬਾਰੇ ਸਿੱਖਿਆ ਪ੍ਰਾਪਤ ਕੀਤੀ। ਫਿਰ ਆਪ ਆਪਣੇ ਗੁਰੂ ਰਾਘਵਾਨੰਦ ਤੋਂ ਆਗਿਆ ਲੈ ਕੇ ਤੀਰਥ ਯਾਤਰਾ 'ਤੇ ਨਿਕਲੇ ਸਨ। ਤੀਰਥ-ਯਾਤਰਾ ਤੇ ਵੱਖ ਵੱਖ ਤੀਰਥ ਅਸਥਾਨਾਂ 'ਤੇ ਟਿਕਾਣਾ ਕੀਤਾ। ਇਸ ਦਰਮਿਆਨ ਕਈ ਮੱਤਾਂ ਬਾਰੇ ਜਾਣਕਾਰੀ ਪ੍ਰਾਪਤ

ਕੀਤੀ। ਆਪ ਨੇ ਮੁਸਲਮਾਨ ਮੱਤ ਬਾਰੇ ਮੌਲਵੀਆਂ ਅਤੇ ਸੂਫ਼ੀਆਂ ਨਾਲ ਪ੍ਰਮਾਤਮਾ ਅਤੇ ਉਸ ਦੇ ਸਰੂਪ ਆਦਿ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਸੱਚੇ ਪਾਤਸ਼ਾਹ ਪ੍ਰਮਾਤਮਾ ਦੇ ਗਾਡੀ ਰਾਹ ਤੇ ਜਦੋਂ ਸਮਝਦਾਰ ਇਨਸਾਨ ਚਲਦਾ ਹੈ ਤਾਂ ਸਚਾਈ ਨੂੰ ਸੌਖਿਆ ਹੀ ਪ੍ਰਾਪਤ ਕਰ ਲੈਂਦਾ ਹੈ। ਇਹਨਾਂ ਵਿਚਾਰ-ਚਰਚਾਵਾਂ ਆਦਿ ਕਾਰਨ ਭਗਤ ਰਾਮਾਨੰਦ ਜੀ ਦੇ ਵਿਚਾਰਾਂ ਵਿੱਚ ਵੀ ਕਾਫ਼ੀ ਬਦਲਾਵ ਆਇਆ। ਆਪ ਦੇ ਅੰਦਰੋਂ ਜਾਤ-ਪਾਤ, ਉਚ-ਨੀਚ ਦਾ ਭੇਦ-ਭਾਵ ਖ਼ਤਮ ਹੋ ਗਿਆ।

ਕਈ ਸਾਲ ਦੀ ਤੀਰਥ ਯਾਤਰਾ ਤੋਂ ਬਾਅਦ ਆਪ ਵਾਪਸ ਆਪਣੇ ਗੁਰੂ ਪਾਸ ਆ ਗਏ। ਆਪ ਦੇ ਗੁਰੂ ਦੇ ਬਾਕੀ ਚੇਲਿਆਂ ਨੇ ਤੀਰਥ ਯਾਤਰਾਵਾਂ ਦਾ ਹਾਲ ਪੁੱਛਿਆ ਤਾਂ ਆਪ ਜੀ ਦੇ ਵਿਚਾਰਾਂ ਅਨੁਸਾਰ ਸਾਰੇ ਇਨਸਾਨ ਬਰਾਬਰ ਹਨ। ਸਾਰਿਆਂ ਨੂੰ ਇਕੋ ਅਕਾਲ ਪੁਰਖ ਦੀ ਸ਼ਰਨ ਵਿੱਚ ਆਉਣਾ ਚਾਹੀਦਾ ਹੈ। ਫੋਕਟ ਕਰਮਾਂ ਜਿਵੇਂ ਮੂਰਤੀ ਨੂੰ ਭੋਗ ਲਵਾਉਣਾ (ਜਿਸ ਵਿੱਚ ਇਕ ਆਦਮੀ ਭੋਜਨ ਦੀ ਤਿਆਰੀ ਕਰਦਾ ਹੈ ਉਹ ਹੀ ਮੂਰਤੀ ਨੂੰ ਭੋਗ ਲਵਾਏ। ਅਗਰ ਹੋਰ ਕੋਈ ਭੋਜਨ ਦੇਖ ਲਵੇ ਤਾਂ ਭਿੱਟ ਜਾਂਦਾ ਹੈ। ਪਰਦਾ ਰੱਖ ਕੇ ਭੋਜਨ ਤਿਆਰ ਕਰਨਾ, ਪਰਦੇ ਵਿੱਚ ਹੀ ਭੋਗ ਲਾਉਣ ਆਦਿ) ਨਿਹਫਲ ਕਰਮ ਹਨ। ਇਹਨਾਂ ਵਿਚਾਰਾਂ ਕਾਰਨ ਆਪ ਜੀ ਦਾ ਸ੍ਰੀ ਰਾਘਵਾਨੰਦ ਦੇ ਹੋਰ ਚੇਲਿਆਂ ਨਾਲ ਮਤਭੇਦ ਵਧਦਾ ਗਿਆ ਤੇ ਆਪ ਜੀ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ।

ਆਪ ਦੇ ਵੱਖਰੇ ਵਿਚਾਰਾਂ ਕਾਰਨ ਆਪਣੇ ਗੁਰੂ ਰਾਘਵਨੰਦ ਦੀ ਆਗਿਆ ਨਾਲ ਆਪ ਨੇ ਵੱਖਰਾ ਰਾਮਾਨੰਦੀ ਰਾਮਵਤ ਜਾਂ ਵੈਰਾਗੀ ਮੱਤ ਚਲਾਇਆ। ਇਸ ਦਾ ਪ੍ਰਚਾਰ ਕਰਨ ਲਈ ਆਪ 12 ਪ੍ਰਮੁੱਖ ਚੇਲੇ ਥਾਪੇ, ਜਿਹੜੇ ਇਸ ਪ੍ਰਕਾਰ ਹਨ, ਇਹਨਾਂ ਦੇ ਨਾਂ: ਅਨੰਦਨੰਦ, ਸੁਰਸੁਰਾਨੰਦ, ਸੁਖਾਨੰਦ, ਨਰਹਯਾਨੰਦ, ਯੋਗਾਨੰਦ, ਪੀਪਾ, ਕਬੀਰ, ਭਾਵਾਨੰਦ, ਸੈਣ, ਧਨੇਸੑਰ, ਗਾਲਵਾਨੰਦ ਅਤੇ ਰਮਾਦਾਸ ਹਨ। ਆਪ ਜੀ ਦੇ ਚੇਲਿਆ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਣ ਜੀ, ਪੀਪਾ ਜੀ ਅਤੇ ਧੰਨਾ ਜੀ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈ ਹੈ।

ਭਗਤ ਰਾਮਾਨੰਦ ਜੀ ਸੰਸਕ੍ਰਿਤ ਭਾਸ਼ਾ ਦੇ ਵੀ ਬੜੇ ਵੱਡੇ ਵਿਦਵਾਨ ਸਨ। ਆਪ ਜੀ ਨੇ ਸੰਸਕ੍ਰਿਤ ਵਿੱਚ 'ਵੈਸ਼ਣਵ ਮੱਤ ਭੁਜ ਭਾਸਕਰ' ਅਤੇ 'ਸ੍ਰੀ ਰਾਮ ਚਰਨ ਪੱਧਤੀ' ਨਾਮ ਦੀਆਂ ਪੁਸਤਕਾਂ ਵੀ ਲਿਖੀਆਂ। ਆਪ ਜੀ ਵੱਲੋਂ ਚਲਾਈ 'ਰਾਮਾਵਤ ਸੰਪਰਦਾ' ਵਿੱਚ ਵਰਣ ਵੰਡ ਲਈ ਕੋਈ ਥਾਂ ਨਹੀਂ ਸੀ। ਜਦ ਕਿ ਰਾਮਾਨੁਜ ਜੀ ਦੀ ਸ੍ਰੀ ਵੈਸ਼ਨਵ ਸੰਪਰਦਾ ਜਾਤ-ਪਾਤ ਦੀ ਵਰਣ ਵੰਡ ਨੂੰ ਸਖ਼ਤੀ ਨਾਲ ਮੰਨਦੀ ਸੀ। ਆਪ ਜੀ ਦੀ ਸਮਾਜ ਨੂੰ ਇਹ ਬਹੁਤ ਵੱਡੀ ਦੇਣ ਸੀ ਕਿ ਭਗਤੀ ਮਾਰਗ ਵਿੱਚ ਜਾਤ-ਪਾਤ, ਉਚ-ਨੀਚ, ਸੁੱਚ-ਭਿੱਟ ਆਦਿ ਕੁਰੀਤੀਆਂ (ਫੋਕਟ ਕਰਮਾਂ) ਲਈ ਕੋਈ ਥਾਂ ਨਹੀਂ ਸੀ। ਬ੍ਰਾਹਮਣ ਵੱਲੋਂ ਵਰਤੇ ਵਰਣ ਵੰਡ ਦੇ ਸਿਧਾਂਤ ਨੂੰ ਆਪ ਜੀ ਨੇ ਮੁੱਢੋ ਹੀ ਨਕਾਰਿਆ ਅਤੇ ਭਗਤੀ ਲਹਿਰ ਰਾਹੀਂ ਭਾਰਤੀ ਸਮਾਜ ਵਿੱਚ ਨਵਾਂ ਅਧਿਆਏ ਜੋੜਿਆ।

**ਬਾਣੀ:-** ਆਪ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 1195 ਤੇ ਰਾਗ ਬਸੰਤ ਵਿੱਚ ਦਰਜ ਹੈ। ਆਪ ਜੀ ਨੇ ਇਸ ਸ਼ਬਦ ਰਾਹੀਂ ਦੱਸਿਆ, ਜਿੱਥੇ ਮਰਜੀ ਚਲੇ ਜਾਈਏ, ਪ੍ਰਮਾਤਮਾ ਹਰ ਥਾਂ ਹਾਜ਼ਰ ਹੈ। ਉਹ ਜਲ ਵਿੱਚ, ਥਲ ਵਿੱਚ, ਪੱਥਰ ਵਿੱਚ ਵੀ ਹੈ। ਪੁਰਾਤਨ ਗ੍ਰੰਥ ਪੜ੍ਹਨ ਤੇ ਇਹ ਸਿੱਖਿਆ ਮਿਲਦੀ ਹੈ ਕਿ ਪ੍ਰਮਾਤਮਾ ਕਣ ਕਣ ਵਿੱਚ ਹੈ। ਉਹ ਮਨੁੱਖ ਦੇ ਹਿਰਦੇ ਵਿੱਚ ਮੌਜੂਦ ਹੈ। ਤੀਰਥਾਂ ਤੇ ਜਾਣ ਦੀ ਲੋੜ ਨਹੀਂ ਪੈਂਦੀ ਹੈ। ਉਹ ਇੱਕ ਹੈ, ਸਰਵ-ਵਿਆਪਕ ਹੈ। ਉਸ ਦੀ ਪ੍ਰਾਪਤੀ ਕਰਮ ਕਾਂਡਾਂ ਰਾਹੀਂ ਨਹੀਂ ਹੋ ਸਕਦੀ, ਨਾ ਹੀ ਤੀਰਥ ਯਾਤਰਾਵਾਂ ਨਾਲ ਹੋ ਸਕਦੀ ਹੈ। ਗੁਰੂ ਉਪਦੇਸ਼ 'ਤੇ ਚਲ ਕੇ ਉਸ ਦੀ ਪ੍ਰਾਪਤੀ ਹੋ ਸਕਦੀ ਹੈ।

**ਭਗਤ ਰਾਮਾਨੰਦ ਜੀ ਬਾਰੇ ਭੁਲੇਖੇ:-** ਗੁਰੂ ਗ੍ਰੰਥ ਸਾਹਿਬ ਵਿੱਚ ਜਿਹਨਾਂ ਗੁਰੂ ਵਿਅਕਤੀਆਂ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਮੌਜੂਦ ਹੈ ਸਭ ਦੀ ਬਾਣੀ ਗੁਰਮਤਿ ਦੇ ਸਿਧਾਂਤਾਂ ਤੇ ਪੂਰੀ ਉਤਰੀ ਹੈ। ਇਸ ਵਿੱਚ ਕਈ ਵਿਦਵਾਨਾਂ (20ਵੀਂ ਸਦੀ ਦੇ ਸਥਾਪਤੀ ਸਾਲਾ ਵਿੱਚ) ਭਗਤ ਬਾਣੀ ਨੂੰ ਗੁਰਬਾਣੀ ਦੇ ਬਰਾਬਰ ਨਹੀਂ ਮੰਨਦੇ ਹਨ। ਗੁਰੂ ਅਰਜਨ ਸਾਹਿਬ ਜੀ ਨੇ ਪਰਖ ਕੇ ਹੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਹੈ। ਸਾਡੀ ਸਮਝ ਗੁਰੂ ਦੇ ਬਰਾਬਰ ਦੀ ਕਦੇ ਵੀ ਨਹੀਂ ਹੋ ਸਕਦੀ।

ਪ੍ਰੋ. ਸਾਹਿਬ ਸਾਹਿਬ ਸਿੰਘ ਜੀ ਇਹਨਾਂ ਇਤਰਾਜਾਂ ਅਤੇ ਉਹਨਾਂ ਭੁਲੇਖਿਆਂ ਦਾ ਵਿਸਥਾਰ ਪੂਰਵਕ ਵਰਨਣ ਕਰਦੇ ਹਨ। ਭਗਤ ਬਾਣੀ ਦੇ ਵਿਰੋਧੀ ਦਾ ਇਤਰਾਜ ਇਸ ਤਰ੍ਹਾਂ ਹੈ।

ਭਗਤ ਰਾਮਾਨੰਦ ਜੀ ਮੂਰਤੀ ਪੂਜਕ ਅਤੇ ਵੇਦਾਂਤ ਦੇ ਪੱਕੇ ਸ਼ਰਧਾਲੂ ਸਨ। ਇਹਨਾਂ ਨੇ ਕਾਸ਼ੀ ਵਿੱਚ ਆ ਕੇ ਛੂਤ-ਛਾਤ ਦੇ ਆਸ਼ੇ ਦੀ ਵਿਰਾਗੀ ਮੱਤ ਦੀ ਸ਼ਾਖ ਚਲਾਈ। ਗੁਸਾਈ ਜੀ ਨੇ ਕਰਮ-ਕਾਂਡ ਵਿੱਚ ਕਾਫ਼ੀ ਸਮਾਂ ਬਿਰਤੀ ਰੱਖੀ, ਜੰਞੂ ਤਿਲਕ ਆਦਿ ਚਿੰਨ੍ਹਾਂ ਦੇ ਅਖੀਰ ਤੱਕ ਪਾਬੰਦ ਰਹੇ। ਆਪ ਦੇ ਸ਼ਬਦ ਵਿੱਚ ਵੇਦਾਂਤ ਮਤ ਦੀ ਝਲਕ ਹੈ, ਪਰ ਆਪ ਵੈਰਾਗੀ ਸੀ। ਆਪ ਜੀ ਕਿਰਿਆ ਕਰਮ ਕਾਂਡੀ ਹੈ। ਆਪ ਪੀਲੇ ਬਸਤਰ ਪਹਿਨਦੇ ਸੀ, ਜੋ ਵਿਸ਼ਨੂੰ ਦਾ ਰੰਗ ਮੰਨਿਆ ਜਾਂਦਾ ਹੈ।

ਸ਼ਬਦ ਵਿੱਚ ਲਫ਼ਜ਼ 'ਰਾਮਾਨੰਦ ਸੁਆਮੀ' ਆਇਆ ਹੈ। ਆਪ ਜੀ ਦਾ ਸ਼ਬਦ ਆਪ ਜੀ ਦੇ ਕਿਸੇ ਚੇਲੇ ਦਾ ਹੋ ਸਕਦਾ ਹੈ ਜਾਂ ਰਾਮਾਨੰਦ ਨੇ ਸਾਰੀ ਉਮਰ ਇਕ ਹੀ ਸ਼ਬਦ ਉਚਾਰਣ ਕੀਤਾ ਆਦਿ ਮਨਘੜਤ ਇਤਰਾਜ਼ ਦਰਜ ਕੀਤੇ ਹਨ। ਮੂਲ ਰੂਪ ਵਿੱਚ ਇਹ ਇਤਰਾਜ ਇਸ ਤਰ੍ਹਾਂ ਬਣਦੇ ਹਨ।

1. ਸ਼ਬਦ ਵਿੱਚ ਵੇਦਾਂਤ ਦੀ ਝਲਕ ਮਿਲਦੀ ਹੈ।

2. ਮੰਦਰ ਦੀ ਪੂਜਾ ਦਾ ਜ਼ਿਕਰ ਉਲਟਾ ਹੈ। ਇਸ ਤੋਂ ਹੈਰਾਨੀ ਹੁੰਦੀ ਹੇ ਕਿ ਸ਼ਬਦ ਆਪ ਦੇ ਮਤ ਦੇ ਵਿਰੋਧ ਹੈ।

3. ਭਗਤ ਜੀ ਦੇ ਸ਼ਬਦ ਵਿੱਚ ਸੁਆਮੀ ਆਉਂਦਾ ਹੈ। ਇਹ ਸੁਆਮੀ ਆਪ ਜੀ ਨੇ ਆਪਣੇ ਬਾਰੇ ਲਿਖਿਆ ਹੈ ਜਾਂ ਇਸ ਸ਼ਬਦ ਆਪ ਜੀ ਦਾ ਨਹੀਂ ਹੈ। ਇਹ ਆਪ ਜੀ ਦੇ ਚੇਲੇ ਦਾ ਹੋ ਸਕਦਾ ਹੈ।

4. ਕੀ ਸਾਰੀ ਉਮਰ ਆਪ ਜੀ ਨੇ ਇਕ ਹੀ ਸ਼ਬਦ ਉਚਾਰਿਆ। ਇਹਨਾਂ ਇਤਰਾਜ਼ਾਂ ਉੱਤੇ ਵਿਚਾਰ ਇਸ ਪ੍ਰਕਾਰ ਹੈ।

(1) ਜੇਕਰ ਇਹ ਵੇਦਾਂਤ ਦੀ ਝਲਕ ਹੈ ਤਾਂ ਹੇਠ ਲਿਖੀਆਂ ਤੁਕਾਂ ਵਿੱਚ ਗੁਰਮਤਿ ਸਿਧਾਂਤ ਹੀ ਹੈ।

(ੳ) ਸੋ ਬ੍ਰਹਮ ਬਤਾਇਓ ਗੁਰ ਮਨ ਗਾਹਿ॥

(ਅ) ਤੂ ਪੂਰਿ ਰਹਿਓ ਸਭ ਸਮਾਨ॥

(ੲ) ਰਾਮਾਨੰਦ ਸੁਆਮੀ ਰਮਤ ਬ੍ਰਹਮ॥

(2) ਭਗਤ ਜੀ ਸ਼ਬਦ ਵਿੱਚ ਤੀਰਥ ਅਸਥਾਨਾਂ ਦੀ ਇਸ਼ਨਾਨ ਅਤੇ ਮੂਰਤੀ ਪੂਜਾ ਨਾਲ ਮਨ ਦੇ ਭਰਮ ਨਹੀਂ ਕੱਟੇ ਜਾ ਸਕਦੇ।

(3) ਤੁੱਕ 'ਰਾਮਾਨੰਦ ਸੁਆਮੀ ਰਮਤ ਬ੍ਰਹਮ' ਵਿੱਚ ਸੁਆਮੀ ਸ਼ਬਦ ਪ੍ਰਮਾਤਮਾ ਲਈ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਵੀ ਅਕਾਲ ਪੁਰਖ ਲਈ ਵਰਤਿਆ ਹੈ।

**(ੳ) ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ॥**

**(1230)**

ਜਿਸ ਤਰ੍ਹਾਂ ਇੱਥੇ ਨਾਨਕ ਦਾ ਸੁਆਮੀ ਪ੍ਰਮਾਤਮਾ ਹੈ, ਉਸੇ ਤਰ੍ਹਾਂ ਹੀ ਰਾਮਨੰਦ ਸੁਆਮੀ ਦਾ ਅਰਥ ਰਾਮਾਨੰਦ ਦਾ ਸੁਆਮੀ ਹੈ।

**(ਅ) ਨਾਨਕ ਸਾਹਿਬੁ ਅਗਮ ਅਗੋਚਰੁ ਜੀਵਾ ਸਚੀ ਨਾਈ॥ (688)**

**(ੲ) ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ॥ (688)**

ਭਗਤ ਜੀ ਨੇ ਸਮਾਜ ਵਿੱਚ ਊਚ ਨੀਚ, ਜਾਤ-ਪਾਤ ਵਿਰੁੱਧ ਆਵਾਜ਼ ਉਠਾਈ, ਸਾਰਾ ਸਮਾਂ ਪ੍ਰਚਾਰ ਤੇ ਲਗਾਇਆ। ਉਹਨਾਂ ਨੇ ਊਚ ਨੀਚ, ਜਾਤ-ਪਾਤ ਲਈ ਪ੍ਰਚਾਰ ਕੀਤਾ। ਇਹਨਾਂ ਕੁਰੀਤੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਹੈ ਜਾਂ ਇਹ ਕੁਰੀਤੀਆਂ ਖ਼ਤਮ ਕੀਤੀਆਂ।

(ਸ) ਜਿੱਥੇ ਤੱਕ ਇਹ ਕਿ ਭਗਤ ਜੀ ਦੇ ਪਹਿਲੇ ਜੀਵਨ ਵਿੱਚ ਵੇਦਾਂਤ ਦੀ ਝਲਕ ਮਿਲਦੀ ਹੈ। ਗੁਰੂ ਅੰਗਦ ਸਾਹਿਬ ਜੀ ਤੇ ਗੁਰੂ ਅਮਰਦਾਸ ਵੀ ਪਹਿਲਾਂ ਦੇਵੀ ਦੇ ਪੂਜਕ ਸਨ ਪਰ ਜਦੋਂ ਜੀਵਨ ਪਲਟਿਆ, ਆਪ ਗੁਰਮਤਿ ਨੂੰ ਪ੍ਰਣਾਏ ਗਏ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਗੁਰਿਆਈ ਦੀ ਜਿੰਮੇਵਾਰੀ ਵੀ ਮਿਲੀ।

ਉਪਰੋਕਤ ਵਿਚਾਰ ਚਰਚਾ ਵਿੱਚ ਇਹ ਗੱਲ ਸਾਫ਼ ਹੁੰਦੀ ਹੈ ਕਿ ਭਗਤ ਜੀ ਉੱਚ ਧਾਰਮਿਕ ਅਤੇ ਅਧਿਆਤਮਕ ਅਵਸਥਾ ਨੂੰ ਪਹੁੰਚੇ ਹੋਏ ਸੀ। ਆਪ ਜੀ ਦੀ ਸੋਚ ਗੁਰਮਤਿ ਦੇ ਫਲਸਫ਼ੇ ਅਨੁਸਾਰ ਹੈ। ਭਗਤ ਰਾਮਾਨੰਦ ਜੀ ਦੀ ਬਾਣੀ ਵਿੱਚ ਗੁਰਮਤਿ ਵਿਚਾਰ।

**1) ਅਕਾਲ ਪੁਰਖ ਇਕ ਹੈ ਉਸ ਤੇ ਹੀ ਨਿਸ਼ਚਾ ਰੱਖੋ:–** ਮਨੁੱਖਾ ਜੀਵਨ ਨੂੰ ਸਫ਼ਲ ਕਰਨ ਲਈ ਇਕ ਪ੍ਰਮਾਤਮਾ ਤੇ ਵਿਸ਼ਵਾਸ ਕਰਕੇ ਉਸ ਦਾ ਸਿਮਰਨ (ਸਿਫ਼ਤ-ਸਾਲਾਹ) ਕਰਨਾ ਚਾਹੀਦਾ ਹੈ। ਆਪ ਨਿਰਗੁਣ ਭਗਤੀ ਦੇ ਸਿਧਾਤਾਂ ਦਾ ਪ੍ਰਚਾਰ ਕੀਤਾ। ਆਪ ਅਨੁਸਾਰ ਪ੍ਰਮਾਤਮਾ ਹਰ ਥਾਂ ਮੌਜੂਦ ਹੈ ਅਤੇ ਸਰਵ-ਵਿਆਪਕ ਹੈ। ਇਹ ਗੁਰਮਤਿ ਵਿਚਾਰ ਨਾਲ ਮੇਲ ਖਾਂਦਾ ਹੈ। ਤਥਾ:-

**ਰਾਮਾਨੰਦ ਸੁਆਮੀ ਰਮਤ ਬ੍ਰਹਮ॥ (1195)**

(ਰਾਮਾਨੰਦ ਦਾ ਸੁਆਮੀ ਪ੍ਰਭੂ ਹਰ ਥਾਂ ਰਮਿਆ ਹੋਇਆ ਹੈ ਤੇ ਮੌਜੂਦ ਹੈ।)

**ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ (1195)**

2) ਪ੍ਰਮਾਤਮਾ ਹਿਰਦੇ ਵਿੱਚ ਵੱਸਦਾ ਹੈ। ਗੁਰਮਤਿ ਸਿਧਾਂਤ ਅਨੁਸਾਰ ਪ੍ਰਮਾਤਮਾ ਬਾਹਰ ਨਹੀਂ ਹੈ, ਇਹ ਮਨੁੱਖ ਦੇ ਅੰਦਰ ਵਸਦਾ ਹੈ। ਤੀਰਥਾਂ 'ਤੇ ਜਾਣਾ, ਮੂਰਤੀਆਂ ਦੀ ਪੂਜਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਪ੍ਰਮਾਤਮਾ ਸਾਰੇ ਸੰਸਾਰ ਵਿੱਚ ਵਸਦਾ ਹੈ। ਉਹ ਸਾਡੇ ਦਿਲ ਵਿੱਚ ਵੀ ਵਸਦਾ ਹੈ।

**(ੳ) ਕਤ ਜਾਈਐ ਰੇ ਘਰ ਲਾਗੋ ਰੰਗੁ॥**
**ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥1॥ ਰਹਾਉ॥ (1195)**

**(ਅ) ਬੇਦ ਪੁਰਾਨ ਸਭ ਦੇਖੇ ਜੋਇ॥**
**ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥2॥ (1195)**

**ਕਈ ਸਾਲ ਦੀ ਤੀਰਥ ਯਾਤਰਾ ਤੋਂ ਬਾਅਦ ਆਪ ਵਾਪਸ ਆਪਣੇ ਗੁਰੂ ਪਾਸ ਆ ਗਏ। ਆਪ ਦੇ ਗੁਰੂ ਦੇ ਬਾਕੀ ਚੇਲਿਆਂ ਨੇ ਤੀਰਥ ਯਾਤਰਾਵਾਂ ਦਾ ਹਾਲ ਪੁੱਛਿਆ ਤਾਂ ਆਪ ਜੀ ਦੇ ਵਿਚਾਰਾਂ ਅਨੁਸਾਰ ਸਾਰੇ ਇਨਸਾਨ ਬਰਾਬਰ ਹਨ। ਸਾਰਿਆਂ ਨੂੰ ਇਕੋ ਅਕਾਲ ਪੁਰਖ ਦੀ ਸ਼ਰਨ ਵਿੱਚ ਆਉਣਾ ਚਾਹੀਦਾ ਹੈ। ਫੋਕਟ ਕਰਮਾਂ ਜਿਵੇਂ ਮੂਰਤੀ ਨੂੰ ਭੋਗ ਲਵਾਉਣਾ (ਜਿਸ ਵਿੱਚ ਇਕ ਆਦਮੀ ਭੋਜਨ ਦੀ ਤਿਆਰੀ ਕਰਦਾ ਹੈ ਉਹ ਹੀ ਮੂਰਤੀ ਨੂੰ ਭੋਗ ਲਵਾਏ। ਅਗਰ ਹੋਰ ਕੋਈ ਭੋਜਨ ਦੇਖ ਲਵੇ ਤਾਂ ਭਿੱਟ ਜਾਂਦਾ ਹੈ। ਪਰਦਾ ਰੱਖ ਕੇ ਭੋਜਨ ਤਿਆਰ ਕਰਨਾ, ਪਰਦੇ ਵਿੱਚ ਹੀ ਭੋਗ ਲਾਉਣ ਆਦਿ) ਨਿਹਫਲ ਕਰਮ ਹਨ। ਇਹਨਾਂ ਵਿਚਾਰਾਂ ਕਾਰਨ ਆਪ ਜੀ ਦਾ ਸ੍ਰੀ ਰਾਘਵਾਨੰਦ ਦੇ ਹੋਰ ਚੇਲਿਆਂ ਨਾਲ ਮਤਭੇਦ ਵਧਦਾ ਗਿਆ ਤੇ ਆਪ ਜੀ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ।**

**3) ਗੁਰੂ ਅਤੇ ਗੁਰੂ ਸ਼ਬਦ:–** ਭਗਤੀ ਮਾਰਗ ਵਿੱਚ ਪ੍ਰਮਾਤਮਾ ਪਾਉਣ ਲਈ ਗੁਰੂ ਦੀ ਲੋੜ ਬਹੁਤ ਪੈਂਦੀ ਹੈ। ਗੁਰੂ ਮਨੁੱਖ ਦੀ ਸਮੁੱਚੀ ਅਗਵਾਈ ਕਰਦਾ ਹੈ। ਮਨੁੱਖ ਤੇ ਪ੍ਰਮਾਤਮਾ ਵਿੱਚ ਸਾਂਝ ਪਾਉਂਦਾ ਹੈ। ਗੁਰੂ ਸ਼ਬਦ ਅਟੱਲ ਆਤਮਕ ਸੱਚਾਈਆਂ ਤੇ ਉੱਚੀਆਂ ਕਦਰਾਂ ਕੀਮਤਾਂ ਨਾਲ ਭਰਪੂਰ ਹੋਣ ਕਰਕੇ ਮਨੁੱਖੀ ਮਨ ਵਿੱਚ ਪਾਪ-ਸੰਸਕਾਰ ਤੇ ਕੀਤੇ ਕਰਮਾਂ ਦੇ ਸੰਸਕਾਰ ਨਸ਼ਟ ਕਰ ਦਿੰਦਾ ਹੈ।

**(ੳ) ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ (1195)**

**(ਅ) ਗੁਰ ਕਾ ਸਬਦੁ ਕਾਟੈ ਕੋਟਿ ਕਰਮ॥3॥ (1195)**

**(ੲ) ਸਤਿਗੁਰ ਮੈ ਬਲਿਹਾਰੀ ਤੋਰ॥**
**ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥ (1195)**

**4) ਫੋਕਟ ਕਰਮਾਂ ਦਾ ਤਿਆਗ:–** ਭਗਤ ਰਾਮਾਨੰਦ ਜੀ ਨੇ ਵੈਸ਼ਨਵ ਮੱਤ ਦੇ ਕਰਮ ਕਾਂਡ ਨੂੰ ਨਿਹਫਲ ਦੱਸਿਆ। ਇਹਨਾਂ ਦੇ ਤਿਆਗ ਕਰਨ ਦਾ ਉਪਦੇਸ਼ ਦਿੱਤਾ ਹੈ।

**ਜਹਾ ਜਾਈਐ ਤਹ ਜਲ ਪਖਾਨ॥**
**ਤੂ ਪੂਰਿ ਰਹਿਓ ਹੈ ਸਭ ਸਮਾਨ॥**
**ਬੇਦ ਪੁਰਾਨ ਸਭ ਦੇਖੇ ਜੋਇ॥**
**ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥ (1195)**

**5) ਮੂਰਤੀ ਪੂਜਾ ਦੀ ਲੋੜ ਨਹੀਂ:–** ਪ੍ਰਮਾਤਮਾ ਕਿਉਂਕਿ ਸਰਵ-ਵਿਆਪਕ ਹੈ ਤੇ ਜੀਵਾਂ ਦੇ ਹਿਰਦੇ ਵਿੱਚ ਵਸਦਾ ਹੈ। ਇਸ ਲਈ ਧਰਮ ਅਸਥਾਨ ਵਿੱਚ ਜਾ ਕੇ ਪੱਥਰ ਜਾਂ ਧਾਤੂ ਦੀ ਬਣੀ ਮੂਰਤੀ ਨੂੰ ਸ਼ਿੰਗਾਰਨ ਜਾਂ ਉਸ ਦੀ ਪੂਜਾ ਕਰਨ ਦਾ ਕੋਈ ਲਾਭ ਨਹੀਂ:

**ਏਕ ਦਿਵਸ ਮਨ ਭਈ ਉਮੰਗ॥**
**ਘਸਿ ਚੰਦਨ ਚੋਆ ਬਹੁ ਸੁਗੰਧ॥**
**ਪੂਜਨ ਚਾਲੀ ਬ੍ਰਹਮ ਠਾਇ॥**
**ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ (1195)**

**ਸਾਰੰਸ਼:–** ਭਗਤ ਰਾਮਾਨੰਦ ਨੇ ਕਰੜੀ ਘਾਲ ਕਮਾਈ ਕਰਕੇ ਉੱਚ ਆਤਮਿਕ ਅਵਸਥਾ ਪ੍ਰਾਪਤ ਕੀਤੀ। ਭਗਤ ਜੀ ਵੈਰਾਗੀ ਮਤ ਤੋਂ ਪਲਟ ਕੇ ਇਕ ਅਕਾਲ ਪੁਰਖ ਦੀ ਪੂਜਾ ਵੱਲ ਆਏ ਸੀ। ਆਪ ਨੇ ਫੋਕਟ ਕਰਮਾਂ ਤੋਂ ਕਿਨਾਰਾ ਕਰ ਲਿਆ ਪ੍ਰਮਾਤਮਾ ਦੀ ਭਗਤੀ ਦੇ ਮਾਰਗ 'ਤੇ ਪੈ ਗਏ। ਆਪ ਜੀ ਨੂੰ ਸ਼ਬਦ ਗੁਰੂ ਦੀ ਕਮਾਈ ਕਰ ਕੇ ਜਿੱਥੇ ਦਰਸ਼ਨ ਹੋਏ, ਉਥੇ ਆਪ ਜੀ ਪ੍ਰਮਾਤਮਾ ਦੇ ਦਰ 'ਤੇ ਪ੍ਰਵਾਨ ਹੋਏ। ਆਪ ਜੀ ਦੀ ਬਾਣੀ ਦਾ ਗੁਰਮਤਿ ਫਲਸਫ਼ੇ ਦੇ ਕਾਰਨ ਹੀ ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈ। ਸਮੁੱਚੇ ਸਿੱਖ ਧਰਮ ਦੀ ਗੁਰਮਤਿ ਅਨੁਸਾਰ ਅਗਵਾਈ ਕਰ ਰਹੀ ਹੈ।

-0-

# ਮਾਲ਼ਾ

-ਜੋਬਨਪਾਲ ਸਿੰਘ # 70875-52250

**ਪ੍ਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖ, ਇਹੀ ਹੈ ਸਭ ਤੋਂ ਸ੍ਰੇਸ਼ਟ ਕਰਨ ਯੋਗ ਕੰਮ, ਇਹੀ ਹੈ ਮਾਲਾ। ਇਸ ਹਰਿ ਨਾਮ ਸਿਮਰਨ ਦੀ ਮਾਲ਼ਾ ਤੂੰ ਆਪਣੇ ਹਿਰਦੇ ਵਿਚ ਫੇਰਿਆ ਕਰ। ਇਹ ਹਰਿ ਨਾਮ ਤੇਰੇ ਨਾਲ ਹਮੇਸ਼ਾਂ ਰਹੇਗਾ। ਸੋ ਇਸ ਤਰ੍ਹਾਂ ਸਾਨੂੰ ਇਸ ਸਾਰੀ ਵਿਚਾਰ ਤੋਂ ਇਹ ਪਤਾ ਚੱਲਿਆ ਹੈ ਕਿ ਗੁਰੂ ਸਾਹਿਬ ਨੇ ਗੁਰਬਾਣੀ ਅੰਦਰ ਅਸਲ ਮਾਲ਼ਾ ਦੀ ਕੀ ਵਿਆਖਿਆ ਦਿੱਤੀ ਹੈ। ਜਿਸ ਨੂੰ ਅਸੀਂ ਆਪਣੇ ਜੀਵਨ 'ਚ ਰੋਜ਼ ਫੇਰੀਏ ਤੇ ਇਸ ਮਾਲ਼ਾ ਬਾਰੇ ਪੂਰੀ ਮਨੁੱਖਤਾ ਲੋਕਾਈ ਨੂੰ ਦੱਸੀਏ ਕਿ ਅਸਲ ਮਾਲ਼ਾ ਗੁਰਮਤਿ ਅਨੁਸਾਰ ਇਹ ਹੈ।**

ਜਦੋਂ ਤੇ ਮਨੁੱਖ ਨੇ ਹੋਸ਼ ਸੰਭਾਲਿਆ ਹੈ। ਤਦੋਂ ਤੇ ਉਹ ਹੌਲੀ-ਹੌਲੀ ਵਿਕਾਸ ਦੀਆਂ ਪੌੜੀਆਂ ਚੜਨੀਆਂ ਸ਼ੁਰੂ ਹੋ ਗਿਆ ਹੈ। ਮੁੱਢਲੇ ਸਮਿਆਂ ਵਿਚ ਮਨੁੱਖ ਨੇ ਕਬੀਲਦਾਰੀ ਵਿਚ ਰਹਿਣਾ ਸ਼ੁਰੂ ਕੀਤਾ।ਤਾਂ ਕਿ ਆਪਣੀ ਸਾਂਝੀ ਸ਼ਕਤੀ ਦੁਆਰਾ ਵਿਰੋਧੀਆਂ ਤੋਂ ਬਚ ਸਕੇ। ਕਬੀਲੇ ਦੇ ਲੋਕਾਂ ਨੂੰ ਇਕੱਠੇ ਰੱਖਣ ਲਈ ਕੁਝ ਨਿਸ਼ਾਨੀਆਂ, ਚਿੰਨ੍ਹ ਧਾਰਨ ਕਰਵਾਏ। ਉਹਨਾਂ ਸਮਿਆਂ ਵਿਚੋਂ ਕਬੀਲਿਆ ਦੀ ਪਹਿਚਾਣ ਰੱਖਣ ਲਈ ਕਿ ਕੁਝ ਚਿੰਨ ਚੁਣੇ ਗਏ। ਜਿਵੇਂ ਕਿਸੇ ਖਾਸ ਕਿਸਮ ਦੀਆਂ ਹੱਡੀਆਂ ਦੀ ਮਾਲਾ ਪਹਿਨਣੀ। ਇਸ ਤਰ੍ਹਾਂ ਉਹਨਾਂ ਦੇ ਕਬੀਲਿਆਂ ਦੀ ਵੱਖੋ ਵੱਖਰੀ ਪਹਿਚਾਣ ਬਣੀ ਰਹਿੰਦੀ ਸੀ। ਪਰ ਹੌਲੀ-ਹੌਲੀ ਮਨੁੱਖ ਨੇ ਕਬੀਲਿਆਂ ਦੇ ਮੁਖੀਆਂ ਨੂੰ ਹੀ ਦੇਵਤੇ ਬਣਾ ਕੇ ਪੂਜਣਾ ਸ਼ੁਰੂ ਕਰ ਦਿੱਤਾ। ਦੁਨੀਆਂ ਦੇ ਹਰ ਇਕ ਧਰਮ ਨੇ ਪ੍ਰਮਾਤਮਾ ਨੂੰ ਯਾਦ ਕਰਨ ਲਈ ਕਿਹਾ ਹੈ। ਅਸਲ ਵਿਚ ਪ੍ਰਮਾਤਮਾ ਨੂੰ ਯਾਦ ਕਰਨ ਲਈ ਕਿਹਾ ਹੈ। ਪ੍ਰਮਾਤਮਾ ਨੂੰ ਯਾਦ ਕਰਨ ਦਾ ਅਰਥ ਹੈ ਕਿ ਪ੍ਰਮਾਤਮਾ ਦੇ ਗੁਣ ਸਾਡੇ ਜੀਵਨ ਵਿਚ ਆ ਜਾਣ। ਪਰ ਜੇ ਇਹ ਗੁਣ ਸਾਡੇ ਜੀਵਨ ਵਿਚ ਨਹੀਂ ਤਾਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਪ੍ਰਮਾਤਮਾ 'ਤੂੰ ਅੱਜ ਤੱਕ ਯਾਦ ਨਹੀਂ ਕੀਤਾ। ਸਿੱਖ ਧਰਮ ਬਿਲਕੁਲ ਨਵਾਂ ਧਰਮ ਹੈ। ਇਸ ਨਵੇਂ ਧਰਮ ਅੰਦਰ ਇਧਰੋਂ ਉਧਰੋਂ ਕਈ ਰਸਮਾਂ ਪਾਰ ਕਰ ਗਈਆਂ ਹਨ। ਨਿਤ ਉਠਦਿਆਂ ਹੀ ਕੋਈ ਨ ਕੋਈ ਨਵੀਂ ਰਸਮ ਦੇਖਣ ਲਈ ਮਿਲਦੀ ਹੈ। ਸਨਾਤਨੀ ਮੱਤ ਸਾਡੇ ਅੰਦਰ ਅਮਰਵੇਲ ਵਾਂਗੂੰ ਘਰ ਕਰ ਗਈ ਹੈ। ਜਿਹੜੇ ਕਰਮਕਾਡਾਂ ਤੋਂ ਸਾਨੂੰ ਗੁਰੂ ਨਾਨਕ ਸਾਹਿਬ ਜੀ ਨੇ ਰੋਕਿਆ ਸੀ ਸਿੱਖ ਉਨ੍ਹਾਂ ਹੀ ਕਰਮਕਾਡਾਂ ਵਿਚ ਫਿਰ ਫਸਦਾ ਜਾ ਰਿਹਾ ਹੈ। ਜਿਵੇਂ ਕਿ ਦਿਖਾਵੇ ਮਾਤਰ ਪੂਜਾ ਪਾਠ, ਮੰਤਰ ਜਪਣੇ ਪਰ ਕੁਝ ਅਗਿਆਨੀ ਲੋਕਾਂ ਨੇ ਸਿੱਖ ਧਰਮ ਕੇਵਲ ਮੰਤ੍ਰ



ਰਟਨਾ ਜਾਂ ਮਾਲ਼ਾ ਫੇਰਨ ਤੱਕ ਹੀ ਸੀਮਤ ਕਰ ਦਿੱਤਾ। ਅੱਜ ਸਾਨੂੰ ਸਤਿਗੁਰੂ ਸਾਹਿਬਾਨ ਦੀਆਂ ਮਨ ਘੜਤ ਤਸਵੀਰਾਂ ਜੋ ਅੱਜ ਬਜ਼ਾਰ ਵਿਚ ਕੁਝ ਦਮੜੇ ਖਰਚ ਕੇ ਆਮ ਮਿਲ ਜਾਂਦੀਆਂ ਹਨ ਇਹ ਚਿੱਤਰ ਗੁਰਬਾਣੀ ਤੋਂ ਸਖਣੇ ਸਿੱਖਾਂ ਦੇ ਘਰਾਂ ਦਾ ਸਿੰਗਾਰ ਬਣੇ ਹੋਏ ਹਨ। ਇਨ੍ਹਾਂ ਤਸਵੀਰਾਂ ਦੇ ਵਿਚ ਗੁਰੂ ਸਾਹਿਬਾਂ ਦੇ ਗਲਾਂ ਵਿਚ ਜਾ ਹੱਥਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਮਾਲ਼ਾ ਨਜ਼ਰ ਆਉਂਦੀਆਂ ਹਨ।

ਪਰ ਗੁਰਬਾਣੀ ਦੇ ਅਸੂਲਾਂ ਨਾਲ ਇਹਨਾਂ ਦਾ ਕੋਈ ਵੀ ਵਾਸਤਾ ਨਹੀਂ। ਜਿਸ ਮਾਲ਼ਾ ਦੀ ਗੁਰਬਾਣੀ ਵਿਚ ਹਜ਼ਾਰਾਂ ਵਾਰੀ ਨਿਖੇਧੀ ਕੀਤੀ ਗਈ ਹੈ। ਅੱਜ ਉਸ ਗੁਰਬਾਣੀ ਨੂੰ ਪੜ੍ਹਣ ਵਾਲੇ ਸਿੱਖ ਹੀ ਆਪ ਤੇ ਮਾਲ਼ਾ ਫੇਰਦੇ ਹੀ ਹਨ ਤੇ ਹੋਰਨਾਂ ਨੂੰ ਵੀ ਫੇਰਨ ਲਈ ਆਖਦੇ ਹਨ। ਤੇ ਲੋਕ ਉਹਨਾਂ ਅਗਿਆਨੀ ਲੋਕਾਂ ਦੇ ਪਿੱਛੇ ਲੱਗ ਕੇ ਆਪਣੇ ਹੱਥਾਂ ਵਿਚ ਮਾਲ਼ਾ ਫੜ ਕੇ ਲਗਾਤਾਰ ਮੰਤਰ ਕਰ ਰਹੇ ਹਨ। ਅੱਜ ਸਿੱਖ ਵੀ ਕੁਰਾਹੇ ਪੈ ਚੁੱਕੇ ਹਨ।

ਸਾਡੇ ਧਾਰਮਿਕ ਅਦਾਰਿਆਂ ਵਿਚ ਬਹੁ ਗਿਣਤੀ ਵਿਚ ਪ੍ਰਬੰਧਕ ਗੁਰਦੁਆਰਿਆਂ ਨੂੰ ਹੀ ਦੁਕਾਨਦਾਰੀ ਦਾ ਰੂਪ ਦੇ ਚੁੱਕੇ ਹਨ। ਪਰ ਪੰਥ ਦੀ ਚੜ੍ਹਦੀ ਕਲਾ ਵਾਸਤੇ, ਵਿਗੜੇ ਭਵਿੱਖ ਨੂੰ ਸੰਵਾਰਨ ਵਾਸਤੇ, ਡੇਰੇਦਾਰੀ ਗੁਰੂ ਡੰਮ੍ਹ ਨੂੰ ਜੜੋਂ ਉਖਾੜਨ ਲਈ ਵਹਿਮਾਂ ਭਰਮਾਂ 'ਚੋਂ ਸਿੱਖਾਂ ਨੂੰ ਕੱਢਣ ਵਾਸਤੇ ਗੁਰੂ ਦੀ ਬਾਣੀ ਰੂਪੀ ਮਾਲ਼ਾ ਨਹੀਂ, ਸਗੋਂ ਬਣਾਉਟੀ ਮਾਲ਼ਾ ਦਿੱਤੀ ਜਾ ਰਹੀ ਹੈ। ਆਓ ਅਸੀਂ ਸਤਿਗੁਰੂ ਜੀ ਨੂੰ ਪੁਛੀਏ ਗੁਰਬਾਣੀ ਦੀ ਨਜ਼ਰ ਵਿਚ ਮਾਲ਼ਾ ਦਾ ਕੀ ਸਥਾਨ ਹੈ ਗੁਰਵਾਕ ਹੈ।

**ਮਾਲਾ ਫੇਰੈ ਮੰਗੈ ਬਿਭੂਤ॥**
**ਇਹ ਬਿਧਿ ਕੋਇ ਨ ਤਰਿਓ ਮੀਤ॥**
**(888)**

ਗੁਰੂ ਸਾਹਿਬ ਸਾਨੂੰ ਸਮਝਾਉਂਦੇ ਕਿ ਹੇ ਮਨੁੱਖ ਨ ਸਮਝ ਤੂੰ ਧਰਮੀ ਹੋਣ ਦਾ ਪਾਖੰਡ ਪਾਲਦਿਆਂ ਮਾਲ਼ਾ ਬੜੀ ਫੇਰਦਾ ਹੈ। ਪਰ ਰੋਟੀ ਅੰਨ ਅਮੀਰਾਂ ਦੇ ਘਰਾਂ ਚੋ ਮੰਗ ਕੇ ਖਾਂਦਾ ਹੈ। ਇਸ ਤਰ੍ਹਾਂ ਤੇਰਾ ਕਿਸੇ ਪ੍ਰਕਾਰ ਦਾ ਨਿਸਤਾਰਾ ਨਹੀਂ ਹੋਣਾ ਸਤਿਗੁਰੂ ਜੀ ਬਾਣੀ ਵਿਚ ਫੁਰਮਾਉਂਦੇ ਹਨ।

**ਕਾਜੀ ਹੋਇ ਕੈ ਬਹੈ ਨਿਆਇ॥**
**ਫੇਰੇ ਤਸਬੀ ਕਰੇ ਖੁਦਾਇ॥**
**ਵਢੀ ਲੈ ਕੈ ਹਕੁ ਗਵਾਏ॥**
**ਜੇ ਕੋ ਪੂਛੈ ਤਾ ਪੜਿ ਸੁਣਾਏ॥ (951)**

ਭਾਵ ਤੂੰ ਜੱਜ ਦਾ ਅਹੁਦਾ ਪਾ ਕੇ ਇਨਸਾਫ ਕਰਨ ਬੈਠਦਾ ਹੈਂ। ਮਾਲ਼ਾ ਫੇਰਦਾ ਹੈਂ ਖੁਦਾ ਖੁਦਾ ਬਹੁਤ ਜਪਦਾ ਹੈਂ। ਪਰ ਸੱਚਾ ਇਨਸਾਫ ਕਰਨ ਦੀ ਥਾਂ ਤੂੰ ਰਿਸ਼ਵਤ ਲੈ ਕੇ ਕਿਸੇ ਗਰੀਬ ਦਾ ਹੱਕ

ਮਾਰ ਕੇ ਉਸਨੂੰ ਸਜ਼ਾ ਸੁਣਾ ਦਿੰਦਾ ਹੈਂ। ਇਸ ਤਰ੍ਹਾਂ ਤੂੰ ਪਾਖੰਡ ਦੁਆਰਾ ਭਵ ਸਾਗਰ ਤੋਂ ਪਾਰ ਨਹੀਂ ਹੋ ਸਕਦਾ। ਕਬੀਰ ਸਾਹਿਬ ਜੀ ਇਸ ਬਾਬਤ ਫੁਰਮਾਉਂਦੇ ਹੋਏ ਦੱਸਦੇ ਹਨ।

**ਕਬੀਰ ਜਪਨੀ ਕਾਠ ਕੀ**
**ਕਿਆ ਦਿਖਲਾਵਹਿ ਲੋਇ॥**
**ਹਿਰਦੈ ਰਾਮੁ ਨ ਚੇਤਹੀ**
**ਇਹ ਜਪਨੀ ਕਿਆ ਹੋਇ॥ (1368)**

ਕਬੀਰ ਸਾਹਿਬ ਜੀ ਆਖਦੇ ਹਨ ਹੇ ਭਾਈ! ਤੁਸੀਂ ਕਾਠ ਦੀ ਮਾਲ਼ਾ ਨਾਲ ਲੋਕਾਂ ਤੇ ਧਰਮੀ ਹੋਣ ਦਾ ਫਜ਼ੂਲ ਪ੍ਰਭਾਵ ਪਾ ਰਹੇ ਹੋ। ਰੱਬ ਨੂੰ ਕਦੇ ਹਿਰਦੇ ਵਿਚ ਯਾਦ ਹੀ ਨਹੀਂ ਕੀਤਾ, ਤੇਰੀ ਇਹ ਜਪਨੀ ਮਾਲ਼ਾ ਫੇਰੀ ਕਿਸ ਅਰਥੇ ਹੈ? ਕਿਸ ਕੰਮ ਹੈ? ਗੁਰੂ ਸਾਹਿਬਾਨਾਂ ਦੇ ਸਿੱਖਾਂ ਨੇ ਜ਼ੁਲਮ ਦੇ ਵਿਰੁੱਧ ਤਲਵਾਰ ਉਠਾਈ ਤੇ ਦੇਸ਼ ਨੂੰ ਮੁਗ਼ਲਾਂ ਦੇ ਜ਼ੁਲਮ ਤੋਂ ਅਜ਼ਾਦ ਕਰਵਾਇਆ। ਪਰ ਅੱਜ ਇਥੋਂ ਦੀ ਹਕੂਮਤ ਨੇ ਸਿੱਖਾਂ ਨੂੰ ਹਰਾਉਣ ਲਈ ਤਲਵਾਰਾਂ ਹੱਥੋਂ ਖੋਹ ਕੇ ਰਣਨੀਤੀ ਨਾਲ ਸਾਡੇ ਹੱਥ ਵਿਚ ਮਾਲ਼ਾ ਫੜਾ ਦਿੱਤੀ ਤਾਂ ਕਿ ਸਿੱਖ ਮਾਲ਼ਾ ਦੇ ਆਹਰੇ ਹੀ ਲੱਗੇ ਰਹਿਣ। ਜਿਸ ਤਰ੍ਹਾਂ ਮਾਂ ਬੱਚੇ ਨੂੰ ਖਿਡੌਣਾ ਦੇ ਕੇ ਆਪਣਾ ਘਰ ਦਾ ਕੰਮ ਕਰਦੀ ਰਹਿੰਦੀ ਹੈ। ਇਸੇ ਤਰ੍ਹਾਂ ਅੱਜ ਸਾਡੇ ਸਿੱਖਾਂ ਦੇ ਹੱਥ ਵਿਚ ਮਾਲ਼ਾ ਫੜਾ ਦਿੱਤੀ। ਗੁਰਬਾਣੀ ਨਾਲੋਂ ਤੋੜ ਦਿੱਤਾ ਅਤੇ ਸਿੱਖਾਂ ਨੂੰ ਖਤਮ ਕਰਨ ਲਈ ਕੇਵਲ ਮਾਲ਼ਾ ਰੂਪੀ ਖਿਡੌਣੇ ਤੱਕ ਸੀਮਤ ਕਰ ਦਿੱਤਾ।

ਜੋ ਸਾਨੂੰ ਗੁਰੂ ਸਾਹਿਬਾਨ ਨੇ ਅਸਲੀ ਮਾਲ਼ਾ ਦਿੱਤੀ ਹੈ ਉਹ ਇਹ ਹੈ।

**ਹਰਿ ਹਰਿ ਅਖਰ ਦੁਇ ਇਹ ਮਾਲਾ॥**
**ਜਪਤ ਜਪਤ ਭਏ ਦੀਨ ਦਇਆਲਾ॥**
**ਹਿਰਦੈ ਸਮਾਲੇ ਮੁਖਿ ਹਰਿ ਹਰਿ ਬੋਲੈ॥**
**ਸੋ ਜਨੁ ਇਤ ਉਤ ਕਤਹਿ ਨ ਡੋਲੈ॥**

**ਗੁਰਬਾਣੀ ਦੇ ਅਸੂਲਾਂ ਨਾਲ ਇਹਨਾਂ ਦਾ ਕੋਈ ਵੀ ਵਾਸਤਾ ਨਹੀਂ। ਜਿਸ ਮਾਲ਼ਾ ਦੀ ਗੁਰਬਾਣੀ ਵਿਚ ਹਜ਼ਾਰਾਂ ਵਾਰੀ ਨਿਖੇਧੀ ਕੀਤੀ ਗਈ ਹੈ। ਅੱਜ ਉਸ ਗੁਰਬਾਣੀ ਨੂੰ ਪੜ੍ਹਣ ਵਾਲੇ ਸਿੱਖ ਹੀ ਆਪ ਤੇ ਮਾਲ਼ਾ ਫੇਰਦੇ ਹੀ ਹਨ ਤੇ ਹੋਰਨਾਂ ਨੂੰ ਵੀ ਫੇਰਨ ਲਈ ਆਖਦੇ ਹਨ। ਤੇ ਲੋਕ ਉਹਨਾਂ ਅਗਿਆਨੀ ਲੋਕਾਂ ਦੇ ਪਿੱਛੇ ਲੱਗ ਕੇ ਆਪਣੇ ਹੱਥਾਂ ਵਿਚ ਮਾਲ਼ਾ ਫੜ ਕੇ ਲਗਾਤਾਰ ਮੰਤਰ ਕਰ ਰਹੇ ਹਨ। ਅੱਜ ਸਿੱਖ ਵੀ ਕੁਰਾਹੇ ਪੈ ਚੁੱਕੇ ਹਨ। ਸਾਡੇ ਧਾਰਮਿਕ ਅਦਾਰਿਆਂ ਵਿਚ ਬਹੁ ਗਿਣਤੀ ਵਿਚ ਪ੍ਰਬੰਧਕ ਗੁਰਦੁਆਰਿਆਂ ਨੂੰ ਹੀ ਦੁਕਾਨਦਾਰੀ ਦਾ ਰੂਪ ਦੇ ਚੁੱਕੇ ਹਨ। ਪਰ ਪੰਥ ਦੀ ਚੜ੍ਹਦੀ ਕਲਾ ਵਾਸਤੇ, ਵਿਗੜੇ ਭਵਿੱਖ ਨੂੰ ਸੰਵਾਰਨ ਵਾਸਤੇ, ਡੇਰੇਦਾਰੀ ਗੁਰੂ ਡੰਮ੍ਹ ਨੂੰ ਜੜੋਂ ਉਖਾੜਨ ਲਈ ਵਹਿਮਾਂ ਭਰਮਾਂ 'ਚੋਂ ਸਿੱਖਾਂ ਨੂੰ ਕੱਢਣ ਵਾਸਤੇ ਗੁਰੂ ਦੀ ਬਾਣੀ ਰੂਪੀ ਮਾਲ਼ਾ ਨਹੀਂ, ਸਗੋਂ ਬਣਾਉਟੀ ਮਾਲ਼ਾ ਦਿੱਤੀ ਜਾ ਰਹੀ ਹੈ।**

**ਕਹੁ ਨਾਨਕ ਜੋ ਰਾਚੈ ਨਾਇ॥**
**ਹਰਿ ਮਾਲ਼ਾ ਤਾ ਕੈ ਸੰਗਿ ਜਾਇ॥**
**(388)**



ਹੇ ਪ੍ਰਮਾਤਮਾ ਜੀ ਮੈਂ ਬੇਨਤੀ ਕਰਦਾ ਹਾਂ ਮੈਨੂੰ ਹੋਰ ਕਿਸੇ ਮਾਲ਼ਾ ਦੀ ਜ਼ਰੂਰਤ ਨਹੀਂ ਹੈ। ਹਰੀ ਦਾ ਨਾਮ ਰੂਪ ਦੇ ਅੱਖਰ ਹੀ ਮੇਰੀ ਅਸਲੀ ਮਾਲ਼ਾ ਹੈ।

ਇਸ ਤਰ੍ਹਾਂ ਪ੍ਰਮਾਤਮਾ ਦਾ ਨਾਮ ਜਪਦਿਆਂ ਤੁਸੀਂ ਦੀਨ ਤੇ ਦਇਆਲ ਹੋ ਜਾਂਦੇ ਹੋ। ਇਸ ਤਰ੍ਹਾਂ ਦੀ ਮਾਲ਼ਾ ਧਾਰਨ ਕਰਨ ਵਾਲਾ ਮਨੁੱਖ ਅਡੋਲ ਜ਼ਿੰਦਗੀ ਬਤੀਤ ਕਰਦਾ ਹੈ।

ਸੋ ਗੁਰਸਿੱਖ ਕਿਰਤੀਆਂ ਦਾ ਧਰਮ ਹੈ। ਇਥੇ ਆਲਸੀਆ ਲਈ ਕੋਈ ਥਾਂ ਨਹੀਂ। ਗੁਰੂ ਸਾਹਿਬ ਨੇ ਨਾ ਖੁਦ ਕਦੀ ਮਾਲ਼ਾ ਰੱਖੀ ਤੇ ਨਾ ਹੀ ਪ੍ਰਵਾਨਗੀ ਦਿੱਤੀ।

ਸੋ ਆਓ! ਅਸੀਂ ਗੁਰੂ ਜੀ ਦੀ ਬਾਣੀ ਨੂੰ ਸਮਝ ਕਿ ਗੁਰੂ ਜੀ ਤੋਂ ਪੁਛੀਏ। ਅਸਲ ਵਿਚ ਕਿਹੜੀ ਮਾਲ਼ਾ ਦੇ ਧਾਰਨੀ ਹੋਣਾ ਹੈ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ।

**ਕੰਠੇ ਮਾਲ਼ਾ ਜਿਹਵਾ ਰਾਮੁ॥**
**ਸਹੰਸ ਨਾਮੁ ਲੈ ਲੈ ਕਰਉ ਸਲਾਮੁ॥**
**(479)**

**ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥**
**ਹਿਰਦੈ ਫੇਰਿ ਚਲੈ ਤੁਧੁ ਨਾਲੀ॥**
**(1134)**

ਹੇ ਭਾਈ! ਪ੍ਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖ, ਇਹੀ ਹੈ ਸਭ ਤੋਂ ਸ੍ਰੇਸ਼ਟ ਕਰਨ ਯੋਗ ਕੰਮ, ਇਹੀ ਹੈ ਮਾਲਾ। ਇਸ ਹਰਿ ਨਾਮ ਸਿਮਰਨ ਦੀ ਮਾਲ਼ਾ ਤੂੰ ਆਪਣੇ ਹਿਰਦੇ ਵਿਚ ਫੇਰਿਆ ਕਰ। ਇਹ ਹਰਿ ਨਾਮ ਤੇਰੇ ਨਾਲ ਹਮੇਸ਼ਾਂ ਰਹੇਗਾ।

ਸੋ ਇਸ ਤਰ੍ਹਾਂ ਸਾਨੂੰ ਇਸ ਸਾਰੀ ਵਿਚਾਰ ਤੋਂ ਇਹ ਪਤਾ ਚੱਲਿਆ ਹੈ ਕਿ ਗੁਰੂ ਸਾਹਿਬ ਨੇ ਗੁਰਬਾਣੀ ਅੰਦਰ ਅਸਲ ਮਾਲ਼ਾ ਦੀ ਕੀ ਵਿਆਖਿਆ ਦਿੱਤੀ ਹੈ। ਜਿਸ ਨੂੰ ਅਸੀਂ ਆਪਣੇ ਜੀਵਨ 'ਚ ਰੋਜ਼ ਫੇਰੀਏ ਤੇ ਇਸ ਮਾਲ਼ਾ ਬਾਰੇ ਪੂਰੀ ਮਨੁੱਖਤਾ ਲੋਕਾਈ ਨੂੰ ਦੱਸੀਏ ਕਿ ਅਸਲ ਮਾਲ਼ਾ ਗੁਰਮਤਿ ਅਨੁਸਾਰ ਇਹ ਹੈ।

–0–

**ਸਿੱਖ ਧਰਮ ਬਿਲਕੁਲ ਨਵਾਂ ਧਰਮ ਹੈ। ਇਸ ਨਵੇਂ ਧਰਮ ਅੰਦਰ ਇਧਰੋਂ ਉਧਰੋਂ ਕਈ ਰਸਮਾਂ ਪਾਰ ਕਰ ਗਈਆਂ ਹਨ। ਨਿਤ ਉਠਦਿਆਂ ਹੀ ਕੋਈ ਨ ਕੋਈ ਨਵੀਂ ਰਸਮ ਦੇਖਣ ਲਈ ਮਿਲਦੀ ਹੈ। ਸਨਾਤਨੀ ਮੱਤ ਸਾਡੇ ਅੰਦਰ ਅਮਰਵੇਲ ਵਾਂਗੂੰ ਘਰ ਕਰ ਗਈ ਹੈ। ਜਿਹੜੇ ਕਰਮਕਾਡਾਂ ਤੋਂ ਸਾਨੂੰ ਗੁਰੂ ਨਾਨਕ ਸਾਹਿਬ ਜੀ ਨੇ ਰੋਕਿਆ ਸੀ ਸਿੱਖ ਉਨ੍ਹਾਂ ਹੀ ਕਰਮਕਾਡਾਂ ਵਿਚ ਫਿਰ ਫਸਦਾ ਜਾ ਰਿਹਾ ਹੈ। ਜਿਵੇਂ ਕਿ ਦਿਖਾਵੇ ਮਾਤਰ ਪੂਜਾ ਪਾਠ, ਮੰਤਰ ਜਪਣੇ ਪਰ ਕੁਝ ਅਗਿਆਨੀ ਲੋਕਾਂ ਨੇ ਸਿੱਖ ਧਰਮ ਕੇਵਲ ਮੰਤ੍ਰ ਰਟਨਾ ਜਾਂ ਮਾਲ਼ਾ ਫੇਰਨ ਤੱਕ ਹੀ ਸੀਮਤ ਕਰ ਦਿੱਤਾ। ਅੱਜ ਸਾਨੂੰ ਸਤਿਗੁਰੂ ਸਾਹਿਬਾਨ ਦੀਆਂ ਮਨ ਘੜਤ ਤਸਵੀਰਾਂ ਜੋ ਅੱਜ ਬਜ਼ਾਰ ਵਿਚ ਕੁਝ ਦਮੜੇ ਖਰਚ ਕੇ ਆਮ ਮਿਲ ਜਾਂਦੀਆਂ ਹਨ ਇਹ ਚਿੱਤਰ ਗੁਰਬਾਣੀ ਤੋਂ ਸਖਣੇ ਸਿੱਖਾਂ ਦੇ ਘਰਾਂ ਦਾ ਸਿੰਗਾਰ ਬਣੇ ਹੋਏ ਹਨ। ਇਨ੍ਹਾਂ ਤਸਵੀਰਾਂ ਦੇ ਵਿਚ ਗੁਰੂ ਸਾਹਿਬਾਂ ਦੇ ਗਲਾਂ ਵਿਚ ਜਾ ਹੱਥਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਮਾਲ਼ਾ ਨਜ਼ਰ ਆਉਂਦੀਆਂ ਹਨ।**

# ਮਨ ਵਾਂਛਿਤ ਫਲ ਪਾਵੋ

**ਸਵੇਟ ਮਾਰਡਨ**

ਸੰਸਾਰ ਦਾ ਹਰੇਕ ਵਿਅਕਤੀ ਹਮੇਸ਼ਾਂ ਇਹੀ ਕਾਮਨਾ ਕਰਦਾ ਰਹਿੰਦਾ ਹੈ ਕਿ ਉਸ ਨੂੰ ਮਨ ਵਾਂਛਿਤ ਫਲ ਮਿਲੇ। ਉਸ ਨੂੰ ਉਸ ਦੀ ਇਛਿਤ ਵਸਤੂ ਦੀ ਪ੍ਰਾਪਤੀ ਹੋਵੇ। ਜੋ ਉਹ ਸੋਚਦਾ ਹੈ ਜਾਂ ਕਲਪਨਾ ਕਰਦਾ ਹੈ, ਉਹ ਉਸ ਨੂੰ ਮਿਲ ਜਾਵੇ। ਭਗਵਾਨ ਨੂੰ ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਇਹੀ ਕਹਿੰਦੇ ਹਾਂ ਕਿ ਸਾਨੂੰ ਇਹ ਦੇ, ਉਹ ਦੇ। ਪ੍ਰਾਰਥਨਾ ਅਤੇ ਭਜਨਾਂ ਵਿੱਚ ਅਜਿਹੇ ਭਾਵ ਛਿਪੇ ਹੁੰਦੇ ਹਨ, ਜਿਨ੍ਹਾਂ ਵਿੱਚ ਈਸ਼ਵਰ ਤੋਂ ਬਹੁਤ ਕੁੱਝ ਮੰਗਿਆ ਹੀ ਜਾਂਦਾ ਹੈ।

ਇਹ ਤਾਂ ਠੀਕ ਹੈ ਕਿ ਕੋਈ ਜਾਂ ਤੁਸੀਂ ਈਸ਼ਵਰ ਤੋਂ ਕੁੱਝ ਮੰਗਦੇ ਹੋ, ਪ੍ਰਾਰਥਨਾ ਕਰਦੇ ਹੋ। ਲੇਕਿਨ ਇਸ ਦੇ ਨਾਲ ਹੀ ਜੇ ਤੁਸੀਂ ਉਸ ਉਦੇਸ਼ ਦੀ ਪ੍ਰਾਪਤੀ ਦੇ ਲਈ ਯਤਨ ਨਹੀਂ ਕਰਦੇ ਅਤੇ ਆਪਣੀਆਂ ਅਸਫਲਤਾਵਾਂ, ਗਰੀਬੀ ਜਾਂ ਪ੍ਰੇਸ਼ਾਨੀਆਂ ਦੇ ਵਿਸ਼ੇ ਵਿੱਚ ਸੋਚ-ਸੋਚ ਕੇ ਈਸ਼ਵਰ ਦੀ ਮੂਰਤੀ ਦੇ ਸਾਹਮਣੇ ਰੋਂਦੇ-ਗਿੜਗਿੜਾਉਂਦੇ ਹੋ, ਤਾਂ ਉਸ ਨਾਲ ਕੁੱਝ ਵੀ ਹੋਣ ਵਾਲਾ ਨਹੀਂ ਹੈ। ਕਿਉਂਕਿ ਤੁਹਾਡੇ ਮਨ ਵਿੱਚ ਗਰੀਬੀ ਦੇ ਵਿਚਾਰ ਭਰੇ ਹਨ, ਅਸਫਲਤਾ ਭਰੀ ਹੈ, ਤੁਹਾਡੇ ਦਿਲ ਵਿੱਚ ਪ੍ਰੇਸ਼ਾਨੀਆਂ ਦੇ ਭਾਵ ਭਰੇ ਹਨ, ਤੁਹਾਡੇ ਵਿੱਚ ਇਹ ਗੱਲ ਜੜ੍ਹ ਜਮਾਈ ਬੈਠੀ ਹੈ ਕਿ ਤੁਸੀਂ ਅਸਫ਼ਲ ਹੋ ਅਤੇ ਉਸ ਅਸਫਲਤਾ ਨੂੰ ਤੁਸੀਂ ਕਿਸੇ ਦੈਵੀ ਚਮਤਕਾਰ ਨਾਲ ਦੂਰ ਭਜਾਉਣਾ ਚਾਹੁੰਦੇ ਹੋ ਜੋ ਕਦੇ ਸੰਭਵ ਨਹੀਂ ਹੈ।

ਤੁਹਾਡੇ ਕੋਲ ਜੋ ਕੁੱਝ ਹੈ, ਉਹ ਕਿਉਂ ਹੈ? ਉਹ ਇਸ ਲਈ ਤਾਂ ਹੈ ਕਿ ਤੁਹਾਡੇ ਮਨ ਵਿੱਚ ਉਨ੍ਹਾਂ ਦੇ ਪ੍ਰਤੀ ਆਕਰਸ਼ਣ ਹੈ। ਤੁਸੀਂ ਉਨ੍ਹਾਂ ਸਭ ਚੀਜ਼ਾਂ ਨੂੰ ਚਾਹੁੰਦੇ ਹੋ ਜੋ ਤੁਹਾਡੇ ਕੋਲ ਹਨ।

ਮਨ ਵਿੱਚ ਜਿਨ੍ਹਾਂ ਚੀਜ਼ਾਂ ਦੇ ਪ੍ਰਤੀ ਆਕਰਸ਼ਣ ਹੁੰਦਾ ਹੈ, ਉਨ੍ਹਾਂ ਨੂੰ ਮਨੁੱਖ ਪਾ ਲੈਂਦਾ ਹੈ। ਪ੍ਰੰਤੂ ਸ਼ਰਤ ਇਹ ਵੀ ਹੈ ਕਿ ਉਹ ਮਨੁੱਖ ਉਸੇ ਵਿਸ਼ੇ ਤੇ ਸੋਚਦਾ ਹੋਵੇ, ਉਸ ਦੇ ਲਈ ਯਤਨ ਕਰਦਾ ਹੋਵੇ ਅਤੇ ਆਤਮ ਵਿਸ਼ਵਾਸੀ ਵੀ ਹੋਵੇ। ਜੋ ਉਹ ਪਾਉਣਾ ਚਾਹੁੰਦਾ ਹੈ ਉਸ ਦੇ ਪ੍ਰਤੀ ਆਕਰਸ਼ਣ ਦੇ ਨਾਲ-ਨਾਲ ਉਹ ਉਸ ਦੇ ਬਾਰੇ ਵਿੱਚ ਗੰਭੀਰਤਾ ਨਾਲ ਸੋਚਦਾ ਵੀ ਹੋਵੇ।

ਅੱਜ ਸਾਡੇ ਕੋਲ ਜੋ ਕੁੱਝ ਵੀ ਆਪਣਾ ਹੈ ਇਹ ਉਦੋਂ ਤੱਕ ਸਾਡਾ ਹੈ, ਜਦੋਂ ਤੱਕ ਅਸੀਂ ਮਨੋਂ ਇਸ ਨੂੰ ਚਾਹੁੰਦੇ ਹਾਂ। ਮੈਂ ਆਪਣੇ ਸਕੂਟਰ ਨੂੰ ਮਨ ਤੋਂ ਚਾਹਾਂਗਾ ਤਾਂ ਇਹ ਮੇਰਾ ਰਹੇਗਾ, ਨਹੀਂ ਚਾਹਾਂਗਾ ਤਾਂ ਨਹੀਂ ਰਹੇਗਾ।

ਇਸੇ ਤਰ੍ਹਾਂ ਜੇ ਤੁਸੀਂ ਆਸ਼ਾ, ਸਫਲਤਾ ਅਤੇ ਸੁੱਖ-ਸਮਰਿੱਧੀ ਚਾਹੋਗੇ, ਉਨ੍ਹਾਂ ਦੇ ਹੀ ਵਿਸ਼ੇ ਵਿੱਚ ਸੋਚੋਗੇ ਅਤੇ ਪਾਉਣ ਦੇ ਯਤਨ ਕਰੋਗੇ ਤਾਂ ਪਾ ਜਾਵੋਗੇ। ਤੁਸੀਂ ਉਹੀ ਸੋਚੋ ਜੋ ਤੁਸੀਂ ਹੋ।

ਤੁਸੀਂ ਕੀ ਹੋ?

ਇਹ ਜਾਣਨ ਦਾ ਜ਼ਰਾ ਯਤਨ ਤਾਂ ਕਰੋ। ਤੁਹਾਡੇ ਅੰਦਰ ਵੀ ਬਹੁਤ ਵੱਡੀ ਸ਼ਕਤੀ ਛਿਪੀ ਹੈ। ਤੁਸੀਂ ਆਪਣੇ ਆਪ ਨੂੰ ਜਾਣਦੇ ਹੀ ਨਹੀਂ ਹੋ। ਤੁਸੀਂ ਖੁਦ ਨੂੰ ਕਮਜ਼ੋਰ ਜਾਂ ਹੀਣ ਸਮਝ ਰੱਖਿਆ ਹੈ, ਇਸ ਲਈ ਤਾਂ ਤੁਸੀਂ ਕਮਜ਼ੋਰ ਅਤੇ ਹੀਣ ਹੋ। ਤੁਸੀਂ ਹੀਣਤਾ ਦੀਆਂ ਗੱਲਾਂ ਸੋਚਦੇ ਰਹੋਗੇ ਤਾਂ ਹੀਣਤਾ ਮਿਲੇਗੀ। ਸਫਲਤਾ ਦੀਆਂ ਗੱਲਾਂ, ਉਚਾਈਆਂ ਦੀਆਂ ਗੱਲਾਂ ਸੋਚੋਗੇ ਤਾਂ ਉਚਾਈਆਂ ਮਿਲਣਗੀਆਂ। ਸੋ ਤੁਸੀਂ ਅੱਛੀਆਂ, ਉੱਚੀਆਂ ਅਤੇ ਸਫਲਤਾ ਦੀਆਂ ਗੱਲਾਂ ਸੋਚੋ।

ਜੀਵਨ ਵਿੱਚ ਜੇ ਅਸਫਲ ਅਤੇ ਨਿਰਾਸ਼ ਹੋ ਤਾਂ ਉਸ ਦਾ ਕਾਰਨ ਇਹ ਹੈ ਕਿ ਤੁਸੀਂ ਆਪਣੇ ਅੰਦਰ ਛੁਪੀਆਂ ਸ਼ਕਤੀਆਂ ਨੂੰ ਪਹਿਚਾਣਿਆ ਨਹੀਂ। ਤੁਸੀਂ ਸਫ਼ਲਤਾ ਦੇ ਲਈ ਠੀਕ ਯਤਨ ਨਹੀਂ ਕਰਦੇ, ਇਸ ਲਈ ਤੁਸੀਂ ਸਫਲ ਨਹੀਂ ਹੋ।

ਤੁਸੀਂ ਉਹੀ ਸੋਚੋ ਜੋ ਤੁਸੀਂ ਚਾਹੁੰਦੇ ਹੋ।

ਜਦੋਂ ਤੁਸੀਂ ਸਫਲਤਾ ਦੀ ਤਰਫ ਵਧਦੇ ਹੋ, ਯਤਨ ਕਰ ਰਹੇ ਹੋ ਤਾਂ ਸਫਲਤਾ ਮਿਲੇਗੀ। ਜਿਸ ਪਲ ਤੁਸੀਂ ਅਸਫਲਤਾ ਦਾ ਵਿਚਾਰ ਜਾਂ ਸ਼ੱਕ ਕਰਨ ਲੱਗਦੇ ਹੋ, ਉਸੇ ਪਲ ਤੁਹਾਡੀ ਤਰਫ਼ ਅਸਫਲਤਾ ਚੱਲ ਪੈਂਦੀ ਹੈ ਅਤੇ ਸਫ਼ਲਤਾ ਤੁਹਾਡੇ ਕੋਲੋਂ ਦੂਰ ਹੋਣ ਲੱਗਦੀ ਹੈ, ਕਿਉਂਕਿ ਤੁਸੀਂ ਖੁਦ ਸਫਲਤਾ ਦੇ ਵਿਰੁੱਧ ਸੋਚਣ ਲੱਗੇ ਹੋ। ਤੁਸੀਂ ਉਲਟੀ ਦਿਸ਼ਾ ਵਿੱਚ ਚੱਲਣ ਲੱਗੇ ਹੋ।

ਤੁਹਾਡੇ ਦਿਲ ਵਿੱਚ ਕਿਸੇ ਵਸਤੂ ਲਈ ਜੇ ਹਾਰਦਿਕ ਆਕਰਸ਼ਣ ਅਤੇ ਇੱਛਾ ਹੈ ਤਾਂ ਸਮਝੋ ਕਿ ਵਸਤੂ ਤੁਹਾਡੇ ਲਈ ਸੁਰੱਖਿਅਤ ਰੱਖੀ ਹੈ। ਤੁਸੀਂ ਉਸ ਨੂੰ ਪਾ ਜਾਵੋਗੇ। ਜੇ ਤੁਸੀਂ ਪ੍ਰੇਸ਼ਾਨੀਆਂ ਨਾਲ ਘਿਰੇ ਹੋ, ਅਸਫਲਤਾਵਾਂ ਹੀ ਮਿਲ ਰਹੀਆਂ ਹਨ ਤਾਂ ਚਿੰਤਾ ਨਾ ਕਰੋ। ਨਿਰਾਸ਼ ਨਾ ਹੋਵੋ। ਜੋ ਇੱਛਾ ਹੈ, ਉਸ ਤੇ ਦ੍ਰਿੜ੍ਹ ਰਹੋ। ਉਸ ਦੇ ਲਈ ਯਤਨ ਕਰਦੇ ਰਹੋ, ਤੁਸੀਂ ਉਸ ਨੂੰ ਪਾ ਲਵੋਗੇ। ਸਫਲਤਾ ਨੂੰ ਭੁੱਲੋ ਨਹੀਂ। ਉਸ ਦੇ ਵਿਚਾਰਾਂ ਵਿੱਚ ਡੁੱਬੇ ਰਹੋ। ਉਸ ਨੂੰ ਯਾਦ ਰੱਖੋ। ਕਦੇ ਇਹ ਤਾਂ ਸੋਚੋ ਹੀ ਨਹੀਂ ਕਿ ਤੁਸੀਂ ਅਸਫਲ ਹੋ ਸਕਦੇ ਹੋ। ਤੁਸੀਂ ਸਫਲਤਾ ਨੂੰ ਹੀ ਆਪਣੇ ਦੁਆਰ ਤੇ ਖੜ੍ਹਾ ਪਾਓਗੇ।

ਸੰਸਾਰ ਵਿੱਚ ਜਿੰਨੇ ਵੀ ਸਫ਼ਲ ਲੋਕ ਸਨ ਜਾਂ ਹਨ, ਉਨ੍ਹਾਂ ਸਭ ਦੀ ਸਫਲਤਾ ਦਾ ਰਾਜ਼ ਇਹੀ ਹੈ ਕਿ ਉਹ ਆਪਣੀਆਂ ਕੁੱਲ ਸਰੀਰਕ ਅਤੇ ਮਾਨਸਿਕ ਸ਼ਕਤੀਆਂ ਦਾ ਪ੍ਰਯੋਗ ਕਰਕੇ ਆਪਣੇ ਲਕਸ਼ ਦੀ ਤਰਫ਼ ਵਧੇ ਹਨ, ਉਨ੍ਹਾਂ ਨੇ ਕਿਸੇ ਦੀ ਗੱਲ ਤੇ ਧਿਆਨ ਨਹੀਂ ਦਿੱਤਾ ਕਿ ਕੀ ਕਹਿ ਰਹੇ ਹਨ। ਆਪਣੀ ਇੱਛਾ ਦੀ ਪੂਰਤੀ ਦੇ ਯਤਨ ਵਿੱਚ ਲੱਗੇ ਰਹੇ, ਆਪਣੀ ਆਤਮਾ ਦੀ ਆਵਾਜ਼ ਨੂੰ ਈਸ਼ਵਰ ਦੀ ਪ੍ਰੇਰਣਾ ਮੰਨ ਕੇ ਚੱਲਦੇ ਰਹੇ।

ਇਹ ਇੱਕ ਸੱਚ ਹੈ, ਛੁਪਿਆ ਹੋਇਆ ਸੱਚ ਹੈ।

ਇਸ ਨੂੰ ਜਾਣੋ।

ਤੁਹਾਡੀ ਆਤਮਾ ਵਿੱਚੋਂ ਜੋ ਆਵਾਜ਼ ਆਉਂਦੀ ਹੈ, ਤੁਹਾਡੇ ਦਿਲ ਵਿੱਚ ਜੋ ਭਾਵਨਾ ਉਠਦੀ ਹੈ, ਤੁਸੀਂ ਦਿਲੋਂ ਜੋ ਇੱਛਾ ਕਰ ਰਹੇ ਹੋ, ਇਹ ਭਾਵਨਾ ਦੀ ਹੀ ਪ੍ਰੇਰਣਾ ਹੈ। ਤੁਸੀਂ ਉਸ ਨੂੰ ਪੂਰਨ ਕਰ ਸਕਦੇ ਹੋ। ਕਿਉਂਕਿ ਸਾਰੀਆਂ ਇੱਛਾਵਾਂ ਪੂਰਨ ਹੋਣ ਦੇ ਲਈ ਹੀ ਉਤਪੰਨ ਹੁੰਦੀਆਂ ਹਨ। ਕੁੱਝ ਵੀ ਤਾਂ ਅਸੰਭਵ ਨਹੀਂ ਹੈ। ਉਹ ਸਭ ਕੁੱਝ ਹੀ ਹੋ ਸਕਦਾ ਹੈ, ਜਿਸ ਦੀ ਇੱਛਾ ਦਿਲ ਦੀਆਂ ਗਹਿਰਾਈਆਂ 'ਚੋਂ ਪੈਦਾ ਹੁੰਦੀ ਹੈ।

ਕੁੱਝ ਲੋਕ ਜਦੋਂ ਸਫਲ ਨਹੀਂ ਹੁੰਦੇ ਹਨ ਤਾਂ ਉਹ ਦੂਸਰਿਆਂ ਨੂੰ ਕੋਸਣ ਲੱਗਦੇ ਹਨ। ਆਪਣੀ ਅਸਫਲਤਾ ਦਾ ਦੋਸ਼ ਉਹ ਕਿਸਮਤ, ਵਿਧਾਤਾ, ਸਮਾਜ ਜਾਂ ਵਿਵਸਥਾ ਤੇ ਪਾ ਦਿੰਦੇ ਹਨ। ਆਪਣੀ ਗਲਤੀ ਨੂੰ ਦੂਸਰਿਆਂ ਦੇ ਸਿਰ ਮੜ੍ਹ ਦਿੰਦੇ ਹਨ। ਸੱਚ ਮੁੱਚ ਦੋਸ਼ ਤੁਹਾਡਾ ਹੀ ਹੁੰਦਾ ਹੈ।

ਤੁਸੀਂ ਪੂਰਾ ਯਤਨ ਨਹੀਂ ਕਰ ਰਹੇ ਹੋ। ਤੁਸੀਂ ਅੱਗੇ ਵਧਣ ਦੀ-ਸਫਲਤਾ ਪਾ ਲੈਣ ਦਾ ਵਿਸ਼ਵਾਸ ਖੋ ਬੈਠੇ ਹੋ। ਆਤਮ-ਵਿਸ਼ਵਾਸ ਖੋ ਦਿੱਤਾ ਹੈ ਤੁਸੀਂ। ਆਪਣੀ ਅਸਫਲਤਾ ਦੇ ਕਾਰਨਾਂ ਨੂੰ ਲੱਭਣ ਦੀ ਬਜਾਇ ਤੁਸੀਂ ਦੂਸਰਿਆਂ

ਉੱਤੇ ਦੁਸ਼ਣਬਾਜ਼ੀ ਕਰਨ ਵਿੱਚ ਲੱਗ ਗਏ ਹੋ।

ਯਤਨ ਕਰੋ, ਦ੍ਰਿੜ੍ਹ ਸੰਕਲਪ ਦੇ ਨਾਲ, ਪੂਰੀ ਮਿਹਨਤ ਨਾਲ, ਸਫਲਤਾ ਦੇ ਵਿਸ਼ਵਾਸ ਦੇ ਨਾਲ ਅੱਗੇ ਵਧਦੇ ਰਹੋ। ਸਫਲਤਾ ਕਦਮ ਚੁੰਮੇਗੀ।

ਮਨੁੱਖ ਦਾ ਵਿਅਕਤੀਤਵ ਦੋ ਚੀਜ਼ਾਂ ਨਾਲ ਮਿਲ ਕੇ ਬਣਿਆ ਹੈ।

ਵੰਸ਼ਾਨੁਕਰਮਣ ਅਤੇ ਵਾਤਾਵਰਣ।

ਵੰਸ਼ਾਨੁਕਰਮਣ ਵਿੱਚ ਤਾਂ ਮਾਤਾ-ਪਿਤਾ, ਦਾਦਾ-ਦਾਦੀ ਅਤੇ ਨਾਨਾ-ਨਾਨੀ ਦੇ ਵਿਅਕਤੀਤਵ ਦੀ ਝਲਕ ਹੁੰਦੀ ਹੈ। ਕੱਦ, ਰੂਪ, ਰੰਗ ਹੁੰਦਾ ਹੈ। ਪ੍ਰੰਤੂ ਮਹੱਤਵਪੂਰਨ ਰੋਲ ਵਿਅਕਤੀਤਵ ਦੇ ਬਨਾਉਣ ਵਿੱਚ ਵਾਤਾਵਰਣ ਦਾ ਹੈ। ਤੁਸੀਂ ਜੋ ਕੁੱਝ ਹੋ, ਆਪਣੇ ਵਾਤਾਵਰਣ ਦੀ ਦੇਣ ਹੋ। ਤੁਸੀਂ ਜੋ ਸੋਚਦੇ ਹੋ, ਜੈਸੇ ਵਾਤਾਵਰਣ ਵਿੱਚ ਰਹਿੰਦੇ ਹੋ, ਜੈਸੇ ਲੋਕਾਂ ਦੇ ਵਿੱਚ ਰਹਿੰਦੇ ਹੋ, ਜੈਸੀਆਂ ਕਲਪਨਾਵਾਂ ਕਰਦੇ ਹੋ, ਵੈਸੇ ਹੀ ਤੁਸੀਂ ਬਣਦੇ ਵੀ ਜਾਂਦੇ ਹੋ।

ਤੁਸੀਂ ਜੋ ਸੋਚਦੇ ਹੋ, ਵਿਚਾਰ ਕਰਦੇ ਹੋ, ਵਿਸ਼ਵਾਸ ਕਰਦੇ ਹੋ, ਉਸੇ ਨਾਲ ਤੁਹਾਡਾ ਜੀਵਨ ਢਲਦਾ ਜਾਂਦਾ ਹੈ।

ਬਹੁਤ ਸਾਰੇ ਲੋਕਾਂ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਹਮੇਸ਼ਾਂ ਸਫ਼ਲ ਰਹਿੰਦਾ ਹੈ। ਜੋ ਵੀ ਉਹ ਇੱਛਾ ਕਰਦਾ ਹੈ, ਉਸ ਨੂੰ ਪਾ ਲੈਂਦਾ ਹੈ। ਜਿੱਥੇ ਵੀ ਉਹ ਹੱਥ ਪਾਉਂਦਾ ਹੈ ਮਿੱਟੀ ਵੀ ਸੋਨਾ ਬਣ ਜਾਂਦੀ ਹੈ। ਜਿਸ ਕੰਮ ਨੂੰ ਉਹ ਆਪਣੇ ਹੱਥ ਵਿੱਚ ਲੈਂਦਾ ਹੈ, ਉਹ ਹੋ ਹੀ ਜਾਂਦਾ ਹੈ।

ਇਸ ਦਾ ਕੀ ਅਰਥ ਹੈ।

ਇਸ ਦਾ ਸਪੱਸ਼ਟ ਅਰਥ ਇਹ ਹੀ ਹੈ ਕਿ ਉਹ ਵਿਅਕਤੀ ਸਦਾ ਸਫਲਤਾ ਦੀ ਗੱਲ ਸੋਚਦਾ ਹੈ, ਉਹ ਸਫਲਤਾ ਦੇ ਵਿਚਾਰਾਂ ਵਿੱਚ ਡੁੱਬ ਕੇ ਆਪਣੇ ਲਕਸ਼ ਦੇ ਲਈ ਯਤਨ ਕਰਦਾ ਹੈ। ਉਹ ਨਿਰਾਸ਼ ਨਹੀਂ ਹੁੰਦਾ ਹੈ।

ਦ੍ਰਿੜ੍ਹ ਆਤਮ-ਵਿਸ਼ਵਾਸ ਅਤੇ ਮਿਹਨਤ ਦੀ ਸ਼ਕਤੀ ਨਾਲ ਤੁਸੀਂ ਵੀ ਸਫਲਤਾ ਨੂੰ ਆਪਣੇ ਵੱਲ ਖਿੱਚ ਸਕਦੇ ਹੋ। ਈਸ਼ਵਰੀ ਪ੍ਰੇਰਣਾਵਾਂ ਨਾਲ ਤੁਸੀਂ ਸ਼ਕਤੀ ਲੈ ਸਕਦੇ ਹੋ ਅਤੇ ਆਪਣੀਆਂ ਅਭਿਲਾਸ਼ਾਵਾਂ ਨੂੰ ਪੂਰੀਆਂ ਕਰ ਸਕਦੇ ਹੋ।

ਤੁਸੀਂ ਆਪਣੇ ਜੀਵਨ ਸੁਪਨੇ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਯਤਨ ਕਰੋ। ਉਸ ਨੂੰ ਈਸ਼ਵਰੀ ਪ੍ਰੇਰਣਾ ਮੰਨ ਕੇ ਅੱਗੇ ਵਧੋ।

ਕਲਪਨਾ ਸ਼ਕਤੀ ਸਾਧਾਰਣ ਸ਼ਕਤੀ ਨਹੀਂ ਹੈ।

ਕਲਪਨਾ ਦੀ ਸ਼ਕਤੀ ਨੇ ਵੱਡੇ-ਵੱਡੇ ਆਵਿਸ਼ਕਾਰ ਕਰ ਦਿੱਤੇ ਹਨ। ਕਲਪਨਾ ਦੀ ਸ਼ਕਤੀ ਦਾ ਪਤਾ ਲੱਗ ਜਾਵੇ ਤਾਂ ਜੀਵਨ ਵਿੱਚ ਕ੍ਰਾਂਤੀ ਲਿਆਂਦੀ ਜਾ ਸਕਦੀ ਹੈ। ਜੀਵਨ ਦੀ ਧਾਰਾ ਹੀ ਬਦਲ ਸਕਦੀ ਹੈ। ਜਦੋਂ ਤੁਸੀਂ ਹਰ ਪਲ, ਹਰ ਦਿਨ, ਉਠਦੇ ਬੈਠਦੇ ਆਪਣੇ ਲਕਸ਼ ਦੀ ਗੱਲ ਹੀ ਸੋਚੋਗੇ, ਉਸੇ ਦਿਸ਼ਾ ਵਿੱਚ ਵਧੋਗੇ, ਉਸ ਦੀਆਂ ਕਲਪਨਾਵਾਂ ਵਿੱਚ ਖੋਏ ਰਹੋਗੇ ਤਾਂ ਲਕਸ਼ ਮਿਲਣਾ ਅਸੰਭਵ ਨਹੀਂ ਹੋ ਸਕਦਾ।

ਅਜਿਹੇ ਬਹੁਤ ਸਾਰੇ ਹਰੇ ਭਰੇ ਮੈਦਾਨ ਅਤੇ ਖੇਤ ਹਨ, ਜੋ ਪਹਿਲਾਂ ਉਬੜ ਖਾਬੜ ਬੀਹੜ ਜਾਂ ਪਠਾਰ ਸਨ, ਜਿੱਥੇ ਕੁੱਝ ਵੀ ਉਤਪਾਦਨ ਨਹੀਂ ਸੀ, ਅੱਜ ਉੱਥੇ ਫਸਲਾਂ ਲਹਿਰਾਉਂਦੀਆਂ ਹਨ, ਫੁੱਲ ਮਹਿਕਦੇ ਹਨ ਜਾਂ ਪਾਠਕ ਹਨ।

ਇਹ ਕਿਵੇਂ ਹੋ ਗਿਆ?

ਮਿਹਨਤ ਨਾਲ ਕਿਸੇ ਮਹੱਤਵਾਕਾਂਕਸ਼ੀ ਦੀ ਹੀ ਕਲਪਨਾ ਦਾ ਇਹ ਸਾਕਾਰ ਰੂਪ ਹੁੰਦਾ ਹੈ। ਕਲਪਨਾ ਸ਼ਕਤੀ ਨਾਲ ਅੱਗੇ ਵਧਣ ਅਤੇ ਸਫਲਤਾ ਨੂੰ ਪਾਉਣ ਦੇ ਦ੍ਰਿੜ੍ਹ ਸੰਕਲਪ ਵਾਲੇ ਵਿਅਕਤੀਆਂ ਨੇ ਹੀ ਤਾਂ ਪਹਾੜਾਂ ਨੂੰ ਮੈਦਾਨ ਬਣਾ ਦਿੱਤਾ ਸੀ, ਪਹਾੜਾਂ ਵਿੱਚ ਉਦਯੋਗ ਲਗਾ ਦਿੱਤੇ ਜਾਂ ਖੁਸ਼ਕ ਮਾਰੂਥਲਾਂ ਵਿੱਚ ਨਹਿਰਾਂ ਵਹਾ ਦਿੱਤੀਆਂ।

ਹਰ ਇੱਕ ਮਨੁੱਖ ਦੇ ਅੰਦਰ ਸ਼ਕਤੀ ਦਾ ਸਰੋਤ ਹੈ। ਕੋਈ ਨਾ ਕੋਈ ਸ਼ਕਤੀ, ਕੋਈ ਨਾ ਕੋਈ ਪ੍ਰਤਿਭਾ ਹਰ ਇੱਕ ਵਿੱਚ ਛੁਪੀ ਹੋਈ ਹੈ।

ਐਸੇ ਭੂ-ਖੰਡ ਦੀ ਤਰ੍ਹਾਂ ਹੈ ਮਨੁੱਖ, ਜਿਸ ਦੇ ਅੰਦਰ ਅਪਾਰ ਸੰਪਦਾ ਛੁਪੀ ਹੁੰਦੀ ਹੈ। ਉਸ ਨੂੰ ਲੱਭਣ ਦੀ ਜ਼ਰੂਰਤ ਹੈ, ਪਹਿਚਾਣਨ ਦੀ ਜ਼ਰੂਰਤ ਹੈ। ਆਪਣੀ ਸ਼ਕਤੀ ਨੂੰ ਪਹਿਚਾਣੋ, ਆਪਣੇ ਆਪ ਨੂੰ ਜਾਣੋ ਅਤੇ ਪੂਰੀ ਲਗਨ, ਸ਼ਕਤੀ ਅਤੇ ਵਿਸ਼ਵਾਸ ਦੇ ਨਾਲ ਆਪਣੀ ਮੰਜ਼ਿਲ ਦੀ ਤਰਫ਼ ਵਧੋ। ਆਪਣੀ ਸ਼ਕਤੀ ਵਿੱਚ ਵਿਸ਼ਵਾਸ ਰੱਖ ਕੇ ਤੁਸੀਂ ਸੁਪਨਿਆਂ ਦੀ ਮੰਜ਼ਿਲ ਵੱਲ ਵਧੋਗੇ ਤਾਂ ਹੀ ਤਾਂ ਮੰਜ਼ਿਲ ਮਿਲੇਗੀ।

ਜੋ ਵਿਅਕਤੀ ਮੂਰਖ ਅਤੇ ਆਲਸੀ ਹੁੰਦੇ ਹਨ, ਉਹ ਕਿਸਮਤ ਅਤੇ ਸੰਜੋਗ ਦੀ ਗੱਲ ਕਰਦੇ ਹਨ। ਕੁੱਝ ਲੋਕ ਦੂਸਰਿਆਂ ਨਾਲ ਸਿਰਫ਼ ਈਰਖਾ ਤਾਂ ਕਰਦੇ ਹਨ, ਪ੍ਰਤੀ ਦਵੰਦੀ ਦੀ ਤਰ੍ਹਾਂ ਉਨ੍ਹਾਂ ਨਾਲੋਂ ਦੁਗਣੀ ਮਿਹਨਤ ਕਰਕੇ ਉਨ੍ਹਾਂ ਤੋਂ ਅੱਗੇ ਵਧਣ ਦਾ ਯਤਨ ਨਹੀਂ ਕਰਦੇ। ਦੂਸਰਿਆਂ ਨੂੰ ਧਨਵਾਨ ਦੇਖ ਕੇ ਕਿਸਮਤ ਦੀ ਗੱਲ ਕਰਦੇ ਹਨ ਜਾਂ ਉਨ੍ਹਾਂ ਨੂੰ ਭ੍ਰਿਸ਼ਟ ਜਾਂ ਦੋ ਨੰਬਰ ਕਹਿ ਕੇ ਚੁੱਪ ਹੋ ਜਾਣਗੇ। ਲੇਕਿਨ ਸਭ ਦੀ ਇਹ ਗੱਲ ਥੋੜ੍ਹੇ ਹੀ ਹੈ। ਉਨ੍ਹਾਂ ਦੀ ਸਫਲਤਾ ਦੇ ਪਿੱਛੇ ਜੋ ਲਗਨ, ਜੋ ਦ੍ਰਿੜ੍ਹ ਸੰਕਲਪ ਅਤੇ ਇੱਛਾ ਸ਼ਕਤੀ ਰਹੀ ਹੈ, ਉਸ ਨੂੰ ਮੂਰਖ ਲੋਕ ਨਹੀਂ ਦੇਖਦੇ। ਸਫਲਤਾ ਦੇ ਲਈ ਉਹ ਕੁੱਝ ਵੀ ਬਲੀਦਾਨ ਨਹੀਂ ਕਰਦੇ।

ਖੇਤ ਵਿੱਚ ਕਿਸਾਨ ਬੀਜ ਪਾਉਂਦਾ ਹੈ।

ਬੀਜ ਵਿੱਚੋਂ ਅੰਕੁਰ ਤਾਂ ਫੁਟਦਾ ਹੈ, ਜਦ ਉਹ ਖੂਬ ਜੁਤਾਈ, ਬਿਜਾਈ, ਨਿਰਾਈ, ਗੁਡਾਈ, ਸਿੰਚਾਈ ਅਤੇ ਦੇਖ ਭਾਲ ਕਰਦਾ ਹੈ।

ਸਿਰਫ ਬੀਜ ਬੀਜ ਦੇਣਾ ਕਾਫ਼ੀ ਨਹੀਂ ਹੈ।

ਇੱਛਾ ਦਾ ਪੈਦਾ ਹੋਣਾ ਤਾਂ ਸਿਰਫ਼ ਬੀਜ ਬੋ ਦੇਣਾ ਭਰ ਹੈ।

ਬਾਕੀ ਕੰਮ ਤਾਂ ਰਹਿ ਹੀ ਗਏ।

ਬੀਜ ਬੀਜ ਦੇਣ ਦੇ ਬਾਅਦ ਵੀ ਮਿਹਨਤ ਦੀ ਬਹੁਤ ਜ਼ਰੂਰਤ ਹੈ।

ਜਿਸ ਪ੍ਰਕਾਰ ਬਿਨਾਂ ਸਿੰਚਾਈ, ਨਿਰਾਈ ਅਤੇ ਹੋਰ ਮਿਹਨਤ ਦੇ ਕਿਸਾਨ ਖੇਤਾਂ ਵਿੱਚੋਂ ਅਨਾਜ ਨਹੀਂ ਲੈ ਸਕਦਾ, ਉਸੇ ਪ੍ਰਕਾਰ ਸਿਰਫ ਇੱਛਾ ਹੀ ਕਾਫ਼ੀ ਨਹੀਂ, ਯਤਨ ਵੀ ਕਰਨਾ ਜ਼ਰੂਰੀ ਹੈ।

ਤੁਸੀਂ ਨਗਰ ਵਿੱਚ ਅਜਿਹੇ ਬਹੁਤ ਸਾਰੇ ਲੋਕ ਦੇਖੇ ਹੋਣਗੇ ਜੋ ਕਦੇ ਸਾਧਾਰਨ ਸਨ। ਅੱਜ ਉਹ ਆਸਾਧਾਰਣ ਹਨ।

ਕੱਲ੍ਹ ਦਾ ਅਖ਼ਬਾਰ ਵੇਚਣ ਵਾਲਾ ਅੱਜ ਨਗਰ ਦਾ ਉਦਯੋਗਪਤੀ ਹੋ ਸਕਦਾ ਹੈ। ਕੱਲ੍ਹ ਜੋ ਰੇਹੜੀ ਤੇ ਸਾਮਾਨ ਵੇਚਦਾ ਸੀ, ਅੱਜ ਸ਼ਹਿਰ ਦਾ ਪ੍ਰਮੁੱਖ ਵਪਾਰੀ ਹੈ।

ਕਈ ਕਾਰਖਾਨੇਦਾਰ ਹਨ, ਜੋ ਸਾਧਾਰਣ ਸਪਲਾਇਰ ਜਾਂ ਏਜੰਟ ਸਨ।

ਉਨ੍ਹਾਂ ਨੇ ਮਿਹਨਤ ਕੀਤੀ ਹੈ। ਰਾਤ ਦਿਨ ਲੱਗੇ ਰਹੇ ਹਨ।

ਉਨ੍ਹਾਂ ਵਿੱਚ ਦ੍ਰਿੜ੍ਹ ਇੱਛਾ ਸ਼ਕਤੀ, ਆਤਮ-ਵਿਸ਼ਵਾਸ ਅਤੇ ਲਗਨ ਸੀ।

ਨਿਰਾਸ਼ਾਵਾਦੀ ਅੱਗੇ ਨਹੀਂ ਵਧ ਸਕਦਾ।

ਨਿਰਾਸ਼ਾ ਨੂੰ ਤਾਂ ਦਫਨਾ ਦੇਣਾ ਪਵੇਗਾ।

ਮਿਹਨਤ ਨਾਲ ਕੋਈ ਵੀ ਵਿਅਕਤੀ ਕਿਸੇ ਵੀ ਇੱਛਾ ਨੂੰ ਪੂਰਨ ਕਰ ਸਕਦਾ ਹੈ। ਚਾਹੇ ਕੋਈ ਬਹੁਤ ਵੱਡਾ ਲੇਖਕ ਬਣਨਾ ਚਾਹੇ-ਚਾਹੇ ਡਾਕਟਰ ਜਾਂ ਇੰਜੀਨੀਅਰ ਜਾਂ ਕੋਈ ਕਲਾਕਾਰ-ਆਪਣੀ

ਦ੍ਰਿੜ ਇੱਛਾ ਤੇ ਵਿਸ਼ਵਾਸ ਕਰ ਕੇ ਉਸ ਦੇ ਲਈ ਯਤਨ ਕਰਕੇ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰ ਸਕਦਾ ਹੈ।

ਸਾਡੇ ਜੀਵਨ ਦਾ ਆਲੀਸ਼ਾਨ ਭਵਨ ਸਾਡੇ ਮਨ ਵਿੱਚ ਹੁੰਦਾ ਹੈ-ਸਾਡੀਆਂ ਕਲਪਨਾਵਾਂ ਵਿੱਚ ਹੁੰਦਾ ਹੈ। ਉਹ ਸਾਡੇ ਜੀਵਨ-ਰੂਪੀ ਭਵਨ ਦਾ ਨਕਸ਼ਾ ਹੈ। ਸਾਡੀਆਂ ਮਹਾਨ ਸ਼ਕਤੀਆਂ ਅਤੇ ਸਫਲਤਾਵਾਂ ਤਾਂ ਹਾਲੇ ਆਉਣ ਵਾਲੀਆਂ ਹਨ। ਸਾਡੇ ਮਨ ਵਿੱਚ ਜੋ ਕਲਪਨਾ ਹੈ-ਉਹ ਮਨ ਵਿੱਚ ਤਾਂ ਸਾਕਾਰ ਹੈ, ਇਸ ਲਈ ਅਸੀਂ ਉਨ੍ਹਾਂ ਨੂੰ ਜੀਵਨ ਵਿੱਚ ਪਾ ਸਕਦੇ ਹਾਂ।

ਜਿਸ ਵਸਤੂ ਜਾਂ ਵਿਅਕਤੀ ਦੀ ਅਸੀਂ ਮਨ ਵਿੱਚ ਚਾਹ ਕਰਦੇ ਹਾਂ, ਉਸੇ ਵੱਲ ਸਾਡੇ ਮਨ ਦੀਆਂ ਸਭ ਸ਼ਕਤੀਆਂ ਖਿੱਚੀਆਂ ਜਾਂਦੀਆਂ ਹਨ, ਜੋ ਆਪਣੇ ਆਕਰਸ਼ਣ ਦੇ ਕਾਰਨ ਉਨ੍ਹਾਂ ਹੀ ਚੀਜ਼ਾਂ ਨੂੰ ਆਪਣੀ ਤਰਫ਼ ਖਿੱਚ ਲਿਆਉਣ ਵਿੱਚ ਸਫਲ ਹੋ ਜਾਂਦੀਆਂ ਹਨ। ਇਹ ਇੱਕ ਮਨੋਵਿਗਿਆਨਕ ਤੱਥ ਹੈ।

ਇਸ ਰਸ ਨੂੰ ਤੁਸੀਂ ਇਸ ਪ੍ਰਕਾਰ ਸਮਝ ਸਕਦੇ ਹੋ। ਤੁਸੀਂ ਕਿਸੇ ਮਹਾਂਨਗਰ ਵਿੱਚ ਜਾ ਕੇ ਇਕੱਲੇ ਰੇਲਵੇ ਸਟੇਸ਼ਨ ਤੇ ਉਤਰਦੇ ਹੋ। ਉਸ ਮਹਾਂਨਗਰ ਵਿੱਚ ਤੁਹਾਡਾ ਕੋਈ ਵੀ ਵਾਕਫ ਅਤੇ ਜਾਣ ਪਹਿਚਾਣ ਵਾਲਾ ਨਹੀਂ ਹੈ। ਤੁਹਾਡੇ ਮਨ ਵਿੱਚ ਦ੍ਰਿੜ੍ਹ ਇੱਛਾ ਅਤੇ ਚਾਹਤ ਹੈ ਕਿ ਉੱਥੇ ਤੁਹਾਡੇ ਕੁੱਝ ਮਿੱਤਰ ਹੋਣ। ਕੁੱਝ ਹੀ ਦਿਨ ਉੱਥੇ ਰਹਿੰਦੇ ਹੋ ਕਿ ਤੁਸੀਂ ਦੇਖਦੇ ਹੋ ਕਿ ਉਥੇ ਤੁਹਾਡੇ ਬਹੁਤ ਸਾਰੇ ਮਿੱਤਰ ਹਨ।

ਐਸਾ ਕਿਉਂ ਹੋ ਗਿਆ? ਕਿਵੇਂ ਹੋ ਗਿਆ?

ਤਹਾਨੂੰ ਖੁਦ ਹੈਰਾਨੀ ਹੋਵੇਗੀ।

ਹੁੰਦਾ ਇਹ ਹੈ ਕਿ ਜੋ ਚਾਹ, ਜੋ ਦ੍ਰਿੜ੍ਹ ਇੱਛਾ ਸੀ ਤੁਹਾਡੇ ਮਨ ਵਿੱਚ, ਉਸ ਨੇ ਲੋਕਾਂ ਨੂੰ ਆਪਣੀ ਤਰਫ ਖਿੱਚਿਆ। ਤੁਹਾਡੇ ਮਨ ਦੀਆਂ ਸਾਰੀਆਂ ਸ਼ਕਤੀਆਂ ਇਸੇ ਵਿੱਚ ਲੱਗ ਗਈਆਂ ਸਨ। ਤੁਸੀਂ ਉਥੇ ਰੈਸਟੋਰੈਂਟ, ਸਿਨੇਮਾ, ਨਾਟਘਰ, ਥੀਏਟਰ ਆਦਿ ਵਿੱਚ ਜਾਂਦੇ ਹੋ, ਤੁਹਾਡੀਆਂ ਅੱਖਾਂ ਆਪਣੇ ਹਮਖਿਆਲ ਨੂੰ ਲੱਭਦੀਆਂ ਹਨ, ਤੁਹਾਡਾ ਮਨ ਆਪਣੇ ਵਰਗੇ ਵਿਚਾਰਾਂ ਨੂੰ ਆਪਣੀ ਤਰਫ ਖਿੱਚਦਾ ਹੈ। ਤੁਸੀਂ ਜੇ ਸਾਹਿਤ ਨਾਲ ਲਗਾਓ ਰੱਖਦੇ ਹੋ ਤਾਂ ਲਾਇਬਰੇਰੀਆਂ ਵਿੱਚ ਜਾਓਗੇ, ਗੋਸ਼ਠੀਆਂ ਜਾਂ ਕਵੀ ਸੰਮੇਲਨਾਂ ਵਿੱਚ ਜਾਓਗੇ, ਪੱਤਰ-ਪੱਤ੍ਰਿਕਾਵਾਂ ਦੇ ਦਫਤਰਾਂ ਵਿੱਚ ਜਾਓਗੇ। ਉੱਥੇ ਹੀ ਤੁਹਾਨੂੰ ਤੁਹਾਡੇ ਮਨ-ਵਾਂਛਿਤ ਲੋਕ ਮਿਲ ਜਾਂਦੇ ਹਨ।

ਕਿਸੇ ਵੀ ਦੇਸ਼ ਦੇ ਬਹੁਤ ਵੱਡੇ ਸ਼ਹਿਰ ਵਿੱਚ ਜੋ ਬਾਹਰ ਦੇ ਦੇਸ਼ਾਂ ਵਿੱਚੋਂ ਲਿਆ ਕੇ ਹਜ਼ਾਰਾਂ ਅਲੱਗ-ਅਲੱਗ ਪ੍ਰਕ੍ਰਿਤੀ ਅਤੇ ਪ੍ਰਵ੍ਰਿਤੀ ਦੇ ਲੋਕ ਛੱਡ ਦਿੱਤੇ ਜਾਣ ਤਾਂ ਤੁਸੀਂ ਜਾਣਦੇ ਹੋ ਕੀ ਹੋਵੇਗਾ?

ਤੁਸੀਂ ਦੇਖਦੇ ਹੋ ਕਿ ਚੰਦ ਦਿਨਾਂ ਵਿੱਚ ਹੀ ਉਨ੍ਹਾਂ ਵਿੱਚੋਂ ਅਪਰਾਧੀ ਪ੍ਰਵ੍ਰਿਤੀ ਦੇ ਲੋਕ ਤੁਹਾਨੂੰ ਉਸ ਸ਼ਹਿਰ ਦੇ ਅਪਰਾਧੀਆਂ ਦੇ ਨਾਲ ਮਿਲਣਗੇ, ਕਵੀ ਜਾਂ ਕਹਾਣੀਕਾਰ ਉੱਥੋਂ ਦੇ ਸਾਹਿਤਕਾਰਾਂ ਅਤੇ ਸੰਪਾਦਕਾਂ ਵਿੱਚ ਹੋਣਗੇ ਅਤੇ ਧਾਰਮਿਕ ਲੋਕ ਮੰਦਿਰਾਂ ਵਿੱਚ ਭਗਤਾਂ ਵਿੱਚ। ਸੰਗੀਤ ਵਿੱਚ ਰੁਚੀ ਰੱਖਣ ਵਾਲੇ ਸੰਗੀਤ ਸਮਾਰੋਹਾਂ ਵਿੱਚ ਗਾਉਣ ਵਜਾਉਣ ਵਾਲੇ ਮਿੱਤਰਾਂ ਵਿੱਚ ਘਿਰੇ ਹੋਏ।

ਇਹ ਇੱਕ ਮਨੋਵਿਗਿਆਨਕ ਨਿਯਮ ਹੈ।

ਇੱਕ ਅਦਭੁਤ ਸੱਚ ਹੈ ਕਿ ਮਨ ਆਪਣੇ ਵਰਗੀ ਚੀਜ਼ ਨੂੰ ਇਸੇ ਪ੍ਰਕਾਰ ਖਿੱਚਦਾ ਹੈ ਜਿਵੇਂ ਚੁੰਬਕ ਖਿੱਚ ਲੈਂਦਾ ਹੈ। ਵਿਰੋਧੀ ਜਾਂ ਵਿਜਾਤੀ ਤੱਤਾਂ ਨੂੰ ਲੋਹ ਚੁੰਬਕ ਕਦੇ ਨਹੀਂ ਖਿੱਚਦਾ। ਇਸ ਲਈ ਆਪਣੇ ਮਨ ਨੂੰ ਵੈਸਾ ਬਣਾਓ, ਜੈਸਾ ਤੁਸੀਂ ਚਾਹੁੰਦੇ ਹੋ। ਜੈਸੀਆਂ ਚੀਜ਼ਾਂ ਦੀ ਤੁਸੀਂ ਇੱਛਾ ਕਰਦੇ ਹੋ ਵੈਸਾ ਹੀ ਆਪਣੇ ਮਨ ਨੂੰ ਬਣਾ ਲਵੋ। ਮਨ ਵਿੱਚ ਹਰ ਪਲ ਉਹੀ ਗੱਲਾਂ ਰਹਿਣ, ਉਹੀ ਲਗਨ ਰਹੇ।

ਜੈਸਾ ਤੁਹਾਡਾ ਮਨ ਹੋਵੇਗਾ, ਜੈਸਾ ਤੁਸੀਂ ਸੋਚੋਗੇ, ਵੈਸਾ ਸੁਭਾਅ ਬਣ ਜਾਵੇਗਾ, ਜੈਸਾ ਤੁਸੀਂ ਸੋਚਦੇ ਹੀ ਜਾਵੋਗੇ ਅਤੇ ਫੇਰ ਤੁਸੀਂ ਆਪਣੀਆਂ ਵਿਚਾਰ-ਸ਼ਕਤੀਆਂ ਦੇ ਅਨੁਸਾਰ ਬਦਲੇ ਵਿੱਚ ਫਲ ਪਾਵੋਗੇ। ਜਿਵੇਂ ਤੁਸੀਂ ਈਰਖਾ, ਜਲਣ ਅਤੇ ਕ੍ਰੋਧ ਦੇ ਵਿਚਾਰ ਨਾਲ ਘਿਰ ਜਾਵੋਗੇ ਤਾਂ ਬਦਲੇ ਵਿੱਚ ਤੁਹਾਨੂੰ ਈਰਖਾ, ਜਲਣ ਅਤੇ ਕ੍ਰੋਧ ਹੀ ਮਿਲੇਗਾ।

ਬਹੁਤ ਸਾਰੇ ਲੋਕ ਆਪਣੀਆਂ ਨਿਰਾਸ਼ਾਵਾਂ ਦੇ ਕਾਰਨ ਆਪਣੀਆਂ ਈਸ਼ਵਰੀ ਸ਼ਕਤੀਆਂ ਨੂੰ ਸੰਕੁਚਿਤ ਕਰ ਲੈਂਦੇ ਹਨ। ਉਹ ਇਹ ਨਹੀਂ ਜਾਣਦੇ ਕਿ ਸਦਾ ਆਪਣੀ ਨਿਰਧਨਤਾ, ਮਿੱਤਰਾਂ ਦੀ ਥੁੜ੍ਹ, ਅਸਫਲਤਾ, ਅਣਗਿਣਤ ਨਿਰਾਸ਼ਾਵਾਂ ਦੀਆਂ ਕਲਪਨਾਵਾਂ ਕਰਕੇ ਉਹ ਖੁਦ ਆਪਣੀ ਉਨਤੀ ਦੇ ਮਾਰਗ ਵਿੱਚ ਰੁਕਾਵਟ ਖੜ੍ਹੀ ਕਰ ਲੈਂਦੇ ਹਨ।

ਤੁਸੀਂ ਕਦੇ ਆਪਣੀਆਂ ਆਸ਼ਾਵਾਂ ਤੋਂ ਜ਼ਿਆਦਾ ਨਹੀਂ ਬਣ ਸਕਦੇ। ਆਪਣੀਆਂ ਇੱਛਾਵਾਂ ਤੇ ਵਿਸ਼ਵਾਸ ਨਹੀਂ ਕਰੋਗੇ ਤਾਂ ਉਹ ਕਦੇ ਪੂਰੀਆਂ ਨਹੀਂ ਹੋਣਗੀਆਂ। ਆਪਣੀਆਂ ਸ਼ਕਤੀਆਂ ਉੱਤੇ ਪੂਰਾ ਵਿਸ਼ਵਾਸ ਕਰੋ।

ਈਸ਼ਵਰ ਨੇ ਸਾਡੇ ਮਨ ਵਿੱਚ, ਸਾਡੇ ਹਿਰਦੇ ਵਿੱਚ ਉਹ ਹੀ ਇੱਛਾਵਾਂ ਉਤਪੰਨ ਕੀਤੀਆਂ ਹਨ, ਜਿਨ੍ਹਾਂ ਨੂੰ ਅਸੀਂ ਪੂਰਾ ਕਰ ਸਕਦੇ ਹਾਂ। ਰੱਬ ਨੇ ਸਾਨੂੰ ਸਾਰੇ ਮਨੁੱਖਾਂ ਨੂੰ ਸੁੰਦਰ ਅਤੇ ਸ਼ਕਤੀਸ਼ਾਲੀ ਸਰੀਰ ਇਸ ਲਈ ਦਿੱਤਾ ਹੈ ਕਿ ਅਸੀਂ ਆਪਣੀਆਂ ਮਹਾਨ, ਛਿਪੀਆਂ ਸ਼ਕਤੀਆਂ ਨੂੰ ਪਹਿਚਾਣ ਕੇ ਜੀਵਨ ਨੂੰ ਮਹਾਨ ਬਣਾਈਏ, ਇਸ ਸੰਸਾਰ ਨੂੰ ਵੀ ਸੁੰਦਰ ਬਣਾਉਣ ਦੇ ਯਤਨ ਕਰੀਏ, ਸੰਸਾਰ ਨੂੰ ਨਵਾਂ ਸੰਦੇਸ਼ ਦੇਈਏ, ਜੋ ਕਿ ਭਗਵਾਨ ਨੇ ਤੁਹਾਨੂੰ ਦੇਣ ਦੇ ਲਈ ਭੇਜਿਆ ਹੈ। ਤੁਸੀਂ ਦੁਨੀਆਂ ਵਿੱਚ ਵਿਅਰਥ ਨਹੀਂ ਆਏ ਹੋ। ਤੁਹਾਡਾ ਜੀਵਨ ਜੋ ਹੈ, ਉਹ ਵਿਅਰਥ ਗੁਆਉਣ ਦੇ ਲਈ ਨਹੀਂ ਹੈ।

ਨਿਰਾਸ਼ਾ ਅਤੇ ਕਠਿਨਾਈਆਂ ਤਾਂ ਆਉਂਦੀਆਂ ਹਨ। ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਰਸਤੇ ਵਿੱਚ ਅਨੇਕ ਪ੍ਰਕਾਰ ਦੀਆਂ ਅੜਚਣਾਂ ਤਾਂ ਆਉਂਦੀਆਂ ਹੀ ਹਨ। ਲੋਕ ਤੁਹਾਨੂੰ ਜੇ ਮੂਰਖ, ਪਾਗਲ ਜਾਂ ਸਨਕੀ ਕਹਿੰਦੇ ਹਨ ਤਾਂ ਕਹਿਣ ਦਿਓ। ਉਨ੍ਹਾਂ ਦੀ ਪ੍ਰਵਾਹ ਨਾ ਕਰੋ। ਲੋਕ ਤਾਂ ਕਹਿੰਦੇ ਹੀ ਹਨ। ਜਿੰਨੇ ਵੀ ਮਹਾਂਪੁਰਸ਼ ਹੋਏ ਹਨ-ਸਭ ਦੇ ਰਸਤੇ ਵਿੱਚ ਅੜਚਣਾਂ ਆਈਆਂ ਹਨ, ਲੋਕਾਂ ਨੇ ਉਨ੍ਹਾਂ ਨੂੰ ਮੂਰਖ, ਪਾਗਲ ਅਤੇ ਸਮਾਜ ਵਿਰੋਧੀ ਤੱਕ ਕਿਹਾ ਹੈ। ਮਹਾਤਮਾ ਈਸਾ, ਮੁਹੰਮਦ ਸਾਹਬ, ਦਿਆਨੰਦ, ਵਿਵੇਕਾਨੰਦ, ਮਦਨਮੋਹਨ ਮਾਲਵੀਯ ਸਭ ਨੂੰ ਆਪਣੇ ਲਕਸ਼ ਨੂੰ ਪੂਰਾ ਕਰਨ ਦੇ ਲਈ ਵੱਡੇ-ਵੱਡੇ ਕਸ਼ਟ ਝੱਲਣੇ ਪਏ।

ਤੁਸੀਂ ਵੀ ਆਪਣੀ ਆਤਮਾ ਦੀ ਆਵਾਜ਼ ਨੂੰ ਸੁਣਦੇ ਹੋਏ ਅੱਗੇ ਵਧਦੇ ਚਲੇ ਜਾਓ। ਧੀਰਜ ਅਤੇ ਵਿਸ਼ਵਾਸ ਲੈ ਕੇ ਆਪਣੇ ਜੀਵਨ ਲਕਸ਼ ਨੂੰ ਮਜ਼ਬੂਤੀ ਨਾਲ ਪਕੜੀ ਰੱਖੋ।

ਇੱਕ ਪਲ ਦੇ ਲਈ ਵੀ ਲਕਸ਼ ਨੂੰ ਅੱਖੋਂ ਓਹਲੇ ਨਾ ਹੋਣ ਦਿਓ।

ਤੁਹਾਡਾ ਸੁਨਹਿਰੀ ਭਵਿੱਖ ਤੁਹਾਡੇ ਸਾਹਮਣੇ ਹੈ ਜੋ ਕਿ ਤੁਹਾਡੀ ਉਡੀਕ ਵਿੱਚ ਹੈ। ਉਹੀ ਤੁਹਾਡੀ ਕਿਸਮਤ ਦਾ ਸਿਤਾਰਾ ਹੈ। ਉਸੇ ਦੇ ਪ੍ਰਕਾਸ਼ ਵਿੱਚ ਵਧਦੇ ਚਲੇ ਜਾਵੋ-ਹਨੇਰੇ ਨੂੰ ਚੀਰਦੇ ਹੋਏ-ਸੁੰਦਰਤਾ ਅਤੇ ਪ੍ਰਕਾਸ਼ ਦੀ ਤਰਫ਼।

ਤੁਹਾਡਾ ਮਨ ਵਾਂਛਿਤ ਕੰਮ ਤੁਹਾਨੂੰ ਨਹੀਂ ਮਿਲ ਰਿਹਾ ਹੈ, ਮਜਬੂਰੀ ਵਿੱਚ ਜਾਂ ਆਪਣੇ ਪ੍ਰਿਯਜਨਾਂ ਦਾ ਮਨ ਰੱਖਣ ਦੇ ਲਈ ਜਾਂ ਮਾਤਾ

ਪਿਤਾ ਦੀ ਆਗਿਆ ਅਨੁਸਾਰ ਘਰ ਦਾ ਕੰਮ ਚਲਾਉਣ ਦੇ ਲਈ ਤੁਸੀਂ ਅਣਇੱਛਤ ਕੰਮ ਕਰ ਰਹੇ ਹੋ, ਤਾਂ ਤੁਸੀਂ ਧੀਰਜ ਰੱਖੋ, ਚਿੰਤਤ ਨਾ ਹੋਵੋ, ਆਪਣੇ ਲਕਸ਼ ਨੂੰ ਨਾ ਭੁੱਲੋ। ਅਰੁਚੀ ਵਾਲਾ ਕੰਮ ਕਰਦੇ ਰਹੋ, ਫੇਰ ਵੀ ਆਪਣੇ ਅਸਲੀ ਉਦੇਸ਼ ਨੂੰ ਯਾਦ ਰੱਖੋ। ਉਸ ਲਕਸ਼ ਨੂੰ ਪਾਉਣ ਦੇ ਲਈ ਵੀ ਬਰਾਬਰ ਕੋਸ਼ਿਸ਼ ਕਰਦੇ ਰਹੋ। ਇਹੀ ਵਿਸ਼ਵਾਸ ਅਤੇ ਮਿਹਨਤ ਇੱਕ ਦਿਨ ਤੁਹਾਨੂੰ ਤੁਹਾਡੇ ਮਨਚਾਹੇ ਲਕਸ਼ ਤੱਕ ਪਹੁੰਚਾ ਦੇਵੇਗਾ।

ਅਨੇਕ ਵਿਗਿਆਨਕ ਜਿਸ ਪ੍ਰਯੋਗ ਵਿੱਚ ਅਸਫਲ ਰਹੇ, ਜਿਸ ਸਮੱਸਿਆ ਨੂੰ ਸੁਲਝਾਉਣ ਵਿੱਚ ਅਸਫਲ ਰਹੇ, ਨਿਰਾਸ਼ ਹੋ ਕੇ ਬੈਠ ਗਏ, ਉਸ ਨੂੰ ਏਡੀਸਨ ਨੇ ਕਰ ਦਿਖਾਇਆ। ਉਹ ਨਿਰਾਸ਼ ਨਹੀਂ ਹੋਇਆ। ਉਸ ਨੇ ਆਤਮ ਵਿਸ਼ਵਾਸ ਨਹੀਂ ਖੋਇਆ। ਉਸ ਦੇ ਇਸੇ ਆਤਮ ਵਿਸ਼ਵਾਸ ਅਤੇ ਦ੍ਰਿੜ੍ਹ ਸੰਕਲਪ ਨੇ ਉਸ ਨੂੰ ਅੱਗੇ ਵਧਾਇਆ। ਆਪਣੇ ਆਵਿਸ਼ਕਾਰ ਵਿੱਚ ਸਫਲ ਹੋ ਕੇ ਉਸਨੇ ਸੰਸਾਰ ਦਾ ਇੱਕ ਮਹਾਨ ਆਵਿਸ਼ਕਾਰਕ ਹੋਣ ਦਾ ਗੌਰਵ ਪਾਇਆ।

ਜੋ ਵਿਅਕਤੀ ਆਪਣੇ ਸੁਪਨਿਆਂ ਉੱਤੇ ਅਜਿਹਾ ਹੀ ਅਟੁੱਟ ਵਿਸ਼ਵਾਸ ਲੈ ਕੇ ਅੱਗੇ ਵਧਦਾ ਹੈ, ਉਸਦੇ ਲਈ ਸਫਲਤਾ ਦੇ ਦਰਵਾਜ਼ੇ ਸਦਾ ਖੁਲ੍ਹੇ ਰਹਿੰਦੇ ਹਨ।

ਆਤਮ ਵਿਸ਼ਵਾਸ ਇੱਕ ਅਮਰਦੀਪ ਹੈ। ਐਸਾ ਅਮਰਦੀਪ ਜਿਸਦੇ ਉੱਜਲੇ ਪ੍ਰਕਾਸ਼ ਵਿੱਚ ਤੁਸੀਂ ਵਧਦੇ ਰਹੋ। ਕਿੰਨਾ ਹੀ ਹਨੇਰਿਆਂ ਨਾਲ ਭਰਿਆ, ਬੀਹੜਾਂ ਵਿੱਚੋਂ ਗੁਜ਼ਰਨ ਵਾਲਾ ਰਸਤਾ ਹੋਵੇ, ਘਬਰਾਉਣ ਦੀ ਕੀ ਜਰੂਰਤ ਹੈ, ਜਦੋਂ ਤੁਹਾਡੇ ਹੱਥਾਂ ਵਿੱਚ ਅਮਰਦੀਪ ਹੈ, ਰਸਤੇ ਵਿੱਚ ਪ੍ਰਕਾਸ਼ ਹੁੰਦਾ ਚਲਾ ਜਾਵੇਗਾ। ਮੰਜ਼ਿਲ ਤੇ ਜਦੋਂ ਤੁਸੀਂ ਪਹੁੰਚੋਗੇ ਤਾਂ ਪ੍ਰਕਾਸ਼ ਵੀ ਤਾਂ ਨਾਲ ਪਹੁੰਚੇਗਾ। ਆਤਮ ਵਿਸ਼ਵਾਸ ਦੇ ਦੀਪਕ ਦਾ ਉਜਲਾ ਪ੍ਰਕਾਸ਼।

ਅਮਰੀਕਾ ਵਿੱਚ ਇੱਕ ਰਾਸ਼ਟਰਪਤੀ ਹੋਏ ਹਨ ਅਬਰਾਹਮ ਲਿੰਕਨ। ਉਹ ਇੱਕ ਸਾਧਾਰਣ ਮਨੁੱਖ ਸਨ। ਸਾਧਾਰਣ ਮਨੁੱਖ ਤੋਂ ਉਹ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ। ਕਿਵੇਂ? ਇਹ ਕੋਈ ਚਮਤਕਾਰ ਜਾਂ ਦੈਵੀ ਸ਼ਕਤੀ ਦਾ ਕਰਿਸ਼ਮਾ ਨਹੀਂ ਸੀ, ਨਾ ਲਿੰਕਨ ਦੇ ਭਾਗ ਦਾ ਚਮਤਕਾਰ ਸੀ। ਲਿੰਕਨ ਦੀ ਹਾਰਦਿਕ ਇੱਛਾ, ਅੰਦਰੂਨੀ ਪ੍ਰੇਰਣਾ ਅਤੇ ਆਤਮ ਵਿਸ਼ਵਾਸ ਸੀ।

ਇਹੀ ਈਸ਼ਵਰੀ ਪ੍ਰੇਰਣਾ ਇੱਕ ਵਾਰ ਹਰੇਕ ਨੂੰ ਮਿਲਦੀ ਹੈ। ਸਾਰੇ ਮਨੁੱਖਾਂ ਨੂੰ ਈਸ਼ਵਰ ਦਾ ਇਹ ਸੰਦੇਸ਼ ਮਿਲਦਾ ਹੈ। ਇਹੀ ਸੰਦੇਸ਼ ਪਥ-ਪ੍ਰਦਰਸ਼ਕ ਬਣ ਕੇ ਉਸਨੂੰ ਠੀਕ-ਠਾਕ ਰਾਹ ਉੱਤੇ ਲੈ ਜਾਂਦਾ ਹੈ।

ਜੋ ਮਨੁੱਖ ਈਸ਼ਵਰ ਦੇ ਸੰਦੇਸ਼ ਨੂੰ ਜੀਵਨ ਵਿੱਚ ਅਪਣਾ ਲੈਂਦਾ ਹੈ, ਉਸਦੀ ਇਸ ਆਗਿਆ ਦਾ ਪਾਲਣ ਕਰਦਾ ਹੈ, ਆਤਮ ਵਿਸ਼ਵਾਸ ਅਤੇ ਦ੍ਰਿੜ੍ਹ ਨਿਸ਼ਚੇ ਦੇ ਨਾਲ ਮੰਜ਼ਿਲ ਦੀ ਤਰਫ਼ ਵਧਦਾ ਹੈ, ਉਹ ਮਹਾਨ ਬਣ ਜਾਂਦਾ ਹੈ। ਤੁਸੀਂ ਵੀ ਕਿਉਂ ਨਹੀਂ ਬਣ ਸਕਦੇ?

ਸੰਸਾਰ ਦੇ ਜਿੰਨੇ ਮਹਾਂਪੁਰਸ਼ ਹਨ, ਤੁਸੀਂ ਉਨ੍ਹਾਂ ਦੇ ਭੂਤਕਾਲ ਨੂੰ ਦੇਖੋ। ਉਨ੍ਹਾਂ ਦੇ ਅਤੀਤ ਦੇ ਇਤਿਹਾਸ ਤੇ ਨਜ਼ਰ ਮਾਰੋ। ਤੁਸੀਂ ਦੇਖੋਗੇ ਕਿ ਸਾਰੇ ਹੀ ਸਾਧਾਰਣ ਪ੍ਰੀਵਾਰਾਂ ਵਿੱਚ ਜਨਮੇ, ਸਭ ਨੇ ਹੀ ਤੁਹਾਡੀ ਹੀ ਤਰ੍ਹਾਂ ਕਸ਼ਟ ਦੇਖੇ ਹਨ। ਉਨ੍ਹਾਂ ਨੇ ਮਹਾਨ ਬਣਨ ਦਾ ਸੁਪਨਾ ਦੇਖਿਆ, ਹਾਰਦਿਕ ਇੱਛਾ ਕੀਤੀ, ਆਤਮ ਵਿਸ਼ਵਾਸ ਸੰਜੋਇਆ ਅਤੇ ਯਤਨ ਕਰਦੇ ਕਰਦੇ ਅੱਗੇ ਵਧਦੇ ਗਏ। ਸਫਲਤਾ ਦੇ ਦਰਵਾਜ਼ੇ ਉਨ੍ਹਾਂ ਲਈ ਖੁਲ੍ਹਦੇ ਚਲੇ ਗਏ। ਜਿਸ ਸਫਲਤਾ ਦੇ-ਜਿਸ ਉੱਨਤੀ ਦੇ ਉੱਚ ਸਿਖਰ ਤੇ ਪਹੁੰਚਣ ਦੇ ਉਹ ਸੁਪਨੇ ਦੇਖਿਆ ਕਰਦੇ ਸਨ, ਉਸੇ ਤੇ ਪਹੁੰਚ ਗਏ।

ਟੇਲੀਗ੍ਰਾਫ ਦੇ ਆਵਿਸ਼ਕਾਰਕ ਮੋਸ, ਰਬੜ ਦੇ ਆਵਿਸ਼ਕਾਰਕ ਗੋਡਿਅਰ, ਰੇਡਿਓ ਦੇ ਆਵਿਸ਼ਕਾਰਕ ਮਾਰਕੋਨੀ, ਟੈਲੀਫੋਨ ਦੇ ਆਵਿਸ਼ਕਾਰਕ ਏਲੇਕਜ਼ੇਂਡਰ ਗ੍ਰਾਹਮ ਵੇਲ ਅਤੇ ਕੱਪੜੇ ਸਿਉਣ ਦੀ ਮਸ਼ੀਨ ਦੇ ਜਨਮ ਦਾਤਾ ਇਲਿਅਸ ਹੋਥ ਪਹਿਲਾਂ ਸੁਪਨੇ ਦੇਖਣ ਵਾਲੇ ਹੀ ਸਨ। ਪਹਿਲਾਂ ਉਨ੍ਹਾਂ ਨੇ ਸੁਪਨੇ ਦੇਖੇ ਹੋਣਗੇ, ਕਲਪਨਾ ਕੀਤੀ ਹੋਵੇਗੀ ਅਤੇ ਫੇਰ ਆਪਣੀਆਂ ਕਲਪਨਾਵਾਂ ਨੂੰ ਸਾਕਾਰ ਰੂਪ ਦੇਣ ਦੇ ਯਤਨ ਕੀਤੇ। ਆਤਮ ਵਿਸ਼ਵਾਸ ਦੇ ਨਾਲ ਉਹ ਸੰਘਰਸ਼ ਵਿੱਚ ਜੁੱਟ ਗਏ ਸਨ। ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ, ਉਹ ਸਭ ਦੇ ਸਭ ਆਤਮ ਵਿਸ਼ਵਾਸੀ ਸਨ।

ਮਨੁੱਖਤਾ ਦੀ ਜਿਨ੍ਹਾਂ ਨੇ ਕਿਸੇ ਵੀ ਰੂਪ ਵਿੱਚ ਸੇਵਾ ਕੀਤੀ ਹੈ, ਉਨ੍ਹਾਂ ਨੇ ਆਪਣੀ ਮੰਜ਼ਿਲ ਤੱਕ ਪਹੁੰਚਣ ਦੇ ਲਈ, ਮੰਜ਼ਿਲ ਨੂੰ ਹਮੇਸ਼ਾਂ ਅੱਖਾਂ ਦੇ ਅੱਗੇ ਰੱਖਿਆ। ਲਕਸ਼ ਹਮੇਸ਼ਾਂ ਅੱਖਾਂ ਦੇ ਸਾਹਮਣੇ ਰਹਿਣਾ ਚਾਹੀਦਾ ਹੈ। ਵਿਸ਼ਵਾਸ ਸਦਾ ਮਜ਼ਬੂਤ ਰਹਿਣਾ ਚਾਹੀਦਾ ਹੈ। ਜਿੱਥੇ ਵਿਸ਼ਵਾਸ ਰੁਕ ਜਾਵੇਗਾ, ਉੱਥੇ ਸਫਲਤਾ ਵੀ ਰੁਕ ਜਾਵੇਗੀ। ਵਿਸ਼ਵਾਸ ਹੀ ਤਾਂ ਉਹ ਵਿਲੱਖਣ ਸ਼ਕਤੀ ਹੈ, ਜੋ ਸਫਲਤਾ ਦਾ ਕਾਰਨ ਬਣਦੀ ਹੈ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਉਹ ਆਪਣੀ ਸ਼ਕਤੀ ਨਾਲ ਵਧ ਰਹੇ ਹਨ ਜਦ ਕਿ ਸੱਚ ਇਹ ਹੈ ਕਿ ਸਾਨੂੰ ਅੱਗੇ ਵਧਾਉਣ ਵਾਲੀ ਇੱਕ ਅੰਦਰ ਦੀ ਪ੍ਰੇਰਕ ਸ਼ਕਤੀ ਹੈ। ਜਦੋਂ ਤੱਕ ਅੰਦਰ ਦੀ ਪ੍ਰੇਰਕ ਸ਼ਕਤੀ ਨਹੀਂ ਕਹਿੰਦੀ, ਉਦੋਂ ਤੱਕ ਮਨੁੱਖ ਕਿਸੇ ਵੀ ਕੰਮ ਵਿੱਚ ਦਿਲ ਲਗਾ ਕੇ ਕੰਮ ਨਹੀਂ ਕਰਦਾ। ਅੰਦਰ ਦੀ ਇਸ ਸ਼ਕਤੀ-ਜਾਂ ਪ੍ਰੇਰਣਾ ਨੂੰ ਤੁਸੀਂ ਮਹੱਤਵਾਕਾਂਕਸ਼ਾ ਕਹਿ ਲਵੋ ਜਾਂ ਈਸ਼ਵਰੀ ਸ਼ਕਤੀ। ਅੱਗੇ ਵਧਾਉਣ ਵਾਲੀ ਇਹੀ ਸ਼ਕਤੀ ਹੈ। ਸੰਸਾਰ ਵਿੱਚ ਤੁਸੀਂ ਕਿਉਂ ਆਏ ਹੋ? ਸੋਚਿਆ ਹੈ ਕਦੇ? ਤੁਸੀਂ ਇਸ਼ਵਰ ਦੇ ਸੰਦੇਸ਼ ਨੂੰ ਮਨੁੱਖਤਾ ਦੇ ਲਈ ਲਿਆਏ ਹੋ। ਉਹੀ ਸੰਦੇਸ਼ ਤੁਸੀਂ ਦੇਣਾ ਹੈ। ਜੀਵਨ ਦੀ ਮਹਾਨਤਾ ਨੂੰ ਨਾ ਭੁੱਲੋ। ਸੱਚ ਨੂੰ ਜੀਵਤ ਰੱਖਣ ਦੀ ਤੁਹਾਡੇ ਉੱਪਰ ਬੜੀ ਭਾਰੀ ਜ਼ਿੰਮੇਵਾਰੀ ਹੈ।

ਕੁੱਝ ਲੋਕ ਜੀਵਨ ਦੀ ਮਹਾਨਤਾ ਨੂੰ ਭੁੱਲ ਜਾਂਦੇ ਹਨ। ਲਕਸ਼ ਕਿਉਂਕਿ ਉਨ੍ਹਾਂ ਨੂੰ ਸਾਹਮਣੇ ਨਜ਼ਰ ਨਹੀਂ ਆਉਂਦਾ ਹੈ, ਇਸ ਲਈ ਉਹ ਕਿਸੇ ਵੀ ਪਾਸੇ ਚੱਲ ਪੈਂਦੇ ਹਨ। ਭਟਕ ਜਾਂਦੇ ਹਨ ਲਕਸ਼ ਤੋਂ। ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਲਈ ਕਿਸੇ ਨੂੰ ਵੀ ਹਾਨੀ ਪਹੁੰਚਾ ਦਿੰਦੇ ਹਨ। ਉਹ ਦੂਸਰੇ ਦੇ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਅਜਿਹੇ ਲੋਕ ਆਪਣੀਆਂ ਇੱਛਾਵਾਂ ਦੇ ਲਈ ਦੂਸਰਿਆਂ ਦਾ ਗਲਾ ਕੱਟਣ ਦਾ ਯਤਨ ਕਰਦੇ ਹਨ। ਅੱਗੇ ਵਧਣ ਦਾ ਇਹ ਤਰੀਕਾ ਗਲਤ ਹੈ। ਅੱਗੇ ਤਾਂ ਵਧੋ-ਖੂਬ ਵਧੋ-ਦੌੜੋ ਪ੍ਰੰਤੂ ਆਪਣੇ ਵਿਸ਼ਵਾਸ-ਆਪਣੀ ਸ਼ਕਤੀ ਨਾਲ-ਆਪਣੇ ਪੈਰਾਂ ਉੱਤੇ ਵਿਸ਼ਵਾਸ ਕਰਕੇ। ਦੂਸਰਿਆਂ ਨੂੰ ਧੱਕਾ ਦੇ ਕੇ ਨਹੀਂ, ਚੋਟ ਪਹੁੰਚਾ ਕੇ ਜਾਂ ਗਿਰਾ ਕੇ ਉਨ੍ਹਾਂ ਤੋਂ ਅੱਗੇ ਨਿਕਲਣ ਦਾ ਯਤਨ ਨਾ ਕਰੋ।

ਸੰਸਾਰ ਵਿੱਚ ਬਹੁਤ ਸਾਰੀਆਂ ਚੀਜਾਂ ਦਾ ਨਿਰਮਾਣ ਮਹਾਨ ਆਵਿਸ਼ਕਾਰਕਾਂ ਨੇ ਕੀਤਾ ਹੈ, ਜਿਨ੍ਹਾਂ ਦਾ ਉਪਯੋਗ ਅਸੀਂ ਕਰ ਰਹੇ ਹਾਂ। ਕਾਗਜ਼ ਨਾ ਹੁੰਦਾ ਤਾਂ ਕੀ ਹੁੰਦਾ? ਹਵਾਈ ਜਹਾਜ਼, ਹੈਲੀਕਾਪਟਰ, ਕਾਰਾਂ-ਮੋਟਰਾਂ ਅਤੇ ਰੇਲਾਂ ਨਾ ਹੁੰਦੀਆਂ ਤਾਂ ਕਿਵੇਂ ਲੰਮੀਆਂ ਯਾਤਰਾਵਾਂ ਘੱਟ ਸਮੇਂ ਵਿੱਚ ਤੈਅ ਹੋ ਪਾਉਂਦੀਆਂ? ਰੇਡੀਓ ਨਾ ਹੁੰਦਾ ਤਾਂ ਕਿਵੇਂ ਅੱਜ ਅਸੀਂ ਲੋਕ ਹਜ਼ਾਰਾਂ ਮੀਲ ਦੂਰ ਚਲ ਰਹੇ ਪ੍ਰੋਗਰਾਮ ਸੁਣ ਪਾਉਂਦੇ? ਟੈਲੀਫੋਨ ਨਾ ਹੁੰਦਾ ਤਾਂ ਆਪਣੇ ਪ੍ਰਿਯਜਨਾਂ ਨਾਲ ਅਸੀਂ ਹਜ਼ਾਰਾਂ ਮੀਲ ਤੋਂ ਗੱਲਾਂ ਨਾ ਕਰ ਪਾਉਂਦੇ।

ਜਿਨ੍ਹਾਂ ਨੇ ਇਹ **ਬਾਕੀ ਸਫਾ 36 'ਤੇ**

ਕਾਵਿ ਕਿਆਰੀ

# ਗੁਰੂ ਅਰਜਨ ਸਾਹਿਬ ਜੀ ਪੰਜਵੇਂ ਗੁਰੂ

ਚਰਨ ਸਿੰਘ 'ਸਫ਼ਰੀ'

ਅਰਸ਼ ਤੱਪਦਾ, ਫ਼ਰਸ਼ ਤੱਪਦਾ ਤੌਰ ਤਪਦੇ ਸ਼ਰ੍ਹਾ ਦੇ,
ਕੌਣ ਤੱਤੀ ਤਵੀ ਉੱਤੇ ਮੁਸਕਰਾ ਕੇ ਬਹਿ ਗਿਆ।
ਗੁਰੂ ਅਰਜਨ ਕਲੂ ਦੇ ਵਿਚ ਨਵਾਂ ਸੂਰਜ ਸੱਚ ਦਾ,
ਲੱਖ ਸੂਰਜ ਬਦਨ ਦੇ ਥੱਲੇ ਵਿਛਾ ਕੇ ਬਹਿ ਗਿਆ।
ਚੌਰ ਦੀ ਥਾਂ ਰੇਤ ਤੱਤੀ ਸੀਸ ਉੱਤੇ ਖਿੰਡਰ ਗਈ,
ਕੀ ਭਾਣਾ ਵਰਤਿਆ ਇਹ ਹੋ ਕੀ ਦਾ ਕੀ ਗਿਆ।
ਛਾਲਿਆਂ ਦੀ ਪੀੜ ਨੂੰ ਨਾ ਗੁਰੂ ਅਰਜਨ ਸਮਝਿਆ,
ਪ੍ਰਿਥਵੀ ਦੀ ਪੀੜ ਸਾਰੀ ਡੀਕ ਲਾ ਕੇ ਪੀ ਗਿਆ।
ਲਾਲ ਸੂਹੀ ਅੱਗ ਨੇ ਵੀ ਲਾਲ ਜੀਭਾਂ ਕੱਢੀਆਂ,
ਲਾਲ ਭਾਨੀ ਦੇ ਸਮਾਧੀ ਲਾਲ ਲੋਹ 'ਤੇ ਲਾ ਲਈ।
ਸੁਖਮਨੀ ਦਾ ਪਾਠ ਹੁੰਦਾ ਅੱਗ ਉੱਤੇ ਦੇਖ ਕੇ,
ਅੱਥਰੇ ਪ੍ਰਵਾਨਿਆਂ ਨੇ ਨਜ਼ਰ ਨੀਵੀਂ ਪਾ ਲਈ।
ਜਿਸ ਤਸੀਹੇ ਨੂੰ ਹਿਮਾਲਾ ਦੇਖ ਥਰ ਥਰ ਕੰਬਿਆ,
ਉਹ ਤਸੀਹਾ ਗੁਰੂ ਅਰਜਨ ਸੀਸ ਉੱਤੇ ਸਹਿ ਗਿਆ।
ਮਾਸ ਸੜ ਗਿਆ ਰੱਤ ਸੜ ਗਈ ਅਸਤ ਆਭੂ ਹੋ ਗਏ,
ਚੰਦੂਆ ! ਦੱਸ ਹੋਰ ਤੇਰਾ ਕੀ ਬਕਾਇਆ ਰਹਿ ਗਿਆ।
ਕਿਹੜੇ ਖੂਹ ਵਿੱਚ ਪੈ ਗਿਆ ਇਨਸਾਫ਼ ਜਹਾਂਗੀਰ ਦਾ,
ਕਿਵੇਂ ਬੇੜੀ ਗ਼ਰਕ ਹੋ ਗਈ ਔਂਤਰੀ ਸਰਕਾਰ ਦੀ।
ਗੁਰੂ ਅਰਜਨ ਸਾਹਿਬ ਉੱਤੇ ਅੱਗ ਫੈਂਕਣ ਵਾਲਿਓ,
ਤੁਸਾਂ ਨੂੰ ਵੀ ਦੋਜਖਾਂ ਦੀ ਅੱਗ 'ਵਾਜਾਂ' ਮਾਰਦੀ।
ਸਾਂਈ ਮੀਆਂ ਮੀਰ ਆਇਆ ਬਿਲ ਬਿਲਾ ਕੇ ਬੋਲਿਆ,
ਅੱਗ ਉੱਤੇ ਪੀਰ ਜੀ ਨੂੰ ਕਿਉਂ ਬਿਠਾਇਆ ਗਿਆ।
ਗੁਰੂ ਅਰਜਨ 'ਤੇ ਕੀ ਪਾਈ ਰੇਤ ਤੱਤੀ ਜ਼ਾਲਮੋਂ,
ਇਹ ਖ਼ੁਦਾ ਦੇ ਕਾਲਜ਼ੇ ਨੂੰ ਹੱਥ ਪਾਇਆ ਗਿਆ।
ਇਸਲਾਮ ਵਿੱਚ ਤਾਂ ਲੋਕ ਮੁਰਦਾ ਤੀਕ ਵੀ ਨਾ ਹੀ ਫ਼ੂਕਦੇ,
ਇਹ ਜਿਊਂਦੇ ਜੀਅ ਕਿਉਂ ਇਨਸਾਨ ਜਲਦਾ ਜਾ ਰਿਹਾ।
ਮੈਂ ਮੁਸਲਮਾਨ ਕਿਉਂ ਨਾ ਅੱਗ ਦੇ ਵਿੱਚ ਜਲ ਮਰਾਂ,
ਮੇਰੇ ਸਾਹਵੇਂ ਮੇਰਾ ਜਦ ਕੁਰਆਨ ਜਲਦਾ ਜਾ ਰਿਹੈ।
ਸਾਂਈ ਜੀ ਨੇ ਕਿਹਾ ਕਿ ਜੇਕਰ ਦਏਂ ਸਤਿਗੁਰੂ ਆਗਿਆ,
ਜ਼ਾਲਮਾਂ ਨੂੰ ਕੋਈ ਕਰਾਮਾਤ ਦਿਖਲਾ ਦਿਆਂ।
ਤਖ਼ਤ ਮੂਧਾ ਕਰ ਦਿਆਂ ਮੈਂ ਔਂਤਰੇ ਲਾਹੌਰ ਦਾ,
ਇੱਟ ਨਾਲ ਇੱਟ ਮੈਂ ਦਿੱਲੀ ਦੀ ਖੜਕਾਂ ਦਿਆਂ।
ਗੁਰੂ ਅਰਜਨ ਸ਼ਾਂਤੀ ਦੇ ਪੁੰਜ ਬੋਲੇ ਦੋਸਤਾ,
ਫ਼ੱਕਰਾਂ ਨੂੰ ਕਦੇ ਵੀ ਨਾ ਇੰਝ ਕਰਨਾ ਚਾਹੀਦਾ।
ਵਤਨ ਦੀ ਤਕਦੀਰ ਇਹਨਾਂ ਭੱਠੀਆਂ ਵਿੱਚ ਪੱਕਦੀ,
ਆਸ਼ਕਾਂ ਨੂੰ ਭੱਠੀਆਂ ਦਾ ਸੇਕ ਜਰਨਾ ਚਾਹੀਦਾ।
ਹਵਾ ਤੱਤੀ, ਮਜ਼੍ਹਬ ਤੱਤਾ, ਤਵੀ ਤੱਤੀ ਕਹਿਰ ਦੀ,
ਤੱਤੀ ਤਵੀ ਤੋਂ ਵੀ ਤੱਤੀ ਵਕਤ ਦੀ ਸਰਕਾਰ ਹੈ।
ਛਾਲਿਆਂ ਨੂੰ ਦੇਖ ਕੇ ਹੀ ਤੜਫਦਾ ਏਂ ਦੋਸਤਾ,
ਪੰਧ ਸਿੱਖੀ ਦਾ ਤਾ ਅੱਗੋਂ ਹੋਰ ਵੀ ਦੁਸ਼ਵਾਰ।
ਅਨੰਦਪੁਰ ਵਿੱਚ ਦੁਖੀ ਪੰਡਤ ਆਉਣਗੇ ਕਸ਼ਮੀਰ ਦੇ,
ਕੌਣ ਨਾਨਕ ਦੀ ਗੱਦੀ ਤੋਂ ਬਿਨਾਂ ਹਾਮੀ ਭਰੇਗਾ।
ਇਹ ਹਿੰਦੂ ਧਰਮ ਖ਼ਾਤਿਰ ਕੋਈ ਨੌਵਾਂ ਪਾਤਸ਼ਾਹ,
ਆਪ ਦਿੱਲੀ ਜਾਏਗਾ ਤਾਂ ਸੀਸ ਭੇਟਾ ਕਰੇਗਾ।
ਉਬਲਦੀ ਹੋਈ ਦੇਗ ਦੇ ਵਿਚ ਕੋਈ ਉੱਬਲ ਜਾਏਗਾ,
ਅੱਥਰੂ ਨਾ ਇਕ ਉਹਦੀ ਅੱਖ ਵਿਚੋਂ ਕਿਰੇਗਾ।
ਕੋਈ ਆਰੇ ਹੇਠ ਆ ਕੇ ਚੀਲ ਵਾਂਗ ਚਿਰੇਗਾ,
ਫੇਰ ਕਿਧਰੇ ਦੇਸ਼ ਮੇਰੇ ਦਾ ਨਸੀਬਾ ਫਿਰੇਗਾ।
ਜਲ ਮਰਨਾ ਅੱਗ ਉੱਤੇ ਸੀ ਤੀਕ ਨਹੀਂ ਆਖਣਾ,
ਅਜ਼ਲ ਤੋਂ ਪ੍ਰਵਾਨਿਆਂ ਦਾ ਆ ਰਿਹਾ ਦਸਤੂਰ ਹੈ।
ਰੋਜ਼ ਰਾਵੀ ਨਦੀ 'ਚੋਂ ਆਵਾਜ਼ 'ਸਫ਼ਰੀ' ਆ ਰਹੀ,
ਅਜੇ ਮੰਜ਼ਿਲ ਦੂਰ ਉਏ ਅਜੇ ਮੰਜ਼ਿਲ ਦੂਰ ਹੈ।

-0-

# ਸੇਵਕ ਲਾਇਓ ਅਪੁਨੀ ਸੇਵ

ਕੁਲਦੀਪ ਕੌਰ ਮੁਹਾਲੀ

ਸੇਵਾ ਹੈ ਆਦਰਸ਼ ਸਿੱਖੀ ਦਾ
ਕਰ ਸੇਵਾ ਜਤਲਾਉਣਾ ਨਾਹੀਂ।
ਭੁੱਲ ਜਾਣਾ ਕਰ ਭਲਾ ਕਿਸੇ ਦਾ
ਕੀਤਾ ਕਿਸੇ ਭੁਲਾਉਣਾ ਨਾਹੀਂ।
ਦਸਾਂ ਨੌਹਾਂ ਦੀ ਕਿਰਤ ਕਮਾ ਕੇ
ਲੋੜਵੰਦਾਂ ਨੂੰ ਵੰਡ ਖੁਆਓ।
ਕਿਰਤ ਸੁੱਚੀ ਜੋ ਕਰਦੇ ਜੱਗ ਵਿਚ
ਹਿਰਦਾ ਉਨ੍ਹਾਂ ਭੁਲਾਉਣਾ ਨਾਹੀਂ।
ਤੇਰੀ ਮਿਹਰ ਦੇ ਬਾਝੋਂ ਸਤਿਗੁਰ
ਸਿੱਖ ਸੇਵਾ ਮੂਲੋਂ ਕਰ ਨਾ ਸਕਦੇ।
ਮਾਇਆ ਦੇ ਵਿਚ ਮਸਤ ਜੋ ਰਹਿੰਦੇ
ਕਠਿਨਾਈਆਂ ਨੂੰ ਉਹ ਜਰ ਨਾ ਸਕਦੇ।
ਹੁਕਮ ਜਿਨ੍ਹਾਂ ਮੰਨਿਆ ਸਤਿਗੁਰ ਦਾ
ਦੁੱਖ ਸਹਿਣੋਂ ਨਾ ਡਰਦੇ ਮੂਲ।
ਨਾਮ ਜਪਣ ਦਾ ਹੁਕਮ ਹੈ ਸਭ ਨੂੰ
ਨਾਮ ਬੋਹਿਥ ਬਿਨ ਤਰ ਨਾ ਸਕਦੇ।
ਆਦਰਸ਼ਵਾਦੀ ਜਾਣੋਂ ਉਸ ਸਿੱਖ ਨੂੰ
ਸਭਨਾਂ ਦੀ ਜੋ ਸੇਵ ਕਮਾਵੇ।
ਸੇਵਕ ਬਣ ਜੋ ਖੁਸ਼ੀ ਮਨਾਉਂਦਾ
ਸੁੱਖ ਹੋਰਾਂ ਦਾ ਸਦਾ ਵਧਾਵੇ।
ਆਪਣੇ ਲਈ ਜੋ ਘੜੇ ਸਕੀਮਾਂ
ਆਪਣੇ ਸੁੱਖਾਂ ਲਈ ਹੀ ਤਾਂਘੇ।
ਆਪਣਾ ਹੀ ਜੋ ਸੇਵਕ ਬਣਦਾ
ਸੱਚ ਦੇ ਰਾਹ ਨਾ ਕਦਮ ਵਧਾਵੇ।
ਅਰੂਪ ਪ੍ਰਭੂ ਨੇ ਰੂਪ ਧਾਰ ਕੇ
ਪ੍ਰਗਟ ਕੀਤਾ ਸਭ ਸੰਸਾਰ।
ਪੰਜ ਤੱਤਾਂ ਦੇ ਹਰ ਤਨ ਅੰਦਰ
ਪਾ ਦਿੱਤੀ ਉਸ ਜੋਤ ਅਪਾਰ।
ਹਰੇਕ ਨੂੰ ਉਸ ਦਾ ਰੂਪ ਹੀ ਜਾਣੋ
ਸਭਨਾਂ ਦੀ ਫਿਰ ਸੇਵ ਕਮਾਵੋ।
ਸਿੱਖੀ ਸੇਵਕ ਬਣਨਾ ਸਿਖਾਉਂਦੀ
ਸੇਵਕ ਸਦ ਪਾਵੇ ਸਤਿਕਾਰ।
ਸੇਵਕ ਬਣ ਜੋ ਸੇਵ ਕਮਾਉਂਦਾ
ਮਨ ਆਪਣੇ ਨੂੰ ਸ਼ੁੱਧ ਕਰਾਵੇ।
ਨੇਕ ਆਚਰਣ ਬਣੇ ਤਦ ਉਸ ਦਾ
ਨਾਮ ਦਾਤ ਝੋਲੀ ਅੱਡ ਪਾਵੇ।
ਸੰਜਮ ਵਾਲਾ ਜੀਵਨ ਜੀਵੇ
ਸੇਵਾ ਹੋਏ ਆਦਰਸ਼ ਓਸ ਦਾ।
ਸੇਵਾ ਤੋਂ ਸਦ ਮੇਵਾ ਮਿਲਦਾ
ਕਰ ਸੇਵਾ ਉਚ ਪਦਵੀ ਪਾਵੇ।
ਸੇਵਾ ਰੂਪ ਹੋ ਭਾਈ ਘਨੱਈਆ
ਸਤਿਗੁਰ ਜੀ ਦਾ ਸਿੱਖ ਸਦਾਏ।
ਭਰੀ ਮਸ਼ਕ ਉਸ ਪਾਣੀ ਮੋਢੇ
ਸਭ ਫੱਟੜਾਂ ਦੀ ਪਿਆਸ ਬੁਝਾਏ।
ਆਪਣਾ ਹੋਏ ਜਾਂ ਹੋਏ ਪਰਾਇਆ
ਸਭ ਵਿਚ ਗੁਰ ਦੀ ਜੋਤ ਨਿਹਾਰੇ।
ਕਹਿੰਦਾ ਸਤਿਗੁਰ ! ਮੁੱਖ ਤੁਹਾਡੇ
ਘੁੱਟ ਪਾਣੀ ਮੈਂ ਦੇਵਾਂ ਪਾਏ।
ਕਲਗੀਧਰ ਜੀ ਖੁਸ਼ ਹੋ ਬੋਲੇ
ਭਾਈ ਘਨੱਈਆ ਹਨ ਸਿੱਖ ਪੂਰੇ।

ਸੇਵਾ ਮੂਲ ਸਿੱਖੀ ਦਾ ਜਾਣੋ
ਸੇਵਾ ਬਿਨ ਹਨ ਸਿੱਖ ਅਧੂਰੇ।
ਮਲ੍ਹਮ ਦੀ ਡੱਬੀ ਦੇ ਕੇ ਕਹਿੰਦੇ
ਮਲ੍ਹਮ ਵੀ ਲਾਵੀਂ ਸਭ ਦੇ ਫੱਟੀਂ।
ਇੱਕ ਪ੍ਰਭੂ ਦੀ ਜੋਤ ਨੇ ਸਾਰੇ
ਇੱਕ ਜੋਤ ਨਿਹਾਰਨ ਸੋਈ ਸਿੱਖ ਸੂਰੇ।
ਸੀਸ ਭੇਟ ਕਰੇ ਗੁਰੂ ਅੱਗੇ
ਸੇਵਕ ਸੋਈ ਜਾਣੋ।
ਸਭ ਵਿਚ ਜੋਤ ਪ੍ਰਭੂ ਦੀ ਵੇਖੋ
ਗੁਰ-ਰੂਪ ਸਭ ਤਾਈਂ ਪਛਾਣੋ।
ਹਉਮੈ ਤਿਆਗ ਕਰੇ ਜੋ ਸੇਵਾ
ਉਹ ਹੀ ਸੱਚਾ ਸੇਵਕ ਹੋਵੇ।
ਵਿਕਾਰ ਅਗਨ ਫਿਰ ਤਾਂ ਹੀ ਬੁਝਦੀ
ਸੇਵਾ ਕਰਨ ਜੇ ਮਨ ਵਿਚ ਠਾਣੋ।
ਗੁਰੂ ਨੇ ਸਿੱਖ ਸਨ ਦਾਸ ਬਣਾਏ
ਅੱਜ ਹਰ ਸਿੱਖ ਪਿਆ ਸਾਹਿਬ ਕਹਾਵੇ।
ਸਿੱਖ ਨਾ ਸਿੱਖੀ ਰੂਪ ਪਛਾਣੇ
ਪਾਖੰਡ ਫ਼ਰੇਬ ਦਾ ਜਾਲ ਵਿਛਾਏ।
ਸਿੱਖੀ ਸੇਵਕ ਬਣਨਾ ਸਿਖਾਉਂਦੀ
ਬਿਨ ਸੇਵਾ ਕਿਸੇ ਸਿੱਖ ਨਾ ਜਾਣੋ।
ਸਾਹਿਬ ਬਣ ਜੋ ਮਾਨ ਵਧਾਉਂਦਾ
ਸੇਵਾ ਕਰਨ ਨਾ ਉਸ ਮਨ ਭਾਵੇ। -0-

**ਸਫਾ 34 ਦਾ ਬਾਕੀ**

ਸਭ ਸਾਧਨ ਬਣਾਏ ਹਨ। ਉਨ੍ਹਾਂ ਨੇ ਬੜੇ ਕਸ਼ਟ ਝੱਲੇ ਹਨ। ਖ਼ੁਦ ਉਹ ਉਨ੍ਹਾਂ ਤੋਂ ਲਾਭ ਵੀ ਨਹੀਂ ਲੈ ਸਕੇ। ਉਨ੍ਹਾਂ ਨੇ ਮਨੁੱਖਤਾ ਦੇ ਲਈ ਸਭ ਕੁੱਝ ਕੀਤਾ ਹੈ। ਅੱਜ ਉਨ੍ਹਾਂ ਦੁਆਰਾ ਕੀਤੇ ਗਏ ਆਵਿਸ਼ਕਾਰਾਂ ਦਾ ਉਪਯੋਗ ਅਸੀਂ ਕਰ ਰਹੇ ਹਾਂ। ਉਸੇ ਨਿਰਮਾਣ ਕਾਰਜ ਨੂੰ ਅੱਗੇ ਵਧਾਉਣ ਲਈ ਤੁਸੀਂ ਅਤੇ ਅਸੀਂ ਆਏ ਹਾਂ। ਪੂਰਵਜਾਂ ਨੇ ਜੋ ਕੰਮ ਸਾਡੇ ਲਈ ਕੀਤੇ ਹਨ, ਉਨ੍ਹਾਂ ਨੂੰ ਹੀ ਅਸੀਂ ਅਗਲੀ ਪੀੜ੍ਹੀ ਦੇ ਲਈ ਅੱਗੇ ਵਧਾਈਏ। ਉਨ੍ਹਾਂ ਦੇ ਅਧੂਰੇ ਕੰਮਾਂ ਨੂੰ ਪੂਰਾ ਕਰੀਏ।

ਮਹਾਤਮਾ ਈਸਾ ਨੇ ਜਦੋਂ ਲੋਕਾਂ ਨੂੰ ਇਹ ਕਿਹਾ ਕਿ ਮੈਂ ਅਤੇ ਮੇਰਾ ਈਸ਼ਵਰ ਇੱਕ ਹੈ-ਜਾਂ ਮੈਂ ਈਸ਼ਵਰ ਦਾ ਪੁੱਤਰ ਹਾਂ ਤਾਂ ਉਨ੍ਹਾਂ ਦਾ ਮਤਲਬ ਉਹੀ ਸੀ ਕਿ ਮਨੁੱਖ ਈਸ਼ਵਰ ਦਾ ਅੰਸ਼ ਹੈ-ਹਰ ਇੱਕ ਮਨੁੱਖ ਵਿੱਚ ਈਸ਼ਵਰੀ ਸ਼ਕਤੀ ਹੈ। ਸਭ ਵਿੱਚ ਐਸੀਆਂ ਪ੍ਰੇਰਨਾਵਾਂ ਹਨ। ਸਭ ਮਹਾਨ ਲਕਸ਼ਾਂ ਨੂੰ ਪ੍ਰਾਪਤ ਕਰ ਸਕਦੇ ਹਨ। ਸਭ ਮਹਾਨ ਬਣ ਸਕਦੇ ਹਨ। ਜੀਵਨ ਦੀਆਂ ਤਮਾਮ ਇੱਛਾਵਾਂ-ਸਾਰੇ ਸੁਪਨੇ ਸਾਨੂੰ ਆਪਣੀ ਮੰਜ਼ਿਲ ਤੇ ਪਹੁੰਚਾਉਂਦੇ ਹਨ। ਲੇਕਿਨ ਅਜਿਹਾ ਹੁੰਦਾ ਹੈ ਉਦੋਂ ਹੀ, ਜਦੋਂ ਅਸੀਂ ਵਿਸ਼ਵਾਸ ਦੇ ਨਾਲ ਉਨ੍ਹਾਂ ਦੇ ਪਿੱਛੇ ਆਪਣੀਆਂ ਸ਼ਕਤੀਆਂ ਲਗਾਉਂਦੇ ਹਾਂ।

-0-

# ਅਜੈ ਪਾਲ ਸਿੰਘ ਬੰਗਾ

## ਦਸਤਾਰ ਵਾਲਾ ਉਹ ਸਿੱਖ ਜੋ ਦੁਨੀਆਂ ਦੇ ਵੱਡੇ ਵਿੱਤੀ ਤਖ਼ਤ ਤੱਕ ਪਹੁੰਚਿਆ



ਅੱਜ ਦੇ ਸਮੇਂ ਵਿੱਚ ਅਜੈ ਪਾਲ ਸਿੰਘ ਬੰਗਾ ਦਾ ਨਾਮ ਦੁਨੀਆਂ ਦੇ ਸਭ ਤੋਂ ਪ੍ਰਭਾਵਸ਼ਾਲੀ ਸਿੱਖਾਂ ਵਿੱਚ ਸ਼ੁਮਾਰ ਹੁੰਦਾ ਹੈ। ਉਹਨਾਂ ਦੀ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਸਫਲਤਾ ਨਹੀਂ, ਸਗੋਂ ਪੂਰੀ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ। ਦਸਤਾਰ ਤੇ ਦਾੜ੍ਹੇ ਨਾਲ ਉਹਨਾਂ ਨੇ ਦੁਨੀਆਂ ਦੇ ਵੱਡੇ ਬੋਰਡ ਰੂਮਾਂ ਵਿੱਚ ਆਪਣੀ ਪਛਾਣ ਬਣਾਈ ਅਤੇ ਦਿਖਾ ਦਿੱਤਾ ਕਿ ਸਿੱਖੀ ਸਰੂਪ ਕਦੇ ਵੀ ਤਰੱਕੀ ਦੇ ਰਾਹ ਵਿੱਚ ਰੁਕਾਵਟ ਨਹੀਂ ਹੁੰਦਾ।

**ਦੁਨੀਆਂ ਦੇ ਸਭ ਤੋਂ ਵੱਡੇ ਬੈਂਕ ਦਾ ਮੁਖੀ–** ਜਦੋਂ World Bank ਦੀ ਕਮਾਨ ਅਜੈ ਪਾਲ ਸਿੰਘ ਬੰਗਾ ਦੇ ਹੱਥ ਆਈ ਤਾਂ ਇਹ ਇੱਕ ਇਤਿਹਾਸਕ ਪਲ ਸੀ। ਉਹ ਇਸ ਸੰਸਥਾ ਦੇ ਪਹਿਲੇ ਸਿੱਖ ਅਤੇ ਪਹਿਲੇ ਭਾਰਤੀ-ਅਮਰੀਕੀ ਮੁਖੀ ਬਣੇ। ਇੱਕ ਦਸਤਾਰਧਾਰੀ ਸਿੱਖ ਦਾ ਦੁਨੀਆਂ ਦੀ ਸਭ ਤੋਂ ਵੱਡੀ ਵਿੱਤੀ ਸੰਸਥਾ ਦੀ ਅਗਵਾਈ ਕਰਨਾ ਸਿੱਖ ਕੌਮ ਲਈ ਵੱਡੀ ਸ਼ਾਨ ਦੀ ਗੱਲ ਹੈ।

**ਦਸਤਾਰ ਨਾਲ ਹੀ ਬਣਾਈ ਵਿਸ਼ਵ ਪੱਧਰ ਦੀ ਪਛਾਣ–** ਅਜੈ ਪਾਲ ਸਿੰਘ ਬੰਗਾ ਨੇ ਕਦੇ ਵੀ ਆਪਣਾ ਸਿੱਖੀ ਸਰੂਪ ਨਹੀਂ ਛੱਡਿਆ। ਜਦੋਂ ਉਹ Master Card ਦੇ CEO ਰਹੇ, ਤਦ ਵੀ ਉਹ ਹਰ ਵੱਡੇ ਮੀਟਿੰਗ ਰੂਮ ਵਿੱਚ ਦਸਤਾਰ ਤੇ ਦਾੜ੍ਹੇ ਨਾਲ ਹੀ ਪਹੁੰਚਦੇ ਰਹੇ। ਉਹ ਅਕਸਰ ਕਹਿੰਦੇ ਹਨ ਕਿ ਆਪਣੀ ਪਛਾਣ ਤੋਂ ਕਦੇ ਨਾ ਭੱਜੋ, ਉਸ ਨੂੰ ਆਪਣੀ ਤਾਕਤ ਬਣਾਓ।

**ਫੌਜੀ ਘਰ ਦਾ ਅਨੁਸ਼ਾਸਨ–** ਉਹਨਾਂ ਦਾ ਜਨਮ ਪੂਣੇ ਵਿੱਚ ਹੋਇਆ। ਉਹਨਾਂ ਦੇ ਪਿਤਾ ਸ. ਹਰਭਜਨ ਸਿੰਘ ਬੰਗਾ ਭਾਰਤੀ ਫੌਜ ਵਿੱਚ ਲੈਫਟੀਨੈਂਟ ਜਨਰਲ ਰਹੇ। ਫੌਜੀ ਮਾਹੌਲ ਵਿੱਚ ਪਲੇ ਵਧੇ ਹੋਣ ਕਾਰਨ ਅਨੁਸ਼ਾਸਨ, ਇਮਾਨਦਾਰੀ ਅਤੇ ਮਿਹਨਤ ਉਹਨਾਂ ਦੀ ਸ਼ਖ਼ਸੀਅਤ ਦਾ ਹਿੱਸਾ ਬਣ ਗਏ।

**ਮਾਸਟਰਕਾਰਡ ਨੂੰ ਦਿੱਤਾ ਨਵਾਂ ਰੁੱਖ–** ਅਜੈ ਪਾਲ ਸਿੰਘ ਬੰਗਾ ਨੇ ਲਗਭਗ ਇੱਕ ਦਹਾਕੇ ਤੱਕ Master Card ਦੀ ਕਮਾਨ ਸੰਭਾਲੀ। ਉਹਨਾਂ ਦੇ ਦੌਰ ਵਿੱਚ ਕੰਪਨੀ ਦੀ ਕੀਮਤ ਕਈ ਗੁਣਾਂ ਵਧੀ ਅਤੇ ਡਿਜ਼ਿਟਲ ਭੁਗਤਾਨ ਨੂੰ ਦੁਨੀਆਂ ਭਰ ਵਿੱਚ ਵੱਡਾ ਧੱਕਾ ਮਿਲਿਆ। ਕੈਸ਼ਲੇਸ ਇਕਾਨਮੀ ਦਾ ਖ਼ਿਆਲ ਵੀ ਉਹਨਾਂ ਨੇ ਜ਼ੋਰ ਨਾਲ ਅੱਗੇ ਵਧਾਇਆ।

**ਭਾਰਤ ਦਾ ਮਾਣ ਪਦਮ ਸ਼੍ਰੀ–**ਉਨ੍ਹਾਂ ਦੀਆਂ ਉਪਲਬਧੀਆਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ 2016 ਵਿੱਚ ਉਹਨਾਂ ਨੂੰ ਫਓਦਮਓ ਸ਼ਹਰਿ ਨਾਲ ਸਨਮਾਨਿਤ ਕੀਤਾ।

**ਸਿੱਖ ਨੌਜਵਾਨਾਂ ਲਈ ਵੱਡੀ ਪ੍ਰੇਰਣਾ–** ਅਜੈ ਪਾਲ ਸਿੰਘ ਬੰਗਾ ਦੀ ਕਹਾਣੀ ਸਿੱਖ ਨੌਜਵਾਨਾਂ ਲਈ ਸਾਫ਼ ਸੰਦੇਸ਼ ਦਿੰਦੀ ਹੈ ਜੇ ਮਿਹਨਤ ਤੇ ਕਾਬਲੀਅਤ ਹੋਵੇ ਤਾਂ ਦੁਨੀਆਂ ਤੁਹਾਡੇ ਧਰਮ ਜਾਂ ਪਹਿਰਾਵੇ ਨਹੀਂ ਵੇਖਦੀ, ਸਗੋਂ ਤੁਹਾਡੇ ਕੰਮ ਨੂੰ ਸਲਾਮ ਕਰਦੀ ਹੈ। ਵਿਸ਼ਵ ਬੈਂਕ ਦੇ ਮੁਖੀ ਵਜੋਂ ਉਹ ਗਰੀਬੀ ਘਟਾਉਣ ਅਤੇ Climate Change ਨਾਲ ਲੜਨ ਦੇ ਮਕਸਦ ਨਾਲ ਕੰਮ ਕਰ ਰਹੇ ਹਨ, ਜੋ ਸਿੱਖੀ ਦੇ 'ਸਰਬੱਤ ਦੇ ਭਲੇ' ਵਾਲੇ ਸਿਧਾਂਤ ਨਾਲ ਬਿਲਕੁਲ ਮੇਲ ਖਾਂਦਾ ਹੈ।

ਸੱਚ ਇਹ ਹੈ ਕਿ ਅਜੈ ਪਾਲ ਸਿੰਘ ਬੰਗਾ ਸਿਰਫ਼ ਇੱਕ ਸਫਲ ਕਾਰੋਬਾਰੀ ਨਹੀਂ, ਸਗੋਂ ਅੱਜ ਦੇ ਸਮੇਂ ਦੇ ਅਸਲ ਗਲੋਬਲ ਸਿੱਖ ਅੰਬੈਸਡਰ ਹਨ। -0-

Special on Birth Anniversary

-Amrit Paul Bansal
# 98154-85668

# BHAGAT KABIR JI

## A REVOLUTIONARY SAINT, POET AND SOCIAL REFORMER

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (1349)

**First, Allah created the light; then, by his Creative Power, He made all mortal beings.**

**From the One Light, the entire universe welled up. So who is good, and who is bad? (1349)**

Bhagat Kabir Ji was a great revolutionary Saint-poet of the Bhakti Movement. He emphasized the equality and fraternity of all mankind. He was a famous poet, **s**aint and social Reformer of India.

Bhagat Kabir Ji's full name was Kabir Das **Kabir** in Arabic Language means great and the word **dasa** in Sanskrit language means **slave** or **servant.** Kabir Panth, which is religious community, recognizes kabir ji as its founder and its members are known as Kabirpanthis that is the followers of Bhagat Kabir ji; Weavers also call themselves as Kabir panthis.

According to Bhai Kahan Singh Nabha in his Encyclopedia of Sikh Literature (1930), more popularity known as Mahan Kosh, gives date of birth of Bhagat Kabir ji, as jeth sudi; 15, samvat 1455 (year 1398) and the date of his leaving for the heavenly abode as samvat 1575 (year 1518). Jeth is the third month of desi calendar and sudi 15 means full moon day. **This year that is in 2021, sudi 15 full day falls on June 24 and thus his birth anniversary is being celebrated on June 24, 2021.**

As per a scholar, Kabir Sahib was born to a Brahmin widow, who abandoned him near Banaras close to Lehar Talab (tank) in a forest. In order to escape dishonour associated with birth outside marriage. Abandoned by his mother, he was found by a Muslim weaver couple named-Ali Neeru and Neema; who brought him up as their own son. This couple taught him the weaver's skills, Bhagat Kabir ji, in one of his compositions, claims that he was following the occupation of Julahas (weavers).

ਓਛੀ ਮਤਿ ਮੇਰੀ ਜਾਤਿ ਜੁਲਾਹਾ ॥
ਹਰਿ ਕਾ ਨਾਮੁ ਲਹਿਓ ਮੈ ਲਾਹਾ ॥ (524)

**My intellect is lowly-I am a weaver by birth, but I have earned the profit of the Name of the Lord. (524)**

It is Believed that he was married to a God-fearing maiden named Loi. who was the daughter of Neti, a noble-hearted weaver. Kabir Ji and Loi had two children; one son Kammal and one daughter; Kammali. While compiling Adi Granth Sahib ji, Sri Guru Arjan Sahib ji included the Divine hymns of 15 bhagat Sahiban, 11 Bhatts and 3 other holy men, besides the hymns of the first four Guru Sahiban and his own hymns, out of 15 bhagat Sahibans, Bhagat Kabir ji's contribution is the largest i.e. 227 Padas in 17 Ragas and 237 slokas. Under each Raga or musical mode marking a section of the Holy Book, Kabir's hymns appear at the head of Bhagat Bani, a generic name for the works of contributors other than the Guru Sahibans. Bhagat Kabir ji is ranked as 5th as regards the volume of Gurbani, contributed to Sri Guru Granth Sahib ji. His writings also include Bijaki, Sakhi Granth, Kabir Granthavali and Anurag Sagar. He has been accepted as the most revolutionary of all the saints of the Bhakti Movement. He became a disciple of Swami Ramanand ji.

Besides loving devotion, which is the main and dominant theme of Kabir's Bani as included in Sri Guru Granth Sahib ji, he countracts the Brahmin's boast of high caste and strongly condemneo caste prejudices He say;

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥ (324)

If you are indeed a Brahmin, birth of a Brahmin mother, then why didn't you come by some other way? ] (324)

With the help of another example, he refused to accept the superior status of Brahmins:

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲੋਹੂ ਤੁਮ ਕਤ ਦੂਧ ॥ ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥ (324)

How is it that you are a Brahmin, and I am of a low social status? How is it that I am formed of blood, and you are made of milk? ]

Says Kabeer, one who contemplates God, is said to be a Brahmin among us. ]

Bhagat Kabir ji tried to dispel humanity's fear of death. He reveals this fact in his hymn as under;

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ (1365)

Kabeer, the world is afraid of death-that death fills my mind with bliss.

It is only by death that perfect, supreme bliss is obtained. (1365)

At that time, a belief prevailed among the Hindus that if a person dies in kashi, he goes to heaven and a person who dies in Maghar, is reborn as an **Ass** to disprove this theory, Bhagat Kabir ji, moved to Maghar in samvat 1575 i.e. 1518 and left for his heavenly abode from Maghar, in the same year. He Says;

ਬਹੁਤੁ ਬਰਸ ਤਪੁ ਕੀਆ ਕਾਸੀ ॥ ਮਰਨੁ ਭਇਆ ਮਗਹਰ ਕੀ

ਬਾਸੀ॥ ਕਾਸੀ ਮਗਹਰ ਸਮ ਬੀਚਾਰੀ॥ਓਛੀ ਭਗਤ ਕੈਸੇ ਉਤਰਸਿ ਪਾਰੀ॥ (326)

For many years, I practiced penance and intence meditation at kashi; now that my time to die has come, I have come to dwell at Maghar; Kashi and Maghar. I consider them same, with inadequate devotion, how can anyone swim across?

Kabir Ji did not follow the strict path of rituals of both Hindu and Islam religious. He followed the simplest and straight way of treading the divine path with the recitation of the divine name with the complete love and devotion. He developed the devine Wisdom to see, "one in all and all in one". Bhagat Kabir ji was completely merged with the all pervading Divine Lord, Who expounded the "Divine hymns" through the mouth of Bhagat Kabir ji, for the spiritual welfare of the entire humanity. To-day the seekers of Divine path to merge with God, are most forhumble devotees because, the Divine hymns of the great saint, have been incorported in Sri Guru Granth Sahib ji, by Sri Guru Arjan Sahib ji, the fifth divine master of the Sikhs. They can realize God Almighty very easily by following the message given in these hymns.

In sacred memory of Bhagat Kabir ji at the place where he was abandoned near Lehar Talab and found by Ali Neeru and Neema; a temple has been established. In Kashi, his seat of preaching is known as kabir chaura. In 1550, the followers built his Smadh in Maghar, the place where he left for his heavenly abode.

Let all of us take inspiration, motivation and guidance from the life teachings and Divine hymns of Bhagat kabir ji and meditate upon the Name of Lord accordingly hus, we can crose over the terrifying world oceans. As Kabir Ji says;

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ
ਇਨ ਬਿਧਿ ਭਵ ਸਾਗਰੁ ਤਰਣਾ॥ (92)

Meditate on the Lord, o martial being, through the word of His Bani; you shall be blessed with eternal life. In this way shall you cross over the terrifying world ocean.

-0-

# माता कृष्ण कौर जी

**–गुरमति विरसा ब्यूरो**

गुरू घर में हमेशा ही औरतों को सम्मान, सत्कारयोग स्थान हासल रहा है। सिर्फ गुरू घर ही क्यों सिक्ख समाज में भी गुरू नानक साहिब जी से ही औरतें बराबर और भाईवाल (सांझीदार) बनकर सारे काम–काज करती रही हैं। समय गुजरने के साथ यह जिम्मेवारियां बढ़ती ही गई। माता तृप्ता जी से पीछे रह कर परिवार की देख रेख की जिम्मेवारी से शुरू होकर माता साहिब कौर द्वारा खालसे की माता बनने तक के अद्भुत सफर में गुरू महिलां, गुरू बहनां, गुरू माताएं और गुरू पुत्रियों का अहम स्थान रहा है। इन्हीं गुरू माताओं और गुरू महिलों वाले सम्मान भरे नामों में से एक नाम है माता कृष्ण कौर जी।

माता कृष्ण कौर, गुरू हरिराय जी की सुपत्नी और गुरू हरि कृष्ण जी की माता थी। गुरू हरिगोबिन्द साहिब जी के योग्य पुत्र बाबा गुरदित्ता जी आप के धर्म पिता (ससुर) थे। आप जी के पिता भाई दया राम एक सिदकी और दृढ़ गुरसिक्ख थे। जो कि अरूप नगरी, ज़िला गुजरांवाला (पंजाब, पाकिस्तान) के वसनीक थे। आप जी ने दो सपुत्रें बाबा रामराय और गुरू हरिकृष्ण जी और एक सपुत्री बीबी रूप कौर जी को जन्म दिया

माता कृष्ण कौर जी की गुरू घर बीच की ज़िंदगी पर झलक देखें तो पता चलता है कि आप जी अपने मायके घर से संसकारों से भरपूर होकर आयें थे वहीं उन संस्कारों के साथ साथ गुरू घर में से माता नानकी जी (सुपत्नी गुरू हरिगोबिन्द साहिब जी) और माता निहाल कौर सास (गुरू हरिराय जी के माता) जी से लिए संसकारों के साथ आप जी का जीवन खिल गया। आप जी आदर्श सुपत्नी, कुशल गुरू माता, सिदकवान और सुगड़ सेविका के तौर पर उभरे।

गुरू हरिराय साहिब जी सब को यह उपदेश देते थे 'बाणी का बीचार और सत्कार करो, नाम जपो और औरों को जपाऔ। कभी अपने आप की शोभा न करो। लंगर चलता। हर कोई पेट भर कर खाये और खुश होकर जाये। मेरा रूप जानकर हर एक की सेवा करनी।'

माता कृष्ण कौर जी ने गुरू पति के इस उपदेश को पक्का करके पल्ले बांधा लिया और फिर सारी ज़िंदगी गुरू घर की सेविका बनी रही। गुरू घर के लंगर की देखभाल करते और खुश होते।

सातवें पातशाह का ज्यादा समय प्रचारक दौरों में गुजरा (बीता) माता कृष्ण कौर जी के साथ ज्यादा समय रहे। गुरू दर्शनों के लिए आने वाली संगतों का कुशल प्रबन्ध का जिम्मा सदा आपके जिम्मे रहा। इसके इलावा कीरतपुर साहिब चलते विशाल दवाखाने में आने वाले मरीजों की देखभाल भी आप स्वयं करते थे। हर कोई आप जी के सम्मानता वाले स्वभाव, मीठा बोलना (मधुरभाषी) और नम्रता वाले स्वभाव कारण आप जी की तारीफ करता नहीं थकता था।

जानूनी मुसलमानों की उकसाहट में आकर दिल्ली के बादशाह औरंगज़ेब ने दारा शिकोह की मदद के इलज़ाम में गुरू हरिराय साहिब जी को दिल्ली बुलाया। औरंगज़ेब की तसल्ली कराने के लिए हरिराय साहिब जी ने अपने बड़े साहिबज़ादे बाबा रामराय को कुछ मुख सिखों समेत दिल्ली भेजा। बाबा राम राय को हकूमत खरीदने में कामयाब हो गई। क्योंकि हकूमत जानती थी कि गुरूघर को कमज़ोर किए बिना सारा हिन्दुस्तान मुसलमान नहीं बनाया जा सकता। इस लिए जब गुरू हरिराय जी जोती–जोत समाए तो गुरगद्धी छोटे पुत्र गुरू हरि कृष्ण जी को सौंप दी गई। आपजी ने गुरू हुक्म समझ कर पांच साल के गुरू हरि कृष्ण जी के साथ गुरगद्धी की जिम्मेबारी संभालने के लिए तैयारी कर ली।

अन्त में हम यहीं कह सकते हैं कि आप जी के जीवन को सिक्खी का गूढ़ा रंग चड़ा हुआ था। आप गुरू घर से अपने सारे रिश्तों को निभाने से भी बढ़कर एक गुरसिक्ख के रिशते को निभाते थे। सिक्ख औरत के लिए आप जी का जीवन एक प्रकाश स्तंम्भ है।

–0–

ਸਾਡੀ ਖੇਤੀ

# ਮਸ਼ੀਨੀ ਖੇਤੀ ਤੋਂ ਪੈਦਾ ਹੋਣ ਵਾਲ਼ਾ ਪ੍ਰਦੂਸ਼ਣ

ਦੇਸ਼ ਵਿਚ ਕਣਕ ਦੀ ਪੈਦਾਵਾਰ ਦਾ 60% ਤੇ ਧਾਨ ਦਾ 40% ਪੰਜਾਬ ਵਿਚ ਰਸਾਇਣਾਂ ਦੀ ਖ਼ੁਰਾਕ ਨਾਲ਼ ਪੈਦਾ ਹੁੰਦਾ ਹੈ। ਮੰਗ ਦੇ ਉਛਾਲ ਨਾਲ਼ ਸਿੱਝਣ ਲਈ ਅਸੀਂ ਅਪਣੇ ਬਜ਼ੁਰਗਾਂ ਤੋਂ ਮਿਲ਼ੇ ਕੁਦਰਤੀ ਵਾਤਾਵਰਣ ਤੰਤਰ ਨੂੰ ਅਲਵਿਦਾ ਕਹਿ ਦਿੱਤਾ ਹੈ। ਇਸ ਵਿਚ ਦਰੱਖ਼ਤਾਂ ਦੇ ਝੁੰਡ ਲਾਉਣਾ, ਪਸ਼ੂਆਂ ਦੀ ਫੋਕਟ ਸਮਗਰੀ 'ਤੇ ਆਧਾਰਿਤ ਜੈਵਿਕ ਖਾਦਾਂ ਦਾ ਉਪਯੋਗ, ਬਦਲਵੀਆਂ ਫ਼ਸਲਾਂ ਉਗਾਉਣਾ ਤੇ ਸਿੰਚਾਈ ਦੇ ਕੁਦਰਤੀ ਤਰੀਕਿਆਂ ਦਾ ਇਸਤੇਮਾਲ ਕਰਨਾ ਸ਼ਾਮਿਲ ਹੈ। ਪਰ ਅਜੋਕੀ ਮਸ਼ੀਨੀ ਖੇਤੀ ਨੇ ਮਿੱਟੀ ਦੀ ਗੁਣਵੱਤਾ ਨੂੰ ਪੂਰੀ ਤਰ੍ਹਾਂ ਵਿਗਾੜ ਕੇ ਰੱਖ ਦਿੱਤਾ ਹੈ।

ਰਸਾਇਣਿਕ ਖਾਧਾਂ, ਨਦੀਨ ਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਨੇ ਮਿੱਟੀ ਤੇ ਪਾਣੀ ਦੋਵਾਂ ਨੂੰ ਜ਼ਹਿਰੀਲਾ ਬਣਾਉਣ ਦੇ ਨਾਲ਼-ਨਾਲ਼ ਖੇਤੀ ਨੂੰ ਜੈਵਿਕ ਤੌਰ 'ਤੇ ਮਾਲਾ-ਮਾਲ ਕਰਨ ਵਾਲ਼ੇ ਜ਼ਰੂਰੀ ਤੱਤਾਂ ਤੋਂ ਮਹਿਰੂਮ ਕਰ ਦਿੱਤਾ ਹੈ। ਹੁਣ ਸਾਡੀ ਮਿੱਟੀ ਦੀ ਤਾਸੀਰ ਪੌਸ਼ਟਿਕਤਾ ਤੋਂ ਇਸ ਕਦਰ ਵਾਂਝੀ ਹੋ ਗਈ ਹੈ ਕਿ ਬਿਨਾ ਰਸਾਇਣਾਂ ਦੇ ਸਹਾਰੇ ਤੋਂ ਹੁਣ ਇਹ ਅਪਣੇ ਬਲਬੂਤੇ ਕੁਝ ਵੀ ਉਪਜਾਉਣ ਜੋਗੀ ਨਹੀਂ ਰਹੀ। ਫ਼ਸਲਾਂ ਦੀਆਂ ਬੀਮਾਰੀਆਂ 'ਤੇ ਵੀ ਹੁਣ ਰਸਾਇਣ ਅਸਰ ਦਿਖਾਉਣੋ ਹਟ ਗਏ ਹਨ, ਜਿਸ ਕਰ ਕੇ ਹੋਰ ਵੀ ਮਹਿੰਗੇ ਨਵੀਂ ਕਿਸਮ ਦੇ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ।

ਰਸਾਇਣਾਂ ਦੇ ਜ਼ਿਆਦਾ ਇਸਤੇਮਾਲ ਤੇ ਇਨ੍ਹਾਂ ਦੇ ਧਰਤੀ 'ਚ ਸਮਾਉਣ ਨਾਲ਼ ਕਈ ਧਰਤੀ ਹੇਠਲੇ ਪਾਣੀ ਦੇ ਉਚੇਰੇ ਪੱਧਰ ਵਾਲ਼ੇ ਜ਼ਿਲਿਆਂ ਦਾ ਭੂਮੀਗਤ ਪਾਣੀ ਸਲੂਣਾ ਤੇ ਜ਼ਹਿਰੀਲਾ ਹੋ ਗਿਆ ਹੈ। ਮਾਨਸਾ ਤੇ ਫ਼ਰੀਦਕੋਟ ਜ਼ਿਲਿਆਂ ਦੇ ਕਈ ਪਿੰਡ ਵਾਸੀਆਂ ਨੂੰ ਹਾਲੇ ਹੀ ਪਾਣੀ ਦੂਰ-ਦੁਰੇਡਿਉਂ ਲਿਆਉਣਾ ਪੈਂਦਾ ਹੈ।





ਕਣਕ ਦੀ ਬਿਜਾਈ ਵਾਸਤੇ ਥਾਂ ਬਣਾਉਣ ਲਈ ਪਰਾਲ਼ੀ ਦੇ ਸਾੜਨ ਨਾਲ਼ ਭੋਇੰ ਦਾ ਜੈਵਿਕ ਮਾਦਾ ਹੋਰ ਘਟਦਾ ਜਾਂਦਾ ਹੈ ਤੇ ਹਵਾ ਵਿਚ ਕਾਰਬਨ ਘੁਲ਼ਦੀ ਜਾਂਦੀ ਹੈ। ਕੁਝ ਕਿਸਾਨ ਧਾਨ ਵਾਸਤੇ ਥਾਂ ਬਣਾਉਣ ਲਈ ਕਣਕ ਦੇ ਨਾੜ ਨੂੰ ਵੀ ਸਾੜਦੇ ਹਨ। ਜਿਨ੍ਹਾਂ ਦਿਨਾਂ ਵਿਚ ਪਰਾਲ਼ੀ ਸਾੜੀ ਜਾਂਦੀ ਹੈ, ਉਨ੍ਹਾਂ ਦਿਨਾਂ ਵਿਚ ਕਈ ਨਵ-ਜੰਮੇ ਜਵਾਕ ਦਿਮਾਗ਼ੀ ਨਿਰਯੋਗਤਾ ਦਾ ਸ਼ਿਕਾਰ ਹੁੰਦੇ ਹਨ, ਕਿਉਂਕਿ ਲਗਾਤਾਰ ਕਿੰਨੇ ਹੀ ਦਿਨ ਉਨ੍ਹਾਂ ਨੂੰ ਸਾਹ ਲੈਣ ਲਈ ਪੂਰੀ ਮਿਕਦਾਰ ਵਿਚ ਔਕਸੀਜਨ ਨਹੀਂ ਮਿਲਦੀ। ਬਾਲਗ਼ਾਂ ਨੂੰ ਵੀ ਫੇਫੜਿਆਂ ਦੀਆਂ ਬਿਮਾਰੀਆਂ ਹੋ ਰਹੀਆਂ ਹਨ।

ਰਸਾਇਣਕ ਖੇਤੀ ਤੋਂ ਪੈਦਾ ਹੋਣ ਵਾਲ਼ੇ ਪਾਣੀ ਤੇ ਹਵਾ- ਦੋਵਾਂ ਦੇ ਪ੍ਰਦੂਸ਼ਣ ਕਾਰਣ ਪੰਜਾਬ ਵਿਚ ਕੈਂਸਰ ਦੀ ਵਬਾ ਬੜੀ ਭਿਆਨਕ ਦਰ ਨਾਲ਼ ਫੈਲ ਰਹੀ ਹੈ।

ਮਿੱਟੀ ਵਿੱਚੋਂ ਜ਼ਿਆਦਾ ਅਤੇ ਤੇਜ਼ੀ ਨਾਲ਼ ਪੈਦਾਵਾਰ ਕੱਢਣ ਦੇ ਮਕਸਦ ਵਾਸਤੇ ਖੇਤੀਬਾੜੀ ਯੂਨੀਵਰਸਿਟੀਆਂ ਦਾ ਜਨਮ ਹੋਇਆ। ਜ਼ਿਆਦਾ ਕੱਢਣ ਵਾਲ਼ੇ ਨੂੰ 'ਅਗਾਂਹਵਧੂ' ਸ਼ਬਦ ਨਾਲ਼ ਸਨਮਾਨਿਆ ਗਿਆ। ਪਿਛਲੇ ਪੰਜਾਹ ਸਾਲਾਂ ਵਿਚ ਅਸੀਂ ਮਿੱਟੀ ਵਿਚੋਂ ਐਨੇ ਤੱਤ ਕੱਢ ਲਏ ਹਨ ਕਿ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਪੈਦਾ ਕੀਤੇ ਭੋਜਨ ਵਿਚ ਖ਼ੁਰਾਕੀ ਤੱਤ ਨਹੀਂ ਸਿਰਫ਼ ਰਸਾਇਣ ਤੇ ਬੀਮਾਰੀਆਂ ਹੀ ਹੋਣਗੀਆਂ। ਹੁਣ ਸਾਨੂੰ ਜ਼ਿਆਦਾ ਅਤੇ ਤੇਜ਼ੀ ਨਾਲ਼ ਕੱਢਣ ਦੀ ਬਜਾਏ ਸੰਜਮ ਅਤੇ ਸਮਝਦਾਰੀ ਨਾਲ਼ ਕੱਢਣਾ ਹੋਵੇਗਾ। ਸਾਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਸਾਡੀ ਤਰਜੀਹ ਸਿਹਤ ਹੈ ਜਾਂ ਮੁਨਾਫ਼ਾ ਤੋਂ ਹਸਪਤਾਲ।

**ਹੱਲ**

- ਆਪਣੀ ਸਿਹਤ ਬਚਾਉਣ ਤੇ ਮਿੱਟੀ ਨੂੰ ਖ਼ੁਰਾਕ ਉਪਜਾਉਣ ਜੋਗੀ ਰੱਖਣ ਲਈ ਤਰੀਕੇ-ਵਾਰ ਜੈਵਿਕ ਤੇ ਕੁਦਰਤੀ ਖੇਤੀ ਵਲ ਨੂੰ ਮੋੜਾ ਪਾਉਣਾ ਇੱਕੋ-ਇਕ ਰਾਹ ਹੈ। ਇਹਦੇ ਲਈ ਖੇਤਾਂ ਵਿਚ ਦਰੱਖ਼ਤਾਂ ਦੇ ਝੁੰਡ ਲਾਉਣਾ, ਘਰਾਂ 'ਚੋਂ ਪੈਦਾ ਹੋਣ ਵਾਲ਼ੇ ਤੇ ਡੰਗਰਾਂ ਦੇ ਫੋਕਟ ਪਦਾਰਥ ਨੂੰ ਖਾਦ ਵਿਚ ਵਟਾ ਕੇ ਇਸਤੇਮਾਲ ਕਰਨਾ ਨਿਹਾਇਤ ਜ਼ਰੂਰੀ ਹੈ।
- ਕਣਕ-ਚੌਲ਼ਾਂ ਦੀ ਖੇਤੀ ਵਾਲ਼ੇ ਪਾਸਿਉਂ ਪਾਸਾ ਵੱਟ ਕੇ ਅਪਣੇ ਬਜ਼ੁਰਗਾਂ ਵਾਲ਼ੀਆਂ ਰਵਾਇਤੀ ਫ਼ਸਲਾਂ ਵੱਲ ਮੁੜਨ ਨਾਲ਼ ਵਧੇਰੇ ਪਾਣੀ ਤੇ ਰਸਾਇਣਕ ਖਾਦਾਂ, ਦੋਵਾਂ ਤੋਂ ਖਹਿੜਾ ਛੁੱਟੇਗਾ।
- ਸਾੜਨ ਦੀ ਬਜਾਏ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਦੀ ਮਿੱਟੀ ਵਿਚ ਹੀ ਮਿਲ਼ਾ ਦੇਣ ਨਾਲ਼ ਮਿੱਟੀ ਦੀ ਸਮਰੱਥਾ ਵੀ ਵਧੇਗੀ ਤੇ ਪ੍ਰਦੂਸ਼ਣ ਵੀ ਘਟੇਗਾ। ਤੁਹਾਡੀ ਪੰਚਾਇਤ ਤੇ ਜ਼ਿਲਾ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਪੂਰੇ ਪਿੰਡ ਲਈ ਰੋਟਾਵੇਟਰ, ਮਲਚਰ ਤੇ ਸੀਡਰ ਵਗ਼ੈਰਾ ਸਮਾਨ ਦਾ ਬੰਦੋਬਸਤ ਕਰਾਕੇ ਬੀਜਾਂ ਨੂੰ ਨਾੜ ਦੇ ਨਾਲ਼ ਹੀ ਮਿੱਟੀ ਵਿਚ ਮਿਲ਼ਾਉਣ ਵਿਚ ਸਹਾਇਤਾ ਕਰੋ। ਕਣਕ ਦਾ ਨਾੜ ਡੰਗਰਾਂ ਲਈ ਬਹੁਤ ਵਧੀਆ ਖ਼ੁਸ਼ਕ ਚਾਰੇ ਦਾ ਸਾਧਨ ਬਣਦਾ ਹੈ। ਝੋਨੇ ਤੇ ਕਣਕ ਦੀ ਰਹਿੰਦ-ਖੂੰਹਦ ਬਾਇਉਗੈਸ ਤਿਆਰ ਕਰਨ, ਪਸ਼ੂਆਂ ਦੇ ਥੱਲੇ ਵਿਛਾਉਣ, ਕਾਗ਼ਜ਼ ਤਿਆਰ ਕਰਨ, ਖੁੰਬਾਂ ਦੀ ਖੇਤੀ ਕਰਨ ਤੇ ਖਾਦ ਬਣਾਉਣ ਵਰਗੇ ਕੁਝ ਹੋਰ ਕੰਮਾਂ ਲਈ ਵੀ ਇਸਤੇਮਾਲ ਹੋ ਸਕਦੀ ਹੈ। ਸੋ, ਪਰਾਲ਼ੀ ਦੇ ਇਸਤੇਮਾਲ ਲਈ ਇਕ ਕਾਰਜ ਸਮਿਤੀ ਅਪਣੇ ਪਰਿਵਾਰਾਂ ਤੇ ਪਿੰਡ ਨੂੰ ਨਾਲ਼ ਲੈ ਕੇ ਅਗਾਊਂ ਹੀ ਬਣਾ ਲਈ ਜਾਵੇ।

**(ਨਵਾਂ ਨਰੋਆ ਪੰਜਾਬ ਪੁਸਤਕ ਵਿਚੋਂ)**

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ

**1. ਤਰਨਤਾਰਨ (94654-93275)-** ਕੇਂਦਰ ਦੇ ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਇੱਕ ਸਕੂਲ ਅਤੇ 3 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਸਿੱਖਿਆ ਦੇ ਨਾਲ-ਨਾਲ ਨੈਤਿਕ ਸਿੱਖਿਆ ਵੀ ਦਿੱਤੀ ਜਾਂਦੀ ਹੈ। ਪੱਟੀ ਸ਼ਹਿਰ, ਚੰਬਲ ਪਿੰਡ ਅਤੇ ਪਿੰਡ ਕਲੇਰ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ।

**2. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**3. ਭੈਲ ਢਾਏ ਵਾਲਾ (ਤਰਨਤਾਰਨ) (73476-95174)-** ਕੇਂਦਰ ਦੇ ਪ੍ਰਚਾਰਕ ਭਾਈ ਹਰਦੀਪ ਸਿੰਘ ਵਲੋਂ ਖਾਲਸਾ ਸਾਜਨਾ ਦਿਵਸ ਮੌਕੇ 'ਤੇ ਸੰਗਤ ਵਲੋਂ ਸੁਖਮਨੀ ਸਾਹਿਬ ਪਾਠ ਉਪਰੰਤ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜਰੀ ਭਰੀ।

**ਮਾਲਵਾ:-**

**4. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ-ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਸਕੂਲ ਵਿੱਚ ਬੱਚਿਆਂ ਨੂੰ ਸਹਿਜ ਪਾਠ ਨਾਲ ਜੋੜਿਆ ਜਾਂਦਾ ਹੈ। ਵਿਸਾਖੀ ਦੇ ਸਮਾਗਮ ਕਰਵਾਏ ਗਏ, ਜਿਸ ਵਿੱਚ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ ਅਤੇ ਲੈਕਚਰ ਪੇਸ਼ ਕੀਤੇ ਗਏ। ਸਕੂਲ ਵਲੋਂ ਦਸਤਾਰ ਮੁਕਾਬਲੇ ਕਰਵਾਏ ਗਏ ਤੇ ਪੰਗਤੀਆਂ ਸਲੋਕ ਤੇ ਸ਼ਬਦ ਦੇ ਅਰਥ ਸੁਣੇ ਗਏ। ਜੋਤੀ ਜੋਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਅਤੇ ਪ੍ਰਕਾਸ਼ ਪੁਰਬ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਬੰਧੀ ਅਸੈਂਬਲੀ ਵਿੱਚ ਲੈਕਚਰ ਕੀਤੇ ਗਏ। 128 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ, 15 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ ਵਿਦਿਆਰਥੀਆਂ ਦੀ ਦਸਤਾਰ ਸਜਾਉਣ ਦੀ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਕੇਂਦਰ ਦੇ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ। ਸ਼ਾਮ ਸਮੇਂ ਨਵੇਂ ਬੱਚੇ ਅਤੇ ਬੀਬੀਆਂ ਦੀ ਨਿਤਨੇਮ ਸੰਥਿਆ ਕਲਾਸ ਸ਼ੁਰੂ ਕੀਤੀ ਗਈ। ਦਸਤਾਰ ਸਜਾਉਣ ਦੀ ਸਿਖਲਾਈ, ਸੰਥਿਆ, ਨਿਤਨੇਮ ਦੀਆਂ ਕਲਾਸਾਂ ਲਗਾਤਾਰ ਚਲ ਰਹੀਆਂ ਹਨ।

**6. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਸ਼ਾਮ ਦੇ ਦੀਵਾਨਾਂ ਦੀ ਹਾਜਰੀ (ਸੇਵਾ) ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸੁ ਸਾਹਿਬ, ਅਰਦਾਸ, ਹੁਕਮਨਾਮਾ ਸਾਹਿਬ ਅਤੇ ਸੁਖਆਸਣ ਦੀ ਸੇਵਾ ਆਦਿ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਮੁੱਖ ਰਖਦਿਆਂ ਗੁਰਦੁਆਰਾ ਸਾਹਿਬ ਵਿਖੇ ਬੀਬੀਆਂ ਅਤੇ ਬੱਚਿਆਂ ਵਲੋਂ ਹਰ ਰੋਜ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।

**7. ਮਹਾਂ ਸਿੰਘ ਨਗਰ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸ਼ਾਮ ਵੇਲੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ-ਨਾਲ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਰਹਿਰਾਸੁ ਸਾਹਿਬ ਦਾ ਪਾਠ ਵੀ ਕੰਠ ਕਰਵਾਇਆ ਜਾਂਦਾ ਹੈ। 3 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**8. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 12 ਸਕੂਲਾਂ ਵਿੱਚ ਗੁਰਮਤਿ ਅਤੇ ਨੈਤਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 5 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ। ਪਿੰਡ ਰਾਏਕੋਟ ਵਿਖੇ ਲਗਾਏ ਗਏ ਗੁਰਮਤਿ ਕੈਂਪ ਵਿੱਚ ਹਾਜਰੀ ਭਰੀ ਗਈ। 20 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 5 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ।

**ਦੁਆਬਾ:-**

**9. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਲੁਹਾਰਾ ਦੇ ਬੱਚਿਆਂ ਨੂੰ ਅਨੰਦਪੁਰ ਸਾਹਿਬ ਦੀ ਯਾਤਰਾ ਕਰਵਾਈ ਗਈ। ਗੁਰਦੁਆਰਾ ਸ਼ਹੀਦਾਂ ਸਿੰਘਾਂ ਪਿੰਡ ਲਸਾੜਾ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਬੱਚਿਆਂ ਵਲੋਂ ਕਵਿਤਾਵਾਂ ਗਾਇਨ ਕੀਤੀਆਂ ਗਈਆਂ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**10. ਚੱਕ ਸਿੰਘਾ (98553-99892)-** ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਹਰ ਰੋਜ ਨਿਤਨੇਮ ਅਤੇ ਹੁਕਮਨਾਮੇ ਦੀ ਕਥਾ-ਵੀਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਫਤਾਵਾਰੀ ਗੁਰਮਤਿ ਸਮਾਗਮ ਕੀਤੇ ਜਾਂਦੇ ਹਨ। ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਪਿੰਡਾਂ ਵਿੱਚ ਕਥਾ-ਵੀਚਾਰ ਕੀਤੀ ਗਈ।

**11. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**



ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਵਿਖੇ ਹਰ ਰੋਜ ਗੁਰਬਾਣੀ ਨਿਤਨੇਮ ਦੇ ਪਾਠ ਕਰਨ ਤੋਂ ਉਪਰੰਤ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ ਜਾਂਦੀ ਹੈ। ਕੇਂਦਰ ਵਿਖੇ 2 ਗੁਰਦੁਆਰਿਆਂ ਵਿਖੇ ਗੁਰਮਤਿ ਕਲਾਸ ਅਤੇ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਕਲਾਸ ਦੇ ਨਾਲ-ਨਾਲ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ। ਹਰ ਰੋਜ ਸ਼ਾਮ ਨੂੰ ਨੌਜਵਾਨ ਵੀਰਾਂ ਤੇ ਵੱਡੀ ਸੰਗਤ ਦੀ ਕਲਾਸ ਵੀ ਲਗਾਈ ਜਾਂਦੀ ਹੈ।

**12. ਦੇਵੀਦਾਸ (89687-22872)-** ਕੇਂਦਰ ਦੇ ਪ੍ਰਚਾਰਕ ਭਾਈ ਜਸਕਰਨ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਸ਼ਾਮ ਨੂੰ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਵਿੱਚ ਨਿਤਨੇਮ ਦੀ ਬਾਣੀ ਦੀ ਸੰਥਿਆ ਕਰਵਾਈ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**13. ਡਰੋਲੀ ਖੁਰਦ (98774-95935)-** ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਪ੍ਰੀਤ ਸਿੰਘ ਵਲੋਂ ਪਿੰਡ ਡਰੋਲੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਵਿਸਾਖੀ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕੀਤਾ ਗਿਆ। ਹਰ ਐਤਵਾਰ ਨੂੰ ਬੱਚਿਆਂ ਦੀਆਂ ਗੁਰਬਾਣੀ ਸ਼ੁੱਧ ਉਚਾਰਣ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**14. ਗਲੋਟੀ (95010-81353)-** ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜਾਨਾ ਕਥਾ-ਵਿਚਾਰ ਕੀਤੀ ਜਾਂਦੀ ਹੈ। ਖਾਲਸਾ ਪ੍ਰਗਟ ਦਿਵਸ ਮੌਕੇ ਅੰਮ੍ਰਿਤ ਵੇਲੇ ਸੰਗਤ ਨਾਲ ਲੜੀਵਾਰ ਕਥਾ ਦੌਰਾਨ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਗਈਆਂ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**16. ਜਰਮਨ (0049 1631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**17. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**18. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**19. ਇੰਫਾਲ (ਮਨੀਪੁਰ) -** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**20. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ : ਅਦਾਰਾ 'ਗੁਰਮਤਿ ਵਿਰਸਾ'

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਪਿੰਡ ਮੁਹੰਮਦਪੁਰ, ਮੇਰਠ (ਯੂ.ਪੀ) ਵਿਖੇ ਕਾਲਜ ਵਲੋਂ ਗੁਰਮਤਿ ਕੈਂਪ ਲਗਾਇਆ ਗਿਆ



ਗਿਆਨ ਸਿੰਘ ਪਬਲਿਕ ਸਕੂਲ, ਤਰਖਾਣਵਾਲਾ (ਕਪੂਰਥਲਾ) ਵਿਖੇ ਗੁਰਮਤਿ ਕੈਂਪ ਦੌਰਾਨ ਲਗਾਈ ਜਾ ਰਹੀ ਕਲਾਸ।



ਦਸਮੇਸ਼ ਹਾਈ ਸਕੂਲ, ਅੱਟੀ (ਜਲੰਧਰ) ਵਿਖੇ ਗੁਰਮਤਿ ਕੈਂਪ ਦੌਰਾਨ ਲਗਾਈ ਜਾ ਰਹੀ ਕਲਾਸ।



ਕੇਂਦਰ ਅੱਪਰਾ ਵੱਲੋਂ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਰੁੜਕਾ ਖੁਰਦ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਕੇਂਦਰ ਅੱਪਰਾ ਵੱਲੋਂ ਪੰਜਾਬ ਅਕੈਡਮੀ ਬੜਾ ਪਿੰਡ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਅਮਰਾਵਤੀ (ਮਹਾਂਰਾਸ਼ਟਰ) ਵਿਖੇ ਗੁਰਦੁਆਰਾ ਸਾਹਿਬ 'ਚ ਲੱਗ ਰਿਹਾ ਬੱਚਿਆਂ ਦਾ ਗੁਰਮਤਿ ਕੈਂਪ







ਕੇਂਦਰ ਮਹਾਂਸਿੰਘਨਗਰ (ਲੁਧਿਆਣਾ) ਵੱਲੋਂ ਸਾਈਂ ਪਬਲਿਕ ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ। ਕਾਲਜ ਦੀ ਸਾਰੀ ਟੀਮ ਵਲੋਂ ਕੈਂਪ ਵਿਚ ਸ਼ਿਰਕਤ ਕੀਤੀ ਗਈ।
ਸਕੂਲ ਪ੍ਰਿੰਸੀਪਲ, ਸਕੂਲ ਮੈਨੇਜਿੰਗ ਡਾਇਰੈਕਟਰ ਅਤੇ ਕੌਂਸਲਰ ਸਰੋਜ ਮੰਨਣ ਅਤੇ ਪ੍ਰੈਜ਼ੀਡੈਂਟ ਡਾ. ਦੀਪਕ ਮੰਨਣ ਨੂੰ ਕੈਪਟਨ ਅਵਤਾਰ ਸਿੰਘ ਕਾਲਜ ਵਲੋਂ ਸਨਮਾਨਤ ਕਰਦੇ ਹੋਏ।




ਕੇਂਦਰ ਮਹਾਂਸਿੰਘਨਗਰ (ਲੁਧਿਆਣਾ) ਵਿਖੇ ਸਾਈਂ ਪਬਲਿਕ ਸਕੂਲ ਵਿਖੇ ਲੱਗੇ ਗੁਰਮਤਿ ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਨਾਰੰਗਵਾਲ ਵਲੋਂ ਨਰਸਿੰਗ ਕਾਲਜ ਦਾਖਾ ਵਿਖੇ ਲੱਗ ਰਹੀ ਵਿਦਿਆਰਥਣਾਂ ਦੀ ਗੁਰਮਤਿ ਕਲਾਸ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਦਾਖਲਾ ਸ਼ੁਰੂ ਹੈ




## ਗੁਰਮਤਿ ਕੋਰਸ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ

# ਦਾਖਲਾ ਨੋਟਿਸ

ਸੈਸ਼ਨ 2026-2029

ਪੜ੍ਹਾਈ ਮੁਫ਼ਤ

ਰਿਹਾਇਸ਼ ਮੁਫ਼ਤ

ਖਾਣਾ ਮੁਫ਼ਤ

ਹੋਰ ਜ਼ਰੂਰੀ ਚੀਜ਼ਾਂ

## ਕਥਾ ਵਾਚਕ, ਰਾਗੀ, ਪ੍ਰਚਾਰਕ ਅਤੇ ਗ੍ਰੰਥੀ ਸਿੰਘ ਬਣਨ ਵਾਸਤੇ

# ਤਿੰਨ ਸਾਲਾ ਡਿਪਲੋਮਾ ਕੋਰਸ

(2½ ਸਾਲ ਕਾਲਜ ਵਿਖੇ ਅਤੇ 6 ਮਹੀਨੇ ਫੀਲਡ ਟ੍ਰੇਨਿੰਗ) ਲਈ ਦਾਖਲਾ ਸ਼ੁਰੂ ਹੈ।

(ਜਿਸ ਵਿਚ ਗੁਰਬਾਣੀ ਸੰਥਿਆ, ਸਿੱਖ ਇਤਿਹਾਸ, ਫਿਲਾਸਫੀ, ਸਿੱਖ ਰਹਿਤ ਮਰਿਯਾਦਾ, ਕਥਾ-ਕੀਰਤਨ ਆਦਿ ਵਿਸ਼ਿਆਂ 'ਤੇ ਮੁਹਾਰਤ ਹਾਸਲ ਕਰਵਾਈ ਜਾਂਦੀ ਹੈ।)

**ਯੋਗਤਾ** : 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ। **ਉਮਰ** : 18 ਤੋਂ 28 ਸਾਲ।

**ਦਾਖਲਾ ਮਿਤੀ (ਲੜਕੇ) : 1 ਅਪ੍ਰੈਲ ਤੋਂ 6 ਜੁਲਾਈ 2026 ਤਕ**

ਦਾਖਲੇ ਵਾਲੇ ਚਾਹਵਾਨ ਉਮੀਦਵਾਰ ਆਨ-ਲਾਇਨ ਵੀ ਅਪਲਾਈ ਕਰ ਸਕਦੇ ਹਨ। ਦਾਖਲੇ ਦਾ ਆਖਰੀ ਦਿਨ 6 ਜੁਲਾਈ 2026 ਸੋਮਵਾਰ ਹੈ, ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤਕ, ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ 2 ਫੋਟੋਆਂ ਲੈ ਕੇ ਆਪਣੇ ਖਰਚੇ ਉੱਤੇ ਕਾਲਜ ਦੇ ਪਤੇ 'ਤੇ ਪਹੁੰਚ ਸਕਦੇ ਹਨ।

ਆਨ-ਲਾਇਨ ਦਾਖਲਾ ਫਾਰਮ ਭਰਨ ਲਈ QR Code ਸਕੈਨ ਕਰੋ

**ਨੋਟ**
1. ਯੋਗ ਵਿਦਿਆਰਥੀਆਂ ਨੂੰ ਟ੍ਰੇਨਿੰਗ ਉਪਰੰਤ ਯੋਗ ਥਾਂਵਾਂ 'ਤੇ ਪ੍ਰਚਾਰਕ ਨਿਯੁਕਤ ਕੀਤਾ ਜਾਂਦਾ ਹੈ।
2. ਗੁਰਮਤਿ ਕੋਰਸ ਕਰ ਚੁੱਕੇ ਪ੍ਰਚਾਰਕ ਵੀਰ ਸੇਵਾ ਲਈ ਸੰਪਰਕ ਕਰ ਸਕਦੇ ਹਨ।

ਦਾਖਲਾ ਫੀਸ 2000/-
ਕਿਤਾਬਾਂ 3500/-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਜਵੱਦੀ, ਲੁਧਿਆਣਾ ਸੰਪਰਕ ਕਰੋ: 98146-35655, 99155-29725, 98555-98855

Email: gurmatgian@rediffmail.com Website: gurmatgian.org